## ਵਿਗਿਆਨ ਜੋਤ

**ਸਾਲ 12, ਅੰਕ 2**

ਮਾਰਚ-ਅਪ੍ਰੈਲ, 2017

**PUNPUN/2006/17457**



ਮੁੱਖ ਸੰਪਾਦਕ:
ਮੇਘ ਰਾਜ ਮਿੱਤਰ

ਸੰਪਾਦਕ:
ਅਜਮੇਰ ਸਿੱਧੂ
ਸੁਰਜੀਤ ਗੱਗ

ਮੁੱਖ ਪ੍ਰਬੰਧਕ:
ਅਮਿੱਤ ਮਿੱਤਰ

ਸੰਪਾਦਕੀ ਬੋਰਡ
* ਰਾਜਾ ਰਾਮ ਹੰਢਿਆਇਆ
* ਮੇਘ ਰਾਜ ਰੱਲਾ
* ਸਰਜੀਤ ਤਲਵਾਰ
* ਗੁਰਪ੍ਰੀਤ ਮੱਲੋਕੇ
* ਮਨਿੰਦਰ ਰੰਧਾਵਾ
* ਨਗਿੰਦਰ ਮਾਨਾਂ

ਸਲਾਹਕਾਰੀ ਬੋਰਡ
* ਡਾ. ਹਰੀਸ਼ ਮਲਹੋਤਰਾ ਬਰਮਿੰਘਮ
* ਅਵਤਾਰ ਨਿਊਜ਼ੀਲੈਂਡ
* ਡਾ. ਵਿਸ਼ਾਲ ਭਾਰਤੀ (ਐਮ.ਡੀ.)



ਦਰ ਚੰਦਾ

| | |
|---|---|
| ਸਲਾਨਾ ਚੰਦਾ | 100/- |
| ਦੋ ਸਾਲਾਂ ਦਾ ਚੰਦਾ | 150/- |
| ਪੰਜ ਸਾਲ ਲਈ | 350/- |
| ਵਿਦੇਸ਼ਾਂ ਲਈ ਸਲਾਨਾ ਚੰਦਾ | 500/- |
| ਵਿਦੇਸ਼ਾਂ 'ਚ ਪੰਜ ਸਾਲ ਲਈ | 2000/- |



ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ:
ਅਮਿੱਤ ਮਿੱਤਰ
ਤਰਕਸ਼ੀਲ ਨਿਵਾਸ, ਕੱਚਾ ਕਾਲੇਜ ਰੋਡ,
ਗਲੀ ਨੰਬਰ 8, ਬਰਨਾਲਾ-148101
ਫ਼ੋਨ 01679-241744
Email : tarksheel@gmail.com



ਨੋਟ ਸਿੱਖਿਆ ਵਿਭਾਗ ਵੱਲੋਂ 'ਵਿਗਿਆਨ ਜੋਤ' ਸਕੂਲਾਂ ਲਈ ਪ੍ਰਵਾਨਿਤ ਹੈ

ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਹੁਕਮ ਨੰਬਰ 4/2-2003 ਮਿਤੀ 2-5-2003 ਐਡੀਟਰ ਪੰਜਾਬੀ ਰਾਹੀਂ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨਿਤ ਹੈ।

ਵਿਸ਼ੇਸ਼ ਨੋਟ : ਕਿਸੇ ਵੀ ਤਰ੍ਹਾਂ ਦਾ ਵਾਦ ਵਿਵਾਦ ਸਿਰਫ਼ ਬਰਨਾਲਾ ਦੀ ਅਦਾਲਤ ਵਿੱਚ ਨਜਿੱਠਿਆ ਜਾਵੇਗਾ।


ਸੰਪਾਦਕੀ

# ਵਿਗਿਆਨ ਜੋਤ ਦੇ 20 ਸਾਲ ਪੂਰੇ ਹੋਣ ਤੇ

**ਮਾਰਚ 97** ਤੋਂ 'ਵਿਗਿਆਨ ਜੋਤ' ਲਗਾਤਾਰ 20 ਵਰਿਆਂ ਤੋਂ ਪਾਠਕਾਂ ਦੀ ਕਚਹਿਰੀ ਵਿੱਚ ਆਪਣੀ ਹਾਜ਼ਰੀ ਲਾ ਰਿਹਾ ਹੈ। ਇਸ ਸਮੇਂ ਦੌਰਾਨ ਬਹੁਤ ਸਾਰੇ ਪਾਠਕਾਂ ਤੇ ਵਿਦਿਆਰਥੀਆਂ ਨੇ ਆਪਣੇ ਸੁਝਾਵਾਂ, ਵਿਚਾਰਾਂ ਅਤੇ ਸੁਆਲਾਂ ਰਾਹੀਂ ਸਮੱਗਰੀ ਤੇ ਦਿੱਖ ਨੂੰ ਸੁਆਰਿਆ ਹੈ। ਪਰ ਅਜੇ ਤੱਕ ਬ੍ਰਹਿਮੰਡ ਅਤੇ ਇਸ ਵਿੱਚ ਮੌਜੂਦ ਮਾਦੇ ਬਾਰੇ ਬਹੁਤ ਸਾਰੇ ਸੁਆਲ ਅਜਿਹੇ ਹਨ ਜਿਹਨਾਂ ਦੇ ਜੁਆਬ ਸਾਡੇ ਪਾਠਕਾਂ ਦੀ ਸਮਝ ਤੋਂ ਬਾਹਰ ਹਨ। ਸੋ ਮੈਂ ਆਪਣੀ ਸੰਪਾਦਕੀ ਰਾਹੀਂ ਇਹਨਾਂ ਵਰਤਾਰਿਆਂ ਨੂੰ ਸਮਝਣ ਲਈ ਕੁਝ ਸੁਝਾਅ ਜਾਂ ਅੱਟਲ ਸਚਾਈਆਂ ਪੇਸ਼ ਕਰ ਰਿਹਾ ਹਾਂ।




1. ਸਮੁੱਚਾ ਬ੍ਰਹਿਮੰਡ ਊਰਜਾ ਦਾ ਬਣਿਆ ਹੋਇਆ ਹੈ। ਸੰਸਾਰ ਦੀ ਹਰੇਕ ਵਸਤੂ ਵਿੱਚ ਊਰਜਾ ਹੈ। ਕਿਸੇ ਵਿੱਚ ਬਹੁਤੀ ਹੈ ਕਿਸੇ ਵਿੱਚ ਥੋੜ੍ਹੀ ਹੈ। ਊਰਜਾ ਦੇ ਰੂਪ ਵੱਖਰੇ-ਵੱਖਰੇ ਹਨ। ਕੋਈ ਠੋਸ, ਕੋਈ ਤਰਲ, ਕੋਈ ਗੈਸੀ ਤੇ ਕੋਈ ਅਣੂਆਂ ਦੇ ਰੂਪ ਵਿੱਚ ਹੈ। ਊਰਜਾ ਦੇ ਰੂਪ ਪ੍ਰੀਵਰਤਨਸ਼ੀਲ ਹਨ। ਸਮੁੱਚੇ ਰੂਪ ਵਿਚ ਊਰਜਾ ਨਾ ਪੈਦਾ ਹੁੰਦੀ ਹੈ ਤੇ ਨਾ ਹੀ ਨਸ਼ਟ ਹੁੰਦੀ ਹੈ। ਪ੍ਰਕਾਸ਼, ਧੁਨੀ, ਰਸਾਇਣਕ, ਚੁੰਬਕੀ, ਬਿਜਲੀ ਸਭ ਊਰਜਾ ਦੀਆਂ ਹੀ ਕਿਸਮਾਂ ਹਨ। ਇਸ ਊਰਜਾ ਵਿੱਚ ਲਗਾਤਾਰ ਹੀ ਪ੍ਰੀਵਰਤਨ ਹੋ ਰਿਹਾ ਹੈ।

2. ਹਰੇਕ ਕਾਰਜ ਦੇ ਵਾਪਰਨ ਦਾ ਕੋਈ ਨਾ ਕੋਈ ਕਾਰਨ ਹੁੰਦਾ ਹੈ। ਬ੍ਰਹਿਮੰਡ ਵਿੱਚ ਵਸਤੂਆਂ ਤੇ ਘਟਨਾਵਾਂ ਬੇਤਰਤੀਬੀਆਂ ਨਹੀਂ। ਇਨ੍ਹਾਂ ਵਿੱਚ ਵਿਸ਼ੇਸ਼ ਤਰਤੀਬ ਹੈ। ਬ੍ਰਹਿਮੰਡ ਵਿੱਚ ਖਰਬਾਂ ਰਹੱਸ ਹਨ। ਬਹੁਤ ਸਾਰਿਆਂ ਦੇ ਪਰਦੇ ਲਹਿ ਚੁੱਕੇ ਹਨ ਅਤੇ ਬਹੁਤ ਸਾਰਿਆਂ ਦੀ ਖੋਜ ਪੜਤਾਲ ਹੋਣੀ ਬਾਕੀ ਹੈ। ਅੱਜ ਧਰਤੀ ਤੇ ਕਰੋੜਾਂ ਵਿਗਿਆਨੀ ਇਹਨਾਂ ਦੇ ਖੋਜ ਕਾਰਜਾਂ ਵਿੱਚ ਲੱਗੇ ਹੋਏ ਹਨ। ਬਹੁਤ ਸਾਰੇ ਰਹੱਸਾਂ ਦੇ ਕਾਰਨਾਂ ਦਾ ਅਜੇ ਤੱਕ ਪਤਾ ਨਹੀਂ ਲੱਗ ਸਕਿਆ ਹੈ ਪਰ ਇਸਦਾ ਮਤਲਬ ਇਹ ਤਾਂ ਨਹੀਂ ਕਿ ਉਨ੍ਹਾਂ ਦਾ ਕੋਈ ਕਾਰਨ ਨਹੀਂ, ਕਾਰਨ ਹੈ ਪਰ ਅੱਜ ਇਹ ਸਾਡੀ ਸਮਝ ਤੋਂ ਬਾਹਰ ਹੈ। ਭਵਿੱਖ ਵਿੱਚ ਇਹ ਸਾਡੀ ਸਮਝ ਵਿੱਚ ਜ਼ਰੂਰ ਆਵੇਗਾ।

3. ਸਮਾਂ ਤੇ ਪੁਲਾੜ ਇੱਕ ਦੂਜੇ ਨਾਲ ਪੂਰੀ ਤਰ੍ਹਾਂ ਜੁੜੇ ਹੋਏ ਹਨ। ਬ੍ਰਹਿਮੰਡ ਦੀ ਹਰੇਕ ਘਟਨਾ ਜਾਂ ਤਾਂ ਸਮਕਾਲੀਨ ਹੈ ਜਾਂ ਇੱਕ ਦੂਜੇ ਤੋਂ ਪਹਿਲਾਂ ਜਾਂ ਪਿੱਛੋਂ ਵਾਪਰੀ ਹੈ। ਇਹ ਸਮਾਂ ਹੈ, ਸੰਸਾਰ ਦੀਆਂ ਸਾਰੀਆਂ ਵਸਤੂਆਂ ਆਕਾਰ, ਦਿਸ਼ਾ, ਰੂਪ, ਸ਼ਕਲ ਅਤੇ ਗਤੀ ਰਾਹੀਂ ਇੱਕ ਦੂਜੇ ਨਾਲ ਸਬੰਧਿਤ ਹਨ। ਬ੍ਰਹਿਮੰਡ ਦੀਆਂ ਇਹਨਾਂ ਵਸਤੂਆਂ ਦੇ ਆਪਸੀ ਸਬੰਧਾਂ ਨੂੰ ਪੁਲਾੜ ਦਾ ਨਾਂ ਦਿੱਤਾ ਜਾਂਦਾ ਹੈ।

ਸੋ ਉਪਰੋਕਤ ਤੱਥਾਂ ਤੇ ਡੂੰਘੀ ਵਿਚਾਰ ਤੋਂ ਬਾਅਦ ਅਸੀਂ ਹੇਠ ਲਿਖੇ ਨਤੀਜੇ ਤੇ ਪਹੁੰਚਦੇ ਹਾਂ।

(1) ਕੁਦਰਤ ਸਵੈ ਚਲਿਤ ਤੇ ਖੁਦ ਮੁਖਤਿਆਰ ਹੈ।

(2) ਨਾ ਕੋਈ ਸਿਰਜਣਹਾਰ ਹੈ ਤੇ ਨਾ ਕੋਈ ਸੀ ਨਾ ਹੀ ਉਸਦੀ ਸਿਰਜਣਾ।

(3) ਸ੍ਰਿਸ਼ਟੀ ਦਾ ਨਾਂ ਕੋਈ ਅੰਤ ਹੈ ਨਾ ਸ਼ੁਰੂਆਤ।

(4) ਬ੍ਰਹਿਮੰਡ ਅਨੰਤ ਹੈ, ਇਸਦੀ ਕੋਈ ਸੀਮਾ ਨਹੀਂ। ਸੀਮਾ ਸਿਰਫ਼ ਪਦਾਰਥ ਨਾਲ ਹੀ ਹੋ ਸਕਦੀ ਹੈ।

(5) ਪਦਾਰਥ ਨਾ ਤਾਂ ਪੈਦਾ ਹੁੰਦਾ ਹੈ ਨਾ ਹੀ ਨਸ਼ਟ।

(6) ਸੰਸਾਰ ਦੀ ਹਰੇਕ ਵਸਤੂ ਪਦਾਰਥ ਹੈ। ਜੋ ਪਦਾਰਥ ਨਹੀਂ ਉਸਦੀ ਹੋਂਦ ਹੀ ਨਹੀਂ।

**- ਮੇਘ ਰਾਜ ਮਿੱਤਰ**

# ਯਾਦਾਂ ਦੇ ਝਰੋਖੇ 'ਚੋਂ...



**ਮੇਘ ਰਾਜ ਮਿੱਤਰ**
ਫੋਨ ਨੰ: 98887-87440



### 1. ਗੋਰੇ ਜੋੜੇ ਦੇ ਕਾਲੇ ਬੱਚੇ

ਅਮਰੀਕਾ ਦੇ ਸ਼ਹਿਰ ਕੈਪਟਾਉਨ ਦੇ ਵਸਨੀਕ ਜਾਰਜ ਬੈਂਟਰ ਦੇ ਘਰ ਦੋ ਜੁੜਵੇਂ ਲੜਕਿਆਂ ਨੇ ਜਨਮ ਲਿਆ। ਪਰ ਹੈਰਾਨਗੀ ਇਸ ਗੱਲ ਦੀ ਹੋਈ ਕਿ ਜਾਰਜ ਬੈਂਟਰ ਤੇ ਉਸਦੀ ਘਰ ਵਾਲੀ ਲੀ ਦੋਵੇਂ ਗੋਰੇ ਰੰਗ ਦੇ ਹਨ। ਪਰ ਉਹਨਾਂ ਦੇ ਘਰ ਜਨਮ ਲੈਣ ਵਾਲੇ ਦੋਵੇਂ ਪੁੱਤਰ ਕਾਲੇ ਰੰਗ ਦੇ ਹਨ। ਜਾਰਜ ਬੈਂਟਰ ਦਾ ਕਹਿਣਾ ਹੈ ਕਿ ਉਸਨੂੰ ਆਪਣੀ ਪਤਨੀ ਤੇ ਪੂਰਾ ਵਿਸ਼ਵਾਸ ਹੈ। ਉਹ ਬੇਵਫਾ ਹੋ ਹੀ ਨਹੀਂ ਸਕਦੀ। ਇਸ ਗੋਰੇ ਦਾ ਕਹਿਣਾ ਹੈ ਕਿ ਨਾ ਤਾਂ ਮੇਰਾ ਅਤੇ ਨਾ ਹੀ ਮੇਰੀ ਪਤਨੀ ਦੇ ਖਾਨਦਾਨਾਂ ਦਾ ਕੋਈ ਕਾਲੇ ਲੋਕਾਂ ਨਾਲ ਵਾਸਤਾ ਸੀ ਤੇ ਨਾ ਹੀ ਹੈ। ਯਾਨਿ ਕਿ ਸਾਡੀ ਕੋਈ ਵੀ ਵਿਰਾਸਤ ਕਾਲੇ ਪਾਸਿਓਂ ਨਹੀਂ ਆਉਂਦੀ ਬਹੁਤ ਸਾਰੇ ਡਾਕਟਰਾਂ ਨੇ ਉਨ੍ਹਾਂ ਨੂੰ ਸਲਾਹ ਦਿੱਤੀ ਹੈ ਕਿ ਉਹ ਆਪਣੇ ਬੱਚਿਆਂ ਦਾ ਡੀ. ਐਨ. ਏ. ਟੈਸਟ ਕਰਵਾ ਲੈਣ ਤਾਂ ਜੋ ਪਤਾ ਲਗਾਇਆ ਜਾ ਸਕੇ। ਪਰ ਉਸ ਗੋਰੇ ਦਾ ਕਹਿਣਾ ਹੈ ਕਿ ਅਸੀਂ ਡੀ. ਐਨ. ਏ. ਟੈਸਟ ਨਹੀਂ ਕਰਵਾਵਾਂਗੇ ਸਾਨੂੰ ਇੱਕ ਦੂਜੇ ਤੇ ਵਿਸ਼ਵਾਸ ਹੈ। ਵਿਗਿਆਨਕ ਮੈਂਡਲ ਅਨੁਸਾਰ ਬੱਚਿਆਂ ਵਿੱਚ ਜੋ ਵੀ ਗੁਣ ਆਉਂਦੇ ਹਨ, ਉਸ ਵਿੱਚੋਂ ਅੱਧੇ ਮਾਂ ਤੇ ਪਿਉ ਵੱਲੋਂ ਆਉਂਦੇ ਹਨ, ਤੇ ਉਸਦੇ ਅੱਧੇ ਦਾਦਾ-ਦਾਦੀ ਤੇ ਨਾਨਾ-ਨਾਨੀ ਵੱਲੋਂ ਅਤੇ ਅੱਧਿਆ ਤੋਂ ਅੱਧੇ ਦੇ ਅੱਧੇ ਦਾਦਾ-ਦਾਦੀ ਤੇ ਨਾਨਾ-ਨਾਨੀ ਦੇ ਮਾਂ-ਬਾਪਾਂ ਵੱਲੋਂ ਆਉਂਦੇ ਹਨ। ਇਸ ਤਰ੍ਹਾਂ ਇਹ ਲੜੀ ਅੱਗੇ ਤੋਂ ਅੱਗੇ ਚੱਲਦੀ ਰਹਿੰਦੀ ਹੈ। ਇਸ ਕੇਸ ਵਿੱਚ ਵੀ ਅਜਿਹਾ ਹੋ ਸਕਦਾ ਹੈ। ਕਿ ਕਿਸੇ ਬਹੁਤ-ਬਹੁਤ ਦੂਰ ਦੇ ਮਾਂ-ਪਿਉ ਦੇ ਖਾਨਦਾਨ ਵਿੱਚ ਕੋਈ ਇੱਕ ਕਾਲਾ ਹੋਵੇ। ਮੇਰੇ ਇੱਕ ਵਿਦਿਆਰਥੀ ਦੇ ਵਾਲ ਭੂਰੇ ਰੰਗ ਦੇ ਸਨ ਅਤੇ ਮਾਂ ਤੇ ਬਾਪ ਦੇ ਵਾਲ ਕਾਲੇ ਰੰਗ ਦੇ ਸਨ ਪਰ ਉਨ੍ਹਾਂ ਦੀ ਦੂਰ ਦੀ ਵਿਰਾਸਤ ਵਿੱਚ ਕੋਈ ਨਾ ਕੋਈ ਗੋਰਾ ਅੰਗਰੇਜ਼ ਸੀ।

### 2. ਸਿੱਧੂ ਦੇ ਅੰਧਵਿਸ਼ਵਾਸ

ਸਿੱਧੂ ਭਾਰਤ ਦੀ ਕ੍ਰਿਕਟ ਟੀਮ ਦਾ ਵਧੀਆ ਖਿਡਾਰੀ ਰਿਹਾ ਹੈ। ਦਸੰਬਰ ਦੇ ਅੰਤ ਵਿੱਚ ਉਸਨੇ ਭਾਜਪਾ ਤੋਂ ਕਿਨਾਰਾ ਕਰ ਲਿਆ ਅਤੇ ਕਾਂਗਰਸ ਪਾਰਟੀ ਵਿੱਚ ਸ਼ਾਮਿਲ ਹੋ ਗਿਆ। ਪਹਿਲੇ ਹੀ ਦਿਨ ਜਦੋਂ ਉਸਨੇ ਚੰਡੀਗੜ੍ਹ ਵਿਖੇ ਆਪਣੀ ਵੋਟਾਂ ਸਬੰਧੀ ਪਹਿਲੀ ਪ੍ਰੈੱਸ ਕਾਂਨਫਰਸ ਕੀਤੀ ਤਾਂ ਉਸਨੇ ਆਪਣੇ ਹੱਥ ਵਿੱਚੋਂ ਇੱਕ ਲਿਫ਼ਾਫਾ ਕੱਢਿਆ ਉਸ ਲਿਫਾਫੇ ਵਿੱਚ ਸ਼ਿਵਜੀ ਦੀ ਮੂਰਤੀ ਸੀ ਉਹ ਉਸਨੇ ਆਪਣੇ ਸੱਜੇ ਹੱਥ ਰੱਖ ਲਈ ਇਸ ਸਬੰਧੀ ਇੱਕ ਟੈਲੀਵਿਜ਼ਨ ਚੈਨਲ ਵੱਲੋਂ ਗੱਲਬਾਤ ਕਰਨ ਲਈ ਮੈਨੂੰ ਸੱਦਿਆ ਗਿਆ। ਮੈਂ ਦਰਸ਼ਕਾਂ ਨੂੰ ਕਿਹਾ ਕਿ ਸਿਆਸਤਦਾਨਾਂ ਦੇ ਅੰਧਵਿਸ਼ਵਾਸੀ ਹੋਣ ਦਾ ਵੱਡਾ ਅਸਰ ਜਨਤਾ ਤੇ ਪੈਂਦਾ ਹੈ। ਤੇ ਜਨਤਾ ਅੰਧਵਿਸ਼ਵਾਸੀ ਵੀ ਹੋ ਜਾਂਦੀ ਹੈ ਤੇ ਅੰਧਵਿਸ਼ਵਾਸੀ ਲੀਡਰ ਤੇ ਜਨਤਾ, ਦੇਸ਼ ਦੀ ਤਰੱਕੀ ਦੇ ਰਾਹ ਵਿੱਚ ਰੋੜ੍ਹਾ ਬਣ ਜਾਂਦੀ ਹੈ। ਅਜਿਹੇ ਦੇਸ਼ ਦਾ ਕਲਿਆਣ ਹੋਣਾ ਔਖਾ ਹੋ ਜਾਂਦਾ ਹੈ। ਇਸ ਤੋਂ ਬਾਅਦ ਬਹੁਤ ਸਾਰੇ ਦਰਸ਼ਕਾਂ ਨੇ ਫੋਨ ਕਾਲਾਂ ਰਾਹੀਂ ਦੱਸਿਆ ਕਿ ਸਿੱਧੂ ਜੀ ਅੰਮ੍ਰਿਤਸਰ ਦੇ ਕਿਸੇ ਜੋਤਿਸੀ ਦੇ ਚੱਕਰ ਵਿੱਚ ਫਸੇ ਹੋਏ ਹਨ। ਉਨ੍ਹਾਂ ਦੇ ਕਿਸੇ ਮੀਟਿੰਗ ਵਿੱਚ ਪਹੁੰਚਣ ਦਾ ਅਤੇ ਹਵਨ ਆਦਿ ਕਰਵਾਉਣ ਦਾ ਸਮਾਂ ਜੋਤਿਸੀ ਹੀ ਨਿਸਚਿਤ ਕਰਦਾ ਹੈ। ਇਸ ਲਈ ਅਸੀਂ ਜੋਤਿਸੀਆਂ ਨੂੰ ਵੀ ਸਹੀ ਦੱਸਣ ਲਈ ਇੱਕ ਕਰੋੜ ਰੁਪਏ ਦੇ ਇਨਾਮ ਦੀ ਪੇਸ਼ਕਸ ਕੀਤੀ। ਸ਼ੁੱਭ ਜਾਂ ਅਸ਼ੁੱਭ ਵਿੱਚ ਯਕੀਨ ਕਰਨਾ ਪਛੜੇਪਨ ਦੀ ਨਿਸ਼ਾਨੀ ਹੈ। ਇਹ ਉਨ੍ਹਾਂ ਵਿਅਕਤੀਆਂ 'ਚ ਹੁੰਦੀ ਹੈ ਜਿਨ੍ਹਾਂ ਨੂੰ ਆਪਣੇ ਤੇ ਯਕੀਨ ਨਹੀਂ ਹੁੰਦਾ ਜੋ ਪੜ੍ਹਨ ਲਿਖਣ ਦੇ ਆਦਿ ਵੀ ਨਹੀਂ ਹੁੰਦੇ।




### 3. ਪੰਜਾਬ ਚੋਣਾਂ

ਪੰਜਾਬ ਵਿੱਚ ਚੋਣਾਂ 4 ਫਰਵਰੀ 2017 ਨੂੰ ਹੋਈਆਂ ਇਨ੍ਹਾਂ ਚੋਣਾਂ ਵਿੱਚ ਬਹੁਤ ਸਾਰਾ ਪ੍ਰਿੰਟ ਤੇ ਇਲੈਕਟ੍ਰਾਨਿਕ ਮੀਡੀਆ ਵਿਕਾਊ ਸੀ ਪੰਜਾਬ ਵਿੱਚ ਮੁੱਖ ਤੌਰ ਤੇ ਤਿੰਨ ਪਾਰਟੀਆਂ ਇਲੈਕਸ਼ਨ ਲੜ ਰਹੀਆਂ ਸਨ ਇਨ੍ਹਾਂ ਵਿੱਚੋਂ ਕਾਂਗਰਸ ਤੇ ਅਕਾਲੀ ਭਾਜਪਾ ਗੱਠਜੋੜ ਨੇ ਲੋਕਾਂ ਨੂੰ ਕਾਫ਼ੀ ਥਾਵਾਂ ਤੇ ਸ਼ਰਾਬ ਵੀ ਵੰਡੀ ਤੇ ਪੈਸੇ ਦੇ ਕੇ ਵੀ ਵੋਟਾਂ ਖਰੀਦਣ ਦਾ ਯਤਨ ਕੀਤਾ। ਗੱਡੀਆਂ ਦੇ ਵਿੱਚ ਪਟਰੋਲ ਜਾਂ ਡੀਜ਼ਲ ਵੀ ਵੱਡੀ ਮਾਤਰਾ ਵਿੱਚ ਪੈਸੇ ਦੇ ਕੇ ਪਵਾਇਆ ਗਿਆ ਅਤੇ ਇਲੈਕਸ਼ਨ ਕਮਿਸ਼ਨ ਨੂੰ ਇਸ ਗੱਲ ਦੀ ਜਾਣਕਾਰੀ ਵੀ ਨਹੀਂ ਦਿੱਤੀ। ਲੱਗਭੱਗ ਪੰਜਾਬ ਦੇ ਸਾਰੇ ਪ੍ਰਮੁੱਖ ਡੇਰੇ ਅਕਾਲੀ ਭਾਜਪਾ ਦੇ ਹੱਕ ਵਿੱਚ ਭੁੱਗਤੇ ਕਿਉਂਕਿ ਇਨ੍ਹਾਂ ਡੇਰਿਆਂ ਵਿੱਚੋਂ ਕਈਆਂ ਨੇ ਆਪਣੇ ਦੁਆਰਾ ਗਲਤ ਢੰਗ ਨਾਲ ਕਾਬਜ਼ ਕੀਤੀਆਂ ਜਾਇਦਾਤਾਂ ਦੀ ਰਾਖੀ ਕਰਨੀ ਸੀ ਅਤੇ ਕਈਆਂ ਨੇ ਆਪਣੇ ਉੱਪਰ ਚੱਲਦੇ ਬਲਾਤਕਾਰ ਅਤੇ ਕਤਲ ਕੇਸਾਂ ਵਿੱਚੋਂ ਵਰੀ ਹੋਣਾ ਸੀ। ਇਨ੍ਹਾਂ ਡੇਰੇਦਾਰਾਂ ਨੂੰ ਪਤਾ ਸੀ ਕਿ ਇਸ ਕੰਮ ਲਈ ਹਾਕਮ ਜਮਾਤਾਂ ਹੀ ਉਨ੍ਹਾਂ ਦੇ ਹਿੱਤ ਪੂਰ ਸਕਦੀਆਂ ਹਨ। ਇਸ ਲਈ ਵੋਟਰਾਂ ਦਾ ਭੇਡਾਂ ਦੇ ਤੌਰ ਤੇ ਇਸਤੇਮਾਲ ਕੀਤਾ ਗਿਆ।




ਇਸ ਸਬੰਧੀ ਹੁਕਮਨਾਮੇ ਡੇਰਿਆਂ ਵਿੱਚੋਂ ਹੀ ਜ਼ਾਰੀ ਕਰ ਦਿੱਤੇ ਗਏ। ਲੱਗਭੱਗ ਇੱਕ ਦਰਜ਼ਨ ਦੇ ਕਰੀਬ ਚੈਨਲਾਂ ਤੇ ਬੋਲਣ ਦਾ ਮੌਕਾ ਮੈਨੂੰ ਵੀ ਮਿਲਿਆ। ਹਰ ਥਾਂ ਤੇ ਮੈਂ ਇਨ੍ਹਾਂ ਬੁਰਾਈਆਂ ਦੇ ਪਰਦੇਫਾਸ਼ ਕੀਤੇ।

## 4. ਮਾਇਆ ਦੇਵੀ ਸਕੂਲ

ਮਲੋਟ ਤੇ ਅਬੋਹਰ ਦੇ ਵਿਚਕਾਰ ਸੜਕ ਤੋਂ 4 ਕਿਲੋਮੀਟਰ ਦੀ ਦੂਰੀ ਤੇ ਇੱਕ ਪਿੰਡ ਕੈਰਾ ਖੇਰਾ ਹੈ। ਇਸ ਪਿੰਡ ਦੇ ਇੱਕ ਨੌਜਵਾਨ ਰਾਜਕੁਮਾਰ ਨੇ ਆਪਣੇ ਪਿੰਡ ਵਿੱਚ ਹੀ ਇੱਕ ਸਕੂਲ ਬਣਾਇਆ ਹੋਇਆ ਹੈ। ਇਹ ਸਕੂਲ ਕਾਫੀ ਪੱਖੋਂ ਤਰਕਸ਼ੀਲ ਨਜ਼ਰੀਏ ਨਾਲ ਚੱਲ ਰਿਹਾ ਹੈ। ਰਾਜਕੁਮਾਰ ਜੀ ਨੇ ਸਕੂਲ ਵਿੱਚ 8 ਵਿਸ਼ਿਆਂ ਦੀਆਂ ਪ੍ਰਦਰਸ਼ਨੀਆਂ ਵੇਖਣ ਲਈ ਮੈਨੂੰ ਸੱਦਾ ਪੱਤਰ ਭੇਜਿਆ ਮੈਂ ਸਕੂਲ ਦੇ ਨਿੱਕੇ-ਨਿੱਕੇ ਬੱਚਿਆਂ ਦੀ ਯਾਦ ਸ਼ਕਤੀ ਵੇਖਕੇ ਦੰਗ ਰਹਿ ਗਿਆ। ਪੂਰੀ-ਪੂਰੀ ਜਮਾਤ ਦੇ ਨੰਨੇ-ਮੁੰਨੇ ਆਪਣੀ ਸਾਰੀ ਕਿਤਾਬ ਮੂੰਹ ਜੁਬਾਨੀ ਯਾਦ ਕਰੀ ਬੈਠੇ ਸਨ। ਕੋਈ ਵੀ ਪਾਠ ਉਹ ਜੁਬਾਨੀ ਸੁਣਾ ਸਕਦੇ ਸਨ। ਪੰਜਾਬੀ, ਹਿੰਦੀ ਅਤੇ ਅੰਗ੍ਰੇਜ਼ੀ ਤੇ ਉਨ੍ਹਾਂ ਵਿਦਿਆਰਥੀਆਂ ਦੀ ਪਕੜ ਬਹੁਤ ਲਾ-ਮਿਸਾਲ ਸੀ। ਇਸ ਤੋਂ ਇਲਾਵਾ ਯੋਗਾ, ਖੇਡਾਂ, ਵਿਗਿਆਨ, ਗਣਿਤ ਅਤੇ ਭਾਸ਼ਾ ਦੀਆਂ ਪ੍ਰਦਰਸ਼ਨੀਆਂ ਵੀ ਵੇਖਣਯੋਗ ਸਨ। ਮੈਂ ਇਸ ਗੱਲ ਵਿੱਚ ਯਕੀਨ ਕਰਦਾ ਹਾਂ ਕਿ ਸੁਣਨ ਤੇ ਵੇਖਣ ਨਾਲੋਂ ਪ੍ਰਦਰਸ਼ਨੀਆਂ ਤਿਆਰ ਕਰਨ ਲਈ ਕੀਤੀ ਗਈ ਸਮੂਲੀਅਤ ਵਿਦਿਆਰਥੀਆਂ ਨੂੰ ਪੂਰੀ ਜ਼ਿੰਦਗੀ ਯਾਦ ਰਹਿ ਸਕਦੀ ਹੈ।

## 5. ਹੱਥਾਂ ਪੈਰਾਂ ਦੀਆਂ ਚੌਵੀ ਉਂਗਲੀਆਂ

ਮੈਂ ਅਜਿਹੇ ਬਹੁਤ ਸਾਰੇ ਵਿਅਕਤੀ ਵੇਖੇ ਹਨ ਜਿਨ੍ਹਾਂ ਦੇ ਹੱਥ ਦੇ ਇੱਕ ਪੰਜੇ ਵਿੱਚ 6 ਉਂਗਲੀਆਂ ਹੁੰਦੀਆਂ ਹਨ। ਅਜਿਹੇ ਵਿਅਕਤੀਆਂ ਨੂੰ ਛਾਂਗੇ ਕਿਹਾ ਜਾਂਦਾ ਹੈ। ਉਨ੍ਹਾਂ ਦੇ ਸ਼ੁੱਭ ਜਾਂ ਅਸ਼ੁੱਭ ਹੋਣ ਦੇ ਲੋਕਾਂ ਦੇ ਆਪਣੇ ਹੀ ਅੰਦਾਜ਼ੇ ਹਨ। ਇਹ ਗੁਣ ਕਈ ਵਾਰ ਵਿਰਾਸਤ ਵਿੱਚ ਵੀ ਚੱਲਦਾ ਹੈ। ਯਾਨਿ ਕਿ ਕਿਸੇ ਵਿਅਕਤੀ ਦੇ ਬਾਪ ਦੇ ਛੇ ਉਂਗਲੀਆਂ ਸਨ ਤੇ ਹੁਣ ਉਸਦੇ ਪੁੱਤ ਦੇ ਵੀ ਛੇ ਉਂਗਲੀਆਂ ਸਨ। ਅਜਿਹਾ ਹੀ



ਇੱਕ ਅਜੀਬ ਵਰਤਾਰਾ ਬਿਹਾਰ ਦੇ ਜ਼ਿਲਾ ਗੋਪਾਲ ਗੰਜ ਦੇ ਜਿਲ੍ਹੇ ਭੌਰੇ ਦੇ ਬਿੱਲਹੂਆ ਪਿੰਡ ਵਿੱਚ ਇੱਕ ਅਜਿਹਾ ਪਰਿਵਾਰ ਹੈ ਜਿਸ ਦੀਆਂ ਤਿੰਨ ਪੀੜ੍ਹੀਆਂ ਵਿੱਚ ਚੌਵੀ-ਚੌਵੀ ਉਂਗਲੀਆਂ ਆਈਆਂ ਹੋਈਆਂ ਹਨ। ਇਸ ਪਰਿਵਾਰ ਦੇ ਇੱਕ ਦਰਜ਼ਨ ਦੇ ਕਰੀਬ ਮੈਂਬਰ ਹਨ। ਕਿਹਾ ਜਾਂਦਾ ਹੈ। ਜਿੰਨ੍ਹਾਂ ਦੇ 22 ਉਂਗਲੀਆਂ ਹੁੰਦੀਆਂ ਹਨ ਉਹ ਆਮ ਤੌਰ ਤੇ ਬਿਮਾਰ ਰਹਿੰਦੇ ਹਨ। ਅਜਿਹੇ ਵਿਅਕਤੀਆਂ ਦੇ ਪੰਜ ਉਂਗਲੀਆਂ ਦੇ ਇੱਕ ਕਿਨਾਰੇ ਤੇ ਇੱਕ ਹੋਰ ਉਂਗਲੀ ਮਿਲ ਜਾਂਦੀ ਹੈ। ਪਰੰਤੂ ਭਗਵਤੀ ਦੇਵੀ ਦੇ ਪਰਿਵਾਰ ਦੇ ਪੰਜਿਆਂ ਦੇ ਵਿਚਕਾਰ ਇੱਕ ਵਾਧੂ ਉਂਗਲੀ ਹੈ ਇਸ ਵਾਧੂ ਉਂਗਲੀ ਨੇ ਤਿੰਨ ਪੀੜ੍ਹੀਆਂ ਤੱਕ ਵੀ ਪਰਿਵਾਰ ਦਾ ਖਹਿੜਾ ਨਹੀਂ ਛੱਡਿਆ ਹੈ। ਇਸ ਸਮੱਸਿਆ ਕਾਰਨ ਪਰਿਵਾਰ ਨੂੰ ਬਹੁਤ ਸਾਰੀਆਂ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜਿੱਥੇ ਦਸਤਾਨੇ ਅਤੇ ਪੈਰ ਦੀਆਂ ਜੁੱਤੀਆਂ ਮੁਸ਼ਕਿਲ ਨਾਲ ਹੀ ਮੇਚ ਦੀਆਂ ਨਸੀਬ ਹੁੰਦੀਆਂ ਹਨ। ਉੱਥੇ ਪਰਿਵਾਰ ਹੀਣ ਭਾਵਨਾ ਦਾ ਸ਼ਿਕਾਰ ਵੀ ਹੁੰਦਾ ਹੈ। ਕੁੜੀਆਂ ਦੇ ਰਿਸ਼ਤੇ ਵੀ ਮੁਸ਼ਕਿਲ ਨਾਲ ਹੀ ਮਿਲਦੇ ਹਨ। ਡਾਕਟਰਾਂ ਦਾ ਕਹਿਣਾ ਹੈ ਕਿ ਆਉਣ ਵਾਲੀਆਂ ਕੁੱਝ ਪੀੜ੍ਹੀਆਂ ਵਿੱਚ ਇਹ ਸਮੱਸਿਆ ਸਮਾਪਤ ਹੋ ਜਾਵੇਗੀ।

## 6. ਸਿੰਧ ਘਾਟੀ ਦੀ ਸੱਭਿਅਤਾ ਕਿਵੇਂ ਖ਼ਤਮ ਹੋਈ?

ਲੱਗਭੱਗ 4 ਕੁ ਹਜ਼ਾਰ ਵਰ੍ਹੇ ਪਹਿਲਾਂ ਸਿੰਧ ਘਾਟੀ ਵਿੱਚ ਬਹੁਤ ਸਾਰੇ ਲੋਕ ਰਹਿੰਦੇ ਸਨ। ਇਸ ਗੱਲ ਦੀ ਜਾਣਕਾਰੀ ਖੰਡਰਾਂ ਦੀ ਖੁਦਾਈ ਕਰਨ ਤੇ ਮਿਲੀ ਹੈ। ਇਨ੍ਹਾਂ ਲੋਕਾਂ ਨੇ ਵਧੀਆ ਢੰਗ ਨਾਲ ਨਾਲੀਆਂ ਬਣਾਈਆਂ ਹੋਈਆਂ ਸਨ। ਕਿਉਂਕਿ ਪ੍ਰਾਚੀਨ ਸੱਭਿਅਤਾਵਾਂ ਆਮ ਤੌਰ ਤੇ ਪਾਣੀ ਦੇ ਸਰੋਤਾ ਦੇ ਕਿਨਾਰਿਆਂ ਤੇ ਜਾਂ ਉਸਦੇ ਨਜ਼ਦੀਕ ਮਿਲੀਆਂ ਹਨ। ਇੰਗਲੈਂਡ ਦੀ ਕੈਂਬਰਿਜ ਯੂਨੀਵਰਸਿਟੀ ਅਤੇ ਵਨਾਰਸ ਦੀ ਹਿੰਦੂ ਯੂਨੀਵਰਸਿਟੀ ਦੇ ਵਿਗਿਆਨਕਾਂ ਨੇ ਖੋਜ਼ ਰਾਹੀਂ ਇਸ ਗੱਲ ਦਾ ਪਤਾ ਲਗਾਇਆ ਹੈ ਕਿ ਕਿਵੇਂ ਇਹ ਸੱਭਿਅਤਾ ਨਸ਼ਟ ਹੋਈ। ਮੌਸਮ ਵਿੱਚ ਆਈਆਂ ਤਬਦੀਲੀਆਂ ਕਾਰਨ ਇਹ ਸੱਭਿਅਤਾ ਨਸ਼ਟ ਹੋਈ। ਇਸ ਇਲਾਕੇ ਵਿੱਚ ਲੱਗਭੱਗ ਸਾਢੇ ਕੁ ਚਾਰ ਹਜ਼ਾਰ ਸਾਲ ਪਹਿਲਾਂ ਬਹੁਤ ਸਾਰੀਆਂ ਤਬਦੀਲੀਆਂ ਹੋਣੀਆਂ ਸ਼ੁਰੂ ਹੋ ਗਈਆਂ। ਇਹ ਸੱਭਿਅਤਾ ਕੋਟਲਾ ਦਾਹਰ ਝੀਲ ਦੇ ਕਿਨਾਰੇ ਵਸੀ ਹੋਈ ਸੀ। ਮਾਨਸੂਨ ਦੇ ਮੌਸਮ ਵਿੱਚ ਇਸ ਝੀਲ ਦਾ ਲੈਵਲ ਬਹੁਤ ਘੱਟ ਰਹਿ ਗਿਆ। ਜਿਸ ਕਾਰਨ ਵਸਨੀਕਾਂ ਕੋਲ ਪਾਣੀ ਦੀ ਉਪਲਬੱਧੀ ਘੱਟ ਗਈ। ਹੌਲੀ-ਹੌਲੀ ਇਹ ਸੱਭਿਅਤਾ ਵਿਨਾਸ ਵੱਲ ਨੂੰ ਚਲੀ ਗਈ।

### ਅਜਿਹਾ ਕਿਉਂ?

• ਮੰਦਿਰ, ਮੱਠ, ਆਸ਼ਰਮ ਜਿਥੇ ਵੀ ਮੰਨਿਆ ਜਾਂਦਾ ਹੈ ਕਿ ਭਗਵਾਨ ਦਾ ਵਾਸ ਹੈ ਓਥੇ ਵੀ ਬੱਚੇ ਅਤੇ ਔਰਤਾਂ ਸੁਰੱਖਿਅਤ ਨਹੀਂ ਹਨ!

• ਮੰਦਿਰ ਮਸਜਿਦ ਚਰਚ ਨੂੰ ਢਾਹੁਣ ਵੇਲੇ ਇੱਕ ਵੀ ਭਗਵਾਨ ਨੇ ਸਾਹਮਣੇ ਆ ਕੇ ਵਿਰੋਧ ਨਹੀਂ ਕੀਤਾ!

• ਦੁਨੀਆਂ ਵਿੱਚ ਕਰੋੜਾਂ ਲੋਕ ਭਗਵਾਨ ਨੂੰ ਨਹੀਂ ਮੰਨਦੇ, ਫਿਰ ਵੀ ਸੁੱਖ ਚੈਨ ਨਾਲ ਰਹਿ ਰਹੇ ਹਨ!

• ਇੱਕ ਧਰਮ ਕਹਿੰਦਾ ਹੈ ਭਗਵਾਨ ਦਾ ਕੋਈ ਆਕਾਰ ਨਹੀਂ ਦੂਸਰਾ ਭਗਵਾਨ ਨੂੰ ਆਕਾਰ ਦੇ ਕੇ ਫੈਂਸੀ ਕੱਪੜੇ ਪਹਿਨਾਉਂਦਾ ਹੈ, ਤੀਜਾ ਅਲੱਗ ਹੀ ਦੱਸਦਾ ਹੈ, ਮਤਲਬ ਸੱਚ ਕੀ ਹੈ?

• ਭਗਵਾਨ ਹੈ ਤਾਂ ਲੋਕਾਂ ਵਿਚ ਓਹਦਾ ਡਰ ਕਿਉਂ ਹੈ?

• ਮਾਸਾਹਾਰੀ ਵੀ ਜੀਅ ਰਿਹਾ ਹੈ ਅਤੇ ਸ਼ਾਕਾਹਾਰੀ ਵੀ ਜੀਅ ਰਿਹਾ ਹੈ, ਤੇ ਜੋ ਦੋਨਾਂ ਨੂੰ ਖਾਂਦਾ ਹੈ ਉਹ ਵੀ ਜੀਅ ਰਿਹਾ ਹੈ!

• ਸਾਡੇ ਇਥੇ ਕਰੋੜਾਂ ਦੇਵੀ ਦੇਵਤੇ, ਮਹਾਰਾਜ, ਸੰਤ, ਮਹਾਤਮਾ, ਅੱਲਾਹ, God, ਗਿਆਨੀਆਂ ਦੀ ਭਰਮਾਰ ਹੈ, ਪਰ ਫਿਰ ਵੀ ਗ਼ਰੀਬੀ ਤੋਂ ਮੁਕਤੀ ਨਹੀਂ. ਕਿਸਾਨਾਂ ਦੀਆਂ ਖੁਦਕੁਸ਼ੀਆਂ ਵਿਚ ਕੋਈ ਕਮੀ ਨਹੀਂ, ਬਲਾਤਕਾਰ, ਰੋਗ, ਬਿਮਾਰੀਆਂ, ਭ੍ਰਿਸ਼ਟਾਚਾਰ ਵਿੱਚ ਕੋਈ ਕਮੀ ਨਹੀਂ

• ਭਗਵਾਨ ਜੇ ਹੁੰਦਾ ਤਾਂ ਦੁਨੀਆਂ ਕੀ ਬਹਿਤਰ ਹੁੰਦੀ?

# ਨਵਾਂ ਧਾਰਮਿਕ ਏਜੰਡਾ ਓਨਮ, ਮਹਾਂਬਲੀ ਅਤੇ ਸੰਘ

**ਮੂਲ ਲੇਖਕ: ਬਾਪੂ ਰਾਊਤ**
**ਅਨੁਵਾਦਕ: ਪਵਨ ਕੁਮਾਰ ਰੱਤੋਂ**

ਕੇਰਲ ਦੇ ਬਹੁਚਰਚਿਤ ਤਿਉਹਾਰ ਓਨਮ (ਓਨਮ) ਦੀ ਆੜ ਵਿਚ ਹਿੰਦੂਵਾਦੀ ਵਿਚਾਰਧਾਰਾ ਨੂੰ ਥੋਪਣ ਦੇ ਲਈ ਨਾ ਸਿਰਫ਼ ਪੌਰਾਣਿਕ ਮਾਨਤਾਵਾਂ ਨੂੰ ਤੋੜਿਆ ਗਿਆ ਹੈ ਸਗੋਂ ਦਲਿਤ ਅਤੇ ਪਿਛੜੇ ਵਰਗ ਨੂੰ ਅੰਧਵਿਸ਼ਵਾਸੀ ਧੰਦੇ ਦੇ ਜਾਲ ਵਿਚ ਲਪੇਟਣ ਦੀ ਨਵੀਂ ਰਣਨੀਤੀ ਵੀ ਬਣਾ ਦਿੱਤੀ ਗਈ ਹੈ। ਦਲਿਤ, ਓਨਮ ਮਹਾਂਬਲੀ ਅਤੇ ਧਾਰਮਕ ਏਜੰਡੇ ਤੋਂ ਸਾਵਧਾਨ ਰਹਿਣ।

ਹਿੰਦੂ ਗਰੰਥਾਂ ਦੇ ਅਨੁਸਾਰ ਬ੍ਰਾਹਮਣ ਦੀ ਉਤਪਤੀ ਬ੍ਰਹਮਾ ਦੇ ਮੂੰਹ ਤੋਂ, ਕਸ਼ੱਤਰੀ ਦੀ ਬਾਹਾਂ ਤੋਂ, ਵੈਸ਼ ਦੀ ਪੇਟ ਤੋਂ ਹੋਈ ਹੈ। ਸ਼ੂਦਰਾ ਦੀ ਉਤਪਤੀ ਪੈਰਾਂ ਤੋਂ ਹੋਈ ਹੈ। ਇਸ ਲਈ ਸ਼ੂਦਰ ਅਪਮਾਨਤ ਹਨ। ਹਜ਼ਾਰਾਂ ਸਾਲ ਪੁਰਾਣੇ ਕਥਿਤ ਗਰੰਥ ਦੇਸ਼ ਵਿੱਚ ਜਾਤੀਵਾਦ ਅਤੇ ਸਾਮੰਤੀ (ਰਾਜਾ ਸ਼ਾਹੀ) ਹਿੰਦੂ ਵਿਵਸਥਾ ਦੀ ਕਾਇਮੀ ਦੇ ਆਧਾਰ ਹਨ। ਬ੍ਰਾਹਮਣਵਾਦ ਨੂੰ ਉੱਚੀ ਜਾਤ ਦਾ ਦੱਸ ਕੇ ਅਪਵਿੱਤਰਤਾ ਅਤੇ ਅਛੂਤ ਵਰਗੀਆਂ ਵਿਚਾਰਾਂ ਨੂੰ ਢਾਲ ਬਣਾ ਕੇ ਦਲਿਤ, ਸ਼ੂਦਰ ਜਾਂ ਆਦਿਵਾਸੀ ਸਮਾਜ ਨੂੰ ਸ਼ੋਸ਼ਿਤ ਕਰਦੀ ਉਹ ਮਾਨਸਿਕਤਾ ਹਿੰਦੂਤਵ ਵਿਚਾਰਧਾਰਾ ਵਾਲੀ ਰਾਜਨੀਤਕ ਪਾਰਟੀਆਂ ਵਿੱਚ ਅੱਜ ਵੀ ਜਿਉਂਦਾ ਹੈ। ਕਿਵੇਂ ਆਉ ਸਮਝਦੇ ਹਾਂ:-

ਹਰ ਸਾਲ ਵਾਂਗ ਇਸ ਸਾਲ ਵੀ ਕੇਰਲ ਵਿੱਚ ਬੜੀ ਧੂੰਮਧਾਮ ਨਾਲ ਓਨਮ ਦਾ ਤਿਉਹਾਰ ਮਨਾਇਆ ਗਿਆ। ਇਹ ਕਿਹਾ ਜਾਂਦਾ ਹੈ ਕਿ ਇਹ ਤਿਉਹਾਰ ਮਹਾਂਬਲੀ ਦੇ ਆਗਮਾਨ ਅਤੇ ਸਵਾਗਤ ਦੇ ਲਈ ਮਨਾਇਆ ਜਾਂਦਾ ਹੈ। ਮਹਾਂਬਲੀ ਦੇ ਰਾਜ ਵਿੱਚ ਆਉਣ ਦੇ ਇਲਾਵਾ ਇਹ ਮੱਧ ਅਤੇ ਦੱਖਣ ਕੇਰਲ ਵਿੱਚ ਵਰਖਾ ਰੁੱਤ ਦੀ ਸਮਾਪਤੀ ਅਤੇ ਨਵੇਂ ਸਾਲ ਦੀ ਸ਼ੁਰੂਆਤ ਉੱਤੇ ਫ਼ਸਲਾਂ ਵੱਢਣ ਦੇ ਮਹੋਉਤਸਵ ਦੇ ਤੌਰ ਉੱਤੇ ਵੀ ਮਨਾਇਆ ਜਾਂਦਾ ਹੈ। ਧਾਰਮਕ ਅਤੇ ਇਤਿਹਾਸਕ ਸੰਦਰਭਾਂ ਵਿੱਚ ਓਨਮ ਦੀ ਸ਼ੁਰੂਆਤ ਕੇਰਲ ਵਿੱਚ ਬੁੱਧਕਾਲ ਦੇ ਅੰਤ ਅਤੇ ਹਿੰਦੂ ਬ੍ਰਾਹਮਣਵਾਦੀ ਜਾਤੀ ਵਿਵਸਥਾ ਅਤੇ ਵਰਣਾਸ਼੍ਰਮ (ਬ੍ਰਾਹਮਣ, ਕਸ਼ੱਤਰੀ, ਵੈਸ਼, ਸ਼ੂਦਰ ਇਨ੍ਹਾਂ ਚਹੁੰਆਂ ਵਰਣਾਂ ਦਾ ਆਸ਼ਰਮ) ਧਰਮ ਦੇ ਸੰਸਥਾਗਤ ਸਵਰੂਪ ਨੂੰ ਗ੍ਰਹਿਣ ਕਰਨ ਦੇ ਨਾਲ ਹੋਈ ਹੈ।

ਇਸ ਤਿਉਹਾਰ ਦੇ ਸੰਦਰਭ ਵਿੱਚ ਆਰ. ਐਸ. ਐਸ. ਦੀ ਮਲਯਾਲਮ ਪੱਤਰਕਾ (ਰਸਾਲਾ, ਅਖ਼ਬਾਰ) 'ਕੇਸਰੀ' ਨੇ ਵਿਸ਼ੇਸ਼ ਅੰਕ ਕੱਢਿਆ ਹੈ। ਇਸ ਵਿੱਚ ਪ੍ਰਕਾਸ਼ਿਤ ਲੇਖ ਦੇ ਅਨੁਸਾਰ, ਇਹ ਤਿਉਹਾਰ ਵਾਮਨ (ਬੌਣਾ, ਮੱਧਰਾ) ਨਾਲ ਜੁੜਿਆ ਹੈ, ਜਿਸਨੂੰ ਬ੍ਰਾਹਮਣ ਵਿਸ਼ਨੂੰ ਦਾ ਅਵਤਾਰ ਮੰਨਦੇ ਹਨ, ਇਸ ਲਈ ਇਸ ਨੂੰ ਵਾਮਨ ਦੇ ਜਨਮ ਦਿਨ ਦੇ ਤੌਰ ਉੱਤੇ ਮਨਾਉਣਾ ਚਾਹੀਦਾ ਹੈ। ਲੇਖ ਵਿੱਚ ਰਾਜਾ ਮਹਾਂਬਲੀ ਦੀ ਮਾਨਤਾਵਾਂ ਨੂੰ ਹਿੰਦੂਵਾਦੀ ਐਨਕ ਨਾਲ ਤੋੜਮਰੋੜ ਕੇ ਪੇਸ਼ ਕੀਤਾ ਗਿਆ, ਜਿਸ ਵਿੱਚ ਮਹਾਂਬਲੀ ਨੂੰ ਅਸੁਰਾਂ ਰਾਖ਼ਸ਼ਾਂ ਦਾ ਰਾਜਾ ਦੱਸਿਆ ਗਿਆ ਹੈ। ਕੋਈ ਹੈਰਾਨੀ ਨਹੀਂ ਕਿ ਇਹ ਲੇਖ ਲਿਖਣ ਵਾਲਾ ਲੇਖਕ ਅਤੇ ਕੇਰਲ ਦਾ ਆਰ. ਐਸ. ਐਸ. ਸ਼ਾਖਾ ਮੁਖੀ ਦੇ ਉੱਝੀ ਕ੍ਰਿਸ਼ਨ ਨੰਬੂਦਰੀ ਬ੍ਰਾਹਮਣ ਹਨ ਅਤੇ ਸੰਸਕ੍ਰਿਤ ਦੇ ਪ੍ਰੋਫੈਸਰ ਵੀ ਹਨ।

ਇਸ ਘਟਨਾ ਦੇ ਨਾਲ ਇਕ ਹੋਰ ਘਟਨਾ ਵਾਪਰੀ ਹੈ। ਭਾਜਪਾ ਦੇ ਰਾਸ਼ਟਰੀ ਮੁਖੀ ਅਮਿਤ ਸ਼ਾਹ ਵੱਲੋਂ ਸੋਸ਼ਲ ਮੀਡੀਆ ਵਿੱਚ ਇਕ ਟਵੀਟ ਕੀਤਾ ਗਿਆ। ਇਸ ਵਿੱਚ ਇਕ ਬੈਨਰ ਵੀ ਦਿੱਸਿਆ ਜਿਥੇ ਵਾਮਨ ਨਾਂ ਦਾ ਬ੍ਰਾਹਮਣ ਰਾਜਾ ਮਹਾਂਬਲੀ ਦੇ ਸਿਰ ਉੱਤੇ ਪੈਰ ਰੱਖ ਕੇ ਉਸਨੂੰ ਨਰਕ ਵਿੱਚ ਧੱਕ ਰਿਹਾ ਹੈ। ਆਰ. ਐਸ. ਐਸ. ਦੀ ਪੱਤਰਕਾ ਦਾ ਦਲਿਤ ਵਿਰੋਧੀ ਲੇਖ ਅਮਿਤ ਸ਼ਾਹ ਦਾ ਟਵੀਟ ਇਕੋਨਾਲ ਇੱਕ ਸਮੇਂ ਉੱਤੇ ਆਉਣਾ ਦਰਅਸਲ ਕੱਟੜ ਹਿੰਦੂਤਵ ਦੀ ਸੋਚੀ ਸਮਝੀ ਰਣਨੀਤੀ ਦਾ ਸਿੱਟਾ ਹੀ ਹੈ।

'ਕੇਸਰੀ' ਦੇ ਲੇਖ ਅਤੇ ਨੰਬੂਦਰੀ ਦੀ ਗੱਲ ਕਰੀਏ ਤਾਂ ਇਸ ਵਿੱਚ ਵਿਸ਼ਨੂੰ ਦਾ ਅਵਤਾਰ ਵਾਮਨ ਕੇਰਲ ਨੂੰ ਰਾਖ਼ਸ਼ ਮਹਾਂਬਲੀ ਤੋਂ ਮੁਕਤ ਕਰਦਾ ਹੈ। ਮਹਾਂਬਲੀ ਦੇ ਬਾਰੇ ਵਿੱਚ ਘੱਟ ਹੀ ਦੱਸਿਆ ਗਿਆ ਹੈ। ਸੰਘ ਦਾ ਇਹ ਮੁੱਖ ਪੱਤਰ ਦੇਸ਼ ਦੇ ਬਹੁਜਨ ਸਮਾਜ ਨੂੰ ਗੁਮਰਾਹ ਕਰਦਾ ਹੈ, ਕਿਉਂਕਿ ਅਸਲ ਵਿੱਚ ਮਹਾਂਬਲੀ ਉੱਤੇ ਪੁਰਾਣਾਂ ਅਤੇ ਉਪਨਿਸ਼ਦ ਵਿੱਚ ਵਿਸ਼ਾਲ ਚਰਚਾ ਕੀਤੀ ਗਈ ਹੈ। ਅਸਲ ਵਿੱਚ ਦੇਸ਼ ਦੀ ਜਨਤਾ ਮਹਾਂਬਲੀ ਨੂੰ ਵਧੀਆ ਸ਼ਾਸਕ ਮੰਨਦੀ ਸੀ। ਉਸ ਦੇ ਰਾਜ ਵਿੱਚ ਵਰਣਜਾਂਤੀ ਦੀ ਕੋਈ ਵਿਵਸਥਾ/ਪ੍ਰਬੰਧ ਨਹੀਂ ਸੀ।

ਮਰਾਠੀ ਵਿੱਚ ਇੱਕ ਜੁਮਲਾ ਚਰਚਿਤ ਹੈ, 'ਈਡਾ ਪੀਡਾ ਟਲੋ ਆਣੀ ਬਲੀਚੇਂ ਰਾਜਯ ਯੇਵੋ' ਯਾਨੀ ਦੇਸ਼ ਦੀ ਜਨਤਾ ਦਾ ਵਾਮਨ ਨਾਲ ਕਿਆ ਸੰਬੰਧ? ਉਹ ਉਸ ਨੂੰ ਜਾਣਦੀ ਤੱਕ ਨਹੀਂ ਹੈ। ਪਰੰਤੂ ਸੰਘ ਅਤੇ ਭਾਜਪਾ ਉਸ ਵਾਮਨ ਨੂੰ ਭਗਵਾਨ ਦਾ ਅਵਤਾਰ ਦੱਸ ਕੇ ਓਨਮ ਨੂੰ ਬਤੌਰ ਉਸ ਦੇ ਜਨਮਦਿਨ ਦੇ ਰੂਪ ਵਿੱਚ ਮਨਾਉਣਾ ਚਾਹੁੰਦੀ



ਹੈ ਜਿਸ ਨੇ ਉਹਨਾਂ ਸ਼ੂਦਰਾਂ ਦੀ ਹੱਤਿਆ ਕਰ ਦਿੱਤੀ, ਜਿਹੜੇ ਆਪਣੇ ਹੱਕ ਦੀ ਲੜਾਈ ਲੜ ਰਹੇ ਸਨ। ਉਸ ਦੌਰ ਦੇ ਦਲਿਤ, ਬਹੁਜਨ ਅਤੇ ਆਦਿਵਾਸੀ ਸਮਾਜ ਨੂੰ ਬ੍ਰਾਹਮਣਵਾਦੀ ਗਰੰਥ ਰਾਖ਼ਸ਼ ਦੇ ਤੌਰ ਉੱਤੇ ਜ਼ਿਕਰ ਕਰਦੇ ਆਏ ਹਨ।

ਸੰਘ ਅਤੇ ਭਾਜਪਾ ਇੱਕ ਕਾਤਲ ਨੂੰ ਭਗਵਾਨ ਦੇ ਤੌਰ ਉੱਤੇ ਪੇਸ਼ ਕਰ ਰਹੇ ਹਨ। ਮਹਾਂਬਲੀ ਅਤੇ ਵਾਮਨ ਦੀ ਕਹਾਣੀ ਇੱਕ ਉਦਾਹਰਨ ਹੈ ਕਿ ਬ੍ਰਾਹਮਣਵਾਦ ਬੁਰੇ ਜੀਵਨ ਮੁੱਲਾਂ ਅਤੇ ਅਨੈਤਿਕਤਾ ਨੂੰ ਕਿਵੇਂ ਸਨਮਾਨਿਤ ਕਰਦਾ ਹੈ। ਕਹਾਣੀ ਦੱਸਦੀ ਹੈ ਕਿ ਅਨੈਤਿਕ ਹੋਣਾ ਦੇਵੀ ਗੁਣ ਹੈ। ਉਹ ਇਕ ਕਹਾਣੀ ਹੀ ਅਜਿਹੀ ਰਚਦੇ ਹਨ ਜਿਸ ਵਿੱਚ ਬ੍ਰਾਹਮਣ ਨੂੰ ਸਰਵਉੱਚ ਦੱਸਦੇ ਹੋਏ ਉਹ ਜੋ ਮੰਗੇ ਦੇਣਾ ਪਵੇਗਾ, ਨਹੀਂ ਦਿੱਤਾ ਤਾਂ ਉਹ ਸ਼ਰਾਪ ਦੇ ਕੇ ਭਸਮ ਕਰ ਸਕਦਾ ਹੈ। ਬ੍ਰਾਹਮਣ ਦੀ ਇੱਛਾ ਅਨੁਸਾਰ ਜੇਕਰ ਦਲਿਤ, ਸ਼ੂਦਰ ਸੱਭ ਕੁਝ ਨਾ ਦੇਣ ਤਾਂ ਉਹਨਾਂ ਨੂੰ ਮਹਾਂਬਲੀ ਦੀ ਤਰ੍ਹਾਂ ਲੱਤ ਮਾਰ ਕੇ ਨਰਕ ਭੇਜ ਦਿੱਤਾ ਜਾਵੇ। ਇਸ ਤਰ੍ਹਾਂ ਦੀਆਂ ਕਹਾਣੀਆਂ ਨੂੰ ਵਾਰ ਵਾਰ ਦੋਹਰਾਇਆ ਜਾਂਦਾ ਹੈ ਕਿ ਤਾਂ ਜੋਂ ਲੋਕ ਇਸ ਨੂੰ ਭਗਵਾਨ ਦਾ ਦਿੱਤਾ ਸੱਚ ਸਮਝ ਲੈਣ। ਹਮੇਸ਼ਾਂ ਤੋਂ ਸਾਰੀ ਮਿਹਨਤ ਅਤੇ ਹੇਠਲੇ ਪੱਧਰ ਦੇ ਕੰਮ ਸ਼ੂਦਰ ਕਰਦੇ ਹਨ। ਪਰ ਤਿਆਗ, ਦਾਨਦੱਛਨਾ ਧਰਮ ਅਤੇ ਬ੍ਰਾਹਮਣਾਂ ਤੋਂ ਡਰ ਕੇ ਉਹ ਆਪਣਾ ਸੱਭ ਕੁਝ ਗੰਵਾ ਦੇਂਦੇ ਹਨ ਅਤੇ ਹਮੇਸ਼ਾਂ ਸ਼ੋਸ਼ਿਤ ਬਣੇ ਰਹਿੰਦੇ ਹਨ, ਉਥੇ ਬ੍ਰਾਹਮਣ ਆਪਣੇ ਆਪ ਨੂੰ ਭਗਵਾਨ ਦਾ ਦੇਵਦੂਤ ਯਾਨੀ ਉੱਚ ਕੋਟੀ ਦੀ ਰਚਨਾ ਦੱਸ ਕੇ ਨਿਕੰਮੇਪਨ ਨਾਲ ਭੋਗਵਿਲਾਸ ਦੀ ਜ਼ਿੰਦਗੀ ਬਸਰ ਕਰਦਾ ਰਹਿੰਦਾ ਹੈ। ਕੇਰਲ ਵਿੱਚ ਸੰਘ ਅਤੇ ਭਾਜਪਾ ਓਨਮ ਦੀ ਲੋਕਕਥਾ ਨੂੰ ਆਪਣੇ ਰੰਗ ਵਿੱਚ ਰੰਗਣਾ ਚਾਹੁੰਦੇ ਹਨ ਤਾਂ ਇਸ ਲਈ ਕਿ ਇਹੀ ਤਾਂ ਵਰਣਵਿਵਸਥਾ ਦੀ ਜੜ੍ਹ ਹੈ। ਅੱਜ ਬ੍ਰਾਹਮਣਾਂ ਨੇ ਕੱਸ਼ਤਰੀਆਂ, ਵੈਸ਼ਾਂ ਅਤੇ ਪਿਛੜਿਆਂ ਦੇ ਅਮੀਰਵਰਗੀ ਨੂੰ ਜੋੜ ਲਿਆ ਹੈ ਅਤੇ ਵਿਸ਼ੇਸ਼ ਐਲਾਨ ਕਰ ਦਿੱਤਾ ਹੈ। ਪਹਿਲਾਂ ਦੀਆਂ ਕਥਾਵਾਂ ਵਿੱਚ ਰੱਬ (ਬ੍ਰਾਹਮਣ) ਅਤੇ ਰਾਖ਼ਸ਼ਸ਼ (ਬਹੁਜਨ) ਵਿੱਚ ਅਕਸਰ ਸੰਘਰਸ਼ ਹੁੰਦੇ ਆਏ ਹਨ। ਲੜਾਈ ਦੇ ਬਾਦ ਸਮਝੌਤੇ ਹੁੰਦੇ ਸਨ ਜਿਹਨਾਂ ਨੂੰ ਬ੍ਰਾਹਮਣ ਅਕਸਰ ਤੋੜ ਦੇਂਦੇ ਸਨ। ਇਸੇ ਲਈ ਮਹਾਤਮਾ ਜਯੋਤੀ ਬਾਫੂਲੇ ਨੇ ਵੈਦਿਕ ਸੰਸਕ੍ਰਿਤੀ ਨੂੰ ਦਗਾ ਦੇਣ ਵਾਲੀ ਸੰਸਕ੍ਰਿਤੀ ਕਿਹਾ ਸੀ। ਨਮੁਚੀ। ਵ੍ਰਿਤਰ, ਹਿਰਣਯਕਸ਼ਯਪ, ਪ੍ਰਹਿਲਾਦ, ਵਿਰੋਚਨ, ਮਹਾਂਬਲੀ, ਮਹਿਸਾਸੁਰ, ਖੰਡੋਬਾ ਦੇ ਨਾਲ ਬ੍ਰਾਹਮਣਾਂ ਨੇ ਉਸੇ ਤਰ੍ਹਾਂ ਦੇ ਹੀ ਛਪਕਪਟ ਕੀਤੇ ਸਨ, ਜਿਵੇਂ ਕਿ ਮਹਾਂਬਲੀ ਦੇ ਨਾਲ ਕੀਤੇ ਸਨ।

'ਵਾਮਨਾਵਤਾਰ' ਦੀ ਕਹਾਣੀ ਤੋਂ ਪਤਾ ਚਲਦਾ ਹੈ ਕਿ ਵਾਮਨ ਨੇ ਬਲੀ ਤੋਂ ਸਿਰਫ਼ 3 ਪੈਰ ਰੱਖਣ ਦੀ ਜਮੀਨ ਮੰਗੀ ਸੀ। ਜੋ ਬਲੀ ਨੇ ਖੁਸ਼ੀ ਨਾਲ ਦੇ ਦਿੱਤੀ। ਤਦ ਵਾਮਨ ਨੇ ਵਿਰਾਟ ਰੂਪ ਧਾਰਨ ਕਰ ਦੋ ਪੈਰਾਂ ਨਾਲ ਜਮੀਨ ਨੂੰ ਸੰਪੂਰਨ ਕਰ ਦਿੱਤਾ ਅਤੇ ਤੀਜਾ ਪੈਰ ਉਸ ਦੇ ਸਿਰ ਉੱਤੇ ਰੱਖ ਕੇ ਉਸਨੂੰ ਪਾਤਾਲ ਭੇਜ ਦਿੱਤਾ ਯਾਨੀ ਬੇਈਮਾਨੀ ਕੀਤੀ। ਦਿੱਸਣ ਵਿੱਚ ਛੋਟਾ ਵਾਮਨ ਵਿਸ਼ਾਲ ਬਣ ਗਿਆ ਯਾਨੀ ਇੱਕ ਉਦਾਰ/ ਸਾਊ ਸ਼ੂਦਰ ਰਾਜੇ ਨੂੰ ਬ੍ਰਾਹਮਣਾਂ ਦੇ ਇੱਕ ਭਗਵਾਨ ਨੇ ਨਿਰਦਈਪੁਣੇ ਦੇ ਨਾਲ ਮਾਰ ਦਿੱਤਾ। ਹੁਣ ਅਮਿਤ ਸ਼ਾਹ ਉਸੇ ਵਾਮਨ ਦੇ ਜਨਮਦਿਨ ਨੂੰ ਬਤੌਰ ਕੇਰਲ ਦਾ ਓਨਮ ਹਿੰਦੂਵਾਦੀ ਠੱਪੇ ਦੇ ਨਾਲ ਮਨਾਉਣਾ ਚਾਹੁੰਦੇ ਹਨ।

ਜਿਥੇ ਬ੍ਰਾਹਮਣ ਦਗਾਬਾਜ਼ੀ ਕਰ ਰਹੇ ਸਨ ਉਥੇ ਬਹੁਜਨ (ਅਸੁਰ) ਬ੍ਰਾਹਮਣਾਂ ਉੱਤੇ ਵਿਸ਼ਵਾਸ ਕਰ ਕੇ ਸਮਝੌਤੇ ਦਾ ਪਾਲਣ ਕਰਦੇ ਸਨ। ਸਿੱਟੇ ਵਜੋਂ, ਬ੍ਰਾਹਮਣ ਚੁੱਪਕੇ ਤੋਂ ਜਾਂ ਛਲ ਨਾਲ ਬਹੁਜਨਾਂ ਉੱਤੇ ਵਾਰ ਕਰਨ ਲੱਗੇ। ਕਿਸੇ ਤੋਂ ਭੇਸ ਬਦਲ ਕੇ ਰਾਜ ਮੰਗਿਆ ਤਾਂ ਮਹਿਸਾਸੁਰ ਪ੍ਰਕਰਣ ਦੀ ਤਰ੍ਹਾਂ ਪਰੀ ਦਾ ਸਹਾਰਾ ਲਿਆ ਗਿਆ। ਜਦ ਮਹਿਸਾਸੁਰ ਦੁਰਗਾ ਦੀ ਕਹਾਣੀ ਤੋਂ ਸੱਭ ਵਾਕਫ ਹੋ ਗਏ ਸਨ ਜਦ ਜੇਐਨਯੂ ਦੇ ਪਰਚਿਆਂ ਉੱਤੇ ਉਸ ਸਮੇਂ ਦੇ ਮਾਨਵ ਸੰਸਾਧਨ ਮੰਤਰੀ ਸਮ੍ਰਿਤੀ ਈਰਾਨੀ ਨੇ ਸੰਘ ਦੀ ਮਾਨਸਿਕਤਾ ਜੱਗਜ਼ਾਹਰ ਕਰ ਦਿੱਤੀ ਸੀ।

ਇਕ ਹੋਰ ਉਦਾਹਰਨ ਵ੍ਰਿਤਰ ਅਤੇ ਇੰਦਰ ਦਾ ਲੈ ਸਕਦੇ ਹਾਂ। ਦੋਹਾਂ ਵਿੱਚ ਤੈਅ ਹੋਇਆ ਸੀ ਕਿ ਆਪਸ ਵਿੱਚ ਲੜਦੇ ਹੋਏ ਕਿਸੇ ਦੀ ਹੱਤਿਆ ਨਹੀਂ ਕਰਨੀ ਹੈ ਪਰੰਤੂ ਅਚਾਨਕ ਇੰਦਰ ਵਜਰ (ਇੰਦਰ ਦੇਵਤੇ ਦਾ ਹਥਿਆਰ) ਚੁੱਕਕੇ ਵ੍ਰਿਤਰ ਨੂੰ ਮਾਰਨ ਦੌੜਿਆ ਤਾਂ ਵ੍ਰਿਤਰ ਨੇ ਕਿਹਾ, 'ਮੈਂ ਆਪਣੀਆਂ ਸਾਰੀਆਂ ਸ਼ਕਤੀਆਂ ਤੁਹਾਨੂੰ ਦੇ ਦੇਂਦਾ ਹਾਂ। ਤੁਸੀਂ ਮੇਰਾ ਕਤਲ ਨਾ ਕਰੋ' ਇੰਦਰ ਨੇ ਉਸ ਦੀ ਫੇਰ ਵੀ ਹੱਤਿਆ ਕਰ ਦਿੱਤੀ।

ਦੁਸ਼ਮਣ ਨੂੰ ਛਲਕਪਟ ਨਾਲ ਮਾਰਨਾ, ਉਸ ਦੀ ਨਿੰਦਿਆ ਕਰ ਕੇ ਧਰਮਗਰੰਥਾਂ ਵਿੱਚ ਰਾਖ਼ਸ਼ ਅਸੁਰ ਦੱਸ ਕੇ ਬਦਨਾਮ ਕਰਨਾ ਇੰਦਰ ਵਰਗੇ ਬ੍ਰਾਹਮਣਾਂ ਦੇ ਦੇਵਤਿਆਂ ਦਾ ਸੁਭਾਅ ਰਿਹਾ ਹੈ। ਹਿਰਣਯਕਸ਼ਯਪ, ਪਹਿਲਾਦ, ਵਿਰੋਚਨ, ਮਹਾਂਬਲੀ, ਮਹਿਸਾਪੁਰ, ਖੰਡੋਬਾ ਵਰਗੇ ਗੈਰ ਆਰੀਆ ਰਾਜਿਆਂ ਦੇ ਨਾਲ ਵੀ ਅਜਿਹਾ ਹੀ ਹੋਇਆ ਸੀ।

ਵਾਮਨਪੁਰਾਣ ਵਿੱਚ ਮਹਾਂਬਲੀ ਅਤੇ ਵਾਮਨ ਦੀ ਕਥਾ ਹੈ। ਇਸ ਵਿੱਚ ਅਦਿਤਿ ਅਤੇ ਕ੍ਰਿਸ਼ਨ ਦੀ ਗੱਲਬਾਤ ਹੈ। ਕਥਾ ਵਿੱਚ ਬ੍ਰਾਹਮਣ ਕਹਿੰਦੇ ਹਨ ਕਿ ਜੋ ਮਨੁੱਖ 5, 3, ਜਾਂ ਦੋ ਬ੍ਰਾਹਮਣਾਂ ਨੂੰ ਭੋਜਨ ਦੇਂਦੇ ਹਨ ਉਹ ਪਰਮਗਤੀ ਨੂੰ ਪ੍ਰਾਪਤ ਹੁੰਦੇ ਹਨ। ਇਥੇ ਬ੍ਰਾਹਮਣਾਂ ਨੂੰ ਮਹੱਤਵਪੂਰਨ ਦੱਸਦੇ ਹੋਏ ਦਾਨਦੱਛਨਾ ਦੀ ਵੱਡਿਆਈ ਕੀਤੀ ਗਈ ਹੈ। ਜਦ ਅਨਾਰੀਆ ਰਾਜੇ ਬਲੀ ਨੇ ਯੱਗ ਦਾ ਵਿਰੋਧ ਕੀਤਾ ਤਾਂ ਬ੍ਰਾਹਮਣ ਉਸ ਦੇ ਖਿਲਾਫ਼ ਹੋ ਗਏ।

ਸ਼੍ਰੀਮਦਭਗਵਦ ਪੁਰਾਣ ਦੀ ਇਕ ਕਥਾ ਵਿੱਚ ਵਰਣਨ ਹੈ ਕਿ ਗੈਰ ਬ੍ਰਾਹਮਣ ਸ਼ਾਸਕ ਮਹਾਂਬਲੀ ਬ੍ਰਾਹਮਣਾਂ ਨੂੰ ਆਪਣੇ ਤਰਕਾਂ ਨਾਲ ਹਰਾ ਦੇਂਦੇ ਸਨ। ਫੇਰ ਵੀ ਉਸ ਨੇ ਬ੍ਰਾਹਮਣਾਂ ਨੂੰ ਯੱਗ ਦੇ ਲਈ ਧਰਤੀ ਦਿੱਤੀ। ਪਰੰਤੂ ਉਹ ਵਿਸ਼ੇਸ਼ਵਰਗ ਨੂੰ ਵਿਸ਼ੇਸ਼ ਲਾਭ ਦੇਣਦੇ ਖਿਲਾਫ ਸਨ। ਬ੍ਰਾਹਮਣਾਂ ਦੇ ਲਈ ਤਾਂ ਇਹ ਧਰਮਧਰੋਹ ਅਤੇ ਗੁਨਾਹ ਸੀ। ਇਸੇ ਲਈ ਲੋਭੀ ਅਤੇ ਕਪਟੀ ਵੈਦਿਕ ਨੇਤਾ ਵਾਮਨ ਨੇ ਬੌਨੇ ਦਾ ਰੂਪਧਾਰਨ ਕਰਕੇ ਉਸ ਦੀ ਹੱਤਿਆ ਕਰ ਦਿੱਤੀ। ਦਰਅਸਲ, ਬ੍ਰਾਹਮਣ ਕਿਸੇ ਅਜਿਹੇ ਨੂੰ ਰਾਜੇ ਦੇ ਰੂਪ ਵਿੱਚ ਦੇਖਣਾ ਨਹੀਂ ਚਾਹੁੰਦੇ ਸਨ ਜਿਹੜਾ ਪੂਜਾਪਾਠ, ਕਰਮਕਾਡਾਂ ਦੇ ਖਿਲਾਫ ਹੋਵੇ। ਅੱਜ ਵੀ ਇਹੀ ਸਥਿਤੀ ਹੈ।

ਸ਼ਤਪਤ ਬ੍ਰਾਹਮਣਾਂ ਨੇ ਸਪਸ਼ਟ ਕਿਹਾ ਹੈ ਕਿ ਕਸ਼ੱਤਰੀ ਸਿਰਫ਼ ਆਮ ਜਨਤਾ ਦਾ ਰਾਜਾ ਹੋ ਸਕਦਾ ਹੈ, ਬ੍ਰਾਹਮਣਾਂ ਦਾ ਨਹੀਂ। ਮਹਾਂਰਾਸ਼ਟਰ ਵਿੱਚ ਬ੍ਰਾਹਮਣਾਂ ਦਾ ਸ਼ਿਵਾਜੀ ਦੇ ਰਾਜ ਤਿਲਕ ਨੂੰ ਨਕਾਰਨਾ। ਜੇਮਸ ਲੇਨ ਦੇ ਕੋਲ ਉਸਦੀ ਬਦਨਾਮੀ ਕਰਨਾ, ਬਲੀ ਅਤੇ ਹੈਗ੍ਰਿਵ ਦੀ ਹੱਤਿਆ ਦੇ ਬਾਦ ਉਹਨਾਂ ਦੀ ਨਿੰਦਾ ਕਰ ਕੇ ਰਾਖ਼ਸ਼ ਦੇ ਤੌਰ ਉੱਤੇ ਚਰਚਿਤ ਕਰਨਾ ਬ੍ਰਾਹਮਣਵਾਦੀ ਸੋਚ ਦੇ ਹੀ ਨਮੂਨੇ ਹਨ ਜਿਹੜੇ ਹਜ਼ਾਰਾਂ ਸਾਲਾਂ ਤੋਂ ਚਲੇ ਆ ਰਹੇ ਹਨ। ਸ਼ਿਵਾਜੀ ਪ੍ਰਕਰਣ ਉਸ ਦਾ ਅਜੋਕਾ ਸੰਸਕਰਣ ਕਿਹਾ ਜਾ ਸਕਦਾ ਹੈ।

ਵਾਮਨਾਵਤਾਰ ਵਿੱਚ ਬ੍ਰਾਹਮਣਾਂ ਦੀ ਨਜ਼ਰ ਤੋਂ ਆਖੀ ਗਈ ਕਥਾ ਵੀ ਤਾਰਕਿਕ ਤੌਰ ਉੱਤੇ ਪੂਰੀ ਤਰ੍ਹਾਂ ਝੂਠ ਅਤੇ ਮਨਘੜੰਤ-ਕਾਲਪਨਿਕ ਹੈ। ਤਿੰਨ ਪੈਰਾਂ ਨਾਲ ਧਰਤੀ ਨਾਪਣਾ ਸਿਰਫ਼ ਅਤਿਸ਼ਿਉਕਤੀ (ਕਿਸੇ ਗੱਲ ਨੂੰ ਵਧਾ ਚੜ੍ਹਾ ਕੇ ਬਿਆਨ ਕੀਤਾ ਗਿਆ) ਅਤੇ ਵੱਡਿਆਈ ਪ੍ਰਸ਼ੰਸਾ ਕਰਨਾ ਹੈ। ਮਹਾਂਬਲੀ ਦੀ ਹੱਤਿਆ ਨੂੰ ਨਾਟਕੀ ਰੂਪ ਦੇਣ ਦੇ ਲਈ ਰਚੀ ਗਈ ਕਥਾ ਮਾਤਰ ਹੈ। ਜਿਵੇਂ ਕਿ ਮਹਾਂਰਾਸ਼ਟਰ ਦੇ ਸੰਤ ਤੁਕਾਰਾਮ ਦੇ ਬੈਕੁੰਠਗਸਨ ਦੀ ਕਥਾ ਬ੍ਰਾਹਮਣਵਾਦੀ ਨਜ਼ਰੀਏ ਤੋਂ ਰਚੀ ਗਈ ਹੈ। ਇਥੇ ਵੀ, ਤੁਕਾਰਾਮ ਦੀ ਛਲ ਨਾਲ ਹੱਤਿਆ ਕੀਤੀ ਗਈ ਹੈ ਪਰੰਤੂ ਨਾਟਕੀ ਰੂਪ ਦੇਣ ਅਤੇ ਸ਼ੂਦਰ ਅਤੇ ਦਲਿਤ ਸਮਾਜ ਦੇ ਗੁੱਸੇ ਤੋਂ ਬਚਣ ਲਈ ਕਿੱਸਾ ਰਚਿਆ ਗਿਆ ਹੈ ਕਿ ਉਹ ਸਿੱਦੇ ਜਹਾਜ ਦੁਆਰਾ ਸਵਰਗ ਚਲੇ ਗਏ। ਲੋਕਾਂ ਨੂੰ ਧੋਖੇ ਵਿੱਚ ਰੱਖਿਆ ਗਿਆ

ਹੈ। ਉਹਨਾਂ ਦੇ ਸਾਹਿਤ ਨੂੰ ਖਤਮ ਕਰਨ ਦੇ ਉਦੇਸ਼ ਨਾਲ ਬ੍ਰਾਹਮਣਾਂ ਨੇ ਉਹਨਾਂ ਨੂੰ ਨਦੀਆਂ ਵਿੱਚ ਵਹਾ ਦਿੱਤਾ। ਬਾਦ ਵਿੱਚ ਚਮਤਕਾਰ ਨਾਲ ਉਹਨਾਂ ਦੇ ਬਾਹਰ ਆਉਣ ਦੀ ਕਹਾਣੀ ਰਚੀ ਗਈ। ਜਦਕਿ ਉਹ ਸਾਹਿਤ ਜਗਨਾਡੇ ਮਹਾਰਾਜ ਨੇ ਦੋਬਾਰਾ ਲਿਖੇ ਸਨ।

ਦਰਅਸਲ, ਝੂਠੀਆਂ ਕਹਾਣੀਆਂ, ਧਾਰਮਕ ਗਰੰਥਾਂ ਦੇ ਜ਼ਰੀਏ ਲੋਕਾਂ ਨੂੰ ਕਰਮਕਾਡਾਂ ਵਿੱਚ ਡੁਬੋ ਦੇਣਾ ਅਤੇ ਸੱਚ ਜਾਂ ਝੂਠ ਉੱਤੇ ਤਰਕ ਕਰਨ ਦੀ ਸ਼ਕਤੀ ਬਰਬਾਦ ਕਰਨਾ ਬ੍ਰਾਹਮਣ ਸਮਾਜ ਦੀ ਰਣਨੀਤੀ ਅਤੇ ਆਦਤ ਰਹੀ ਹੈ। ਬ੍ਰਾਹਮਣਾਂ ਨੂੰ ਰੱਬ ਦੇ ਨਜ਼ਦੀਕ ਅਤੇ ਪੂਜਣਯੋਗ ਦੱਸਦੇ ਸਾਰੇ ਧਾਰਮਕ ਗਰੰਥਾਂ ਦੇ ਕਿੱਸੇ ਪੂਰੀ ਤਰ੍ਹਾਂ ਤੋਂ ਅਵਿਗਿਆਨਕ, ਅਤਾਰਕਿਕ ਅਤੇ ਪ੍ਰੋਪੇਗੰਡਾ ਸਰੀਖੇ ਹਨ ਜਿਹਨਾਂ ਨੂੰ ਅੱਜ ਧਰਮਚੀਰੂ ਲੋਕ ਸੱਚ ਮੰਨ ਕੇ ਧਾਰਮਕ ਅੰਧਵਿਸ਼ਵਾਸ ਦੀ ਕਾਲੀ ਗੁਫ਼ਾ ਵਿੱਚ ਰਹਿਣ ਨੂੰ ਤਿਆਰ ਹਨ। ਅਜਿਹੀ ਹੀ ਬ੍ਰਾਹਮਣਵਾਦੀ ਵਿਚਾਰਧਾਰਾ ਨਾਲ ਲੈਸ ਭਜਭਜ ਮੰਡਲੀ ਯਾਨੀ ਆਰ. ਐਸ. ਐਸ. ਅਤੇ ਭਾਜਪਾ ਵਰਗੇ ਦਲ ਅੱਜ ਜੇਕਰ ਵਾਮਨ ਦੇ ਜਨਮ ਦਿਨੋ ਨੂੰ ਮਨਾਉਣ ਉੱਤੇ ਜ਼ੋਰ ਦੇ ਰਹੇ ਹਨ ਅਤੇ ਹੈਗ੍ਰਿਵ, ਹਿਰਨਕਸ਼ਯਪ, ਮਹਾਂਬਲੀ, ਪਰਸੁਰਾਮ, ਖੰਡੋਬਾ ਦਾ ਉਤਸਵ ਨਹੀਂ ਮਨਾਉਣਾ ਚਾਹੁੰਦੇ ਤਾਂ ਸਿਰਫ਼ ਇਸ ਲਈ ਕਿ ਉਹ ਪੀੜਤ ਬਹੁਜਨ ਸਮਾਜ ਦੇ ਰਾਜਾ ਸਨ। ਭਜਭਜ ਮੰਡਲੀ ਵਾਮਨ, ਪਰਸੁਰਾਮ, ਵਿਸ਼ਨੂੰ ਜਯੰਤੀ, ਹੋਲੀ, ਦੀਵਾਲੀ ਅਤੇ ਗੁੜੀ ਪਡਣਾ ਵਰਗੇ ਤਿਉਹਾਰਾਂ ਨੂੰ ਹੱਲਾਸ਼ੇਰੀ ਇਸ ਲਈ ਦੇਂਦੀ ਹੈ, ਕਿਉਂਕਿ ਉਹ ਉਹਨਾਂ ਦੇ ਮਹਾਂਨਾਇਕ ਸਨ।

ਇਸ ਲਈ ਅਸਵਰਣ ਆਪਣੇ ਵਡੇਰਿਆਂ/ਪਿਤਰਾਂ ਦੀ ਛਲਕਪਟ ਨਾਲ ਹੋਈ ਹਾਰ ਦੇ ਪਲਾਂ ਨੂੰ ਬ੍ਰਾਹਮਣਾਂ ਦੇ ਵਿਜੇਉਤਸਵ ਦੇ ਰੂਪ ਵਿੱਚ ਕਿਉਂ ਮਨਾਉਣ? ਇਸ ਉੱਤੇ ਅਸਵਰਣ ਨਾਰਾਜ਼ ਹਨ। ਪੌਰਾਣਿਕ ਝਗੜਾ ਅੱਜ ਵੀ ਸਿੱਖਿਅਤ ਅਤੇ ਵਿਗਿਆਨਕ ਯੁੱਗ ਵਿੱਚ ਜਿਉਂਦਾ ਹੈ, ਇਹ ਆਪਣੇ ਆਪ ਵਿਚ ਮੂਰਖਤਾ ਅਤੇ ਹੱਠ ਧਰਮੀ ਹੈ ਅਤੇ ਇਸ ਉੱਤੇ ਹੈਰਾਨੀ ਵੀ ਹੈ।

2016 ਵਿੱਚ ਵੀ ਕੁੱਝ ਵੀ ਨਹੀਂ ਬਦਲਿਆ ਹੈ। ਭੂਤਕਾਲ ਅਤੇ ਧਾਰਮਕ ਕਥਾਵਾਂ ਦੇ ਬ੍ਰਾਹਮਣਾਂ ਦੀ ਭੂਮਿਕਾ ਅੱਜ ਕੱਟੜ ਵਰਗ ਅਦਾ ਕਰ ਰਿਹਾ ਹੈ। ਪ੍ਰਾਚੀਨਕਾਲ ਦੀ ਸਦੀਆਂ ਪੁਰਾਣੀ ਅੰਧਵਿਸ਼ਵਾਸ ਅਤੇ ਬ੍ਰਾਹਮਣਗਾਨ ਨਾਲ ਲਿਪਟੀ ਕਹਾਣੀਆਂ ਨੂੰ ਵੱਖ ਵੱਖ ਢੰਗਾਂ ਨਾਲ ਸ਼ੂਦਰਾਂ ਅਤੇ ਦਲਿਤਾਂ ਦੇ ਸਮਾਜ ਉੱਤੇ ਉੱਚਾ ਵਰਗ ਥੋਪਨਾ ਚਾਹੁੰਦਾ ਹੈ। ਸੰਘ ਦੇ ਮੁੱਖਪਾਤਰ ਵਿੱਚ ਵਾਮਨ ਕਥਾ ਨੂੰ ਉਛਾਲਣਾ ਉਸੇ ਰਣਨੀਤੀ ਦਾ ਹਿੱਸਾ ਹੈ। ਅਮਿਤ ਸ਼ਾਹ ਦਾ ਵਾਮਨ ਦਾ ਮਹਾਂਬਲੀ ਦੇ ਸਿਰ ਉੱਤੇ ਪੈਰ ਰੱਖਣ ਵਾਲਾ ਬੈਨਰ ਉਸੇ ਸ਼ੜਯੰਤਰ ਦਾ ਹਿੱਸਾ ਹੈ।

ਕੇਰਲ ਦੀ ਇੱਕ ਚੋਣ ਸਭਾ ਵਿੱਚ ਨਰੇਂਦਰ ਮੋਦੀ ਨੇ ਆਪਣੇ ਆਪ ਨੂੰ ਸ਼ੂਦਰ ਅਤੇ ਓ. ਬੀ. ਸੀ. ਦੱਸਿਆ ਸੀ। ਉਹਨਾਂ ਨੇ ਇਹ ਵੀ ਕਿਹਾ ਸੀ, "ਜੇਕਰ ਉਹ ਪ੍ਰਧਾਨਮੰਤਰੀ ਬਣਦੇ ਹਨ ਤਾਂ ਉਹਨਾਂ ਦਾ ਸ਼ਾਸਨ ਦਲਿਤ ਅਤੇ ਓ. ਬੀ. ਸੀ. ਦੇ ਲਈ ਹੋਵੇਗਾ।"

ਕੇਰਲ ਦਾ ਤਿਉਹਾਰ ਓਨਮ/ਓਣਮ ਵੀ ਸ਼ੂਦਰਾਂ ਦੇ ਲਈ ਸਮਾਜਿਕ ਸ਼ਕਤੀਕਰਨ ਦਾ ਪ੍ਰਤੀਕ ਹੈ। ਪਰ ਇਹ ਉਸ ਵਾਅਦੇ ਦੇ ਉਲਟ ਹੈ ਜੋ ਸਟੇਜਾਂ ਉੱਤੇ ਕੀਤਾ ਗਿਆ ਹੈ।

ਦਰਅਸਲ, ਇਹ ਸਾਰੇ ਪ੍ਰਕਰਨ ਕਿਤੇ ਲਾ ਦਿਤੇ ਰਾਜਨੀਤਕ ਮੋਰਚੇ ਉਤੇ ਉੱਚੇ ਵਰਗਾਂ ਦੇ ਨਾਲ ਨਾਲ ਸ਼ੂਦਰਾਂ ਅਤੇ ਦਲਿਤਾਂ ਨੂੰ ਵੀ ਵੋਟਬੈਂਕ ਦੀ ਚਾਸ਼ਨੀ ਵਿੱਚ ਲਪੇਟਣ ਦੀ ਹੀ ਤਿਆਰੀ ਹਨ।

ਇਸੇ ਦੌਰਾਨ ਦਲਿਤ ਅਤੇ ਓ. ਬੀ. ਸੀ. ਨੂੰ ਨੇੜੇ ਲਿਆਉਣ ਦੇ ਲਈ ਦਲਿਤਭੋਜ ਦਾ ਸਵਾਂਗ ਵੀ ਰਚਿਆ ਗਿਆ ਹੈ। ਪਰੰਤੂ ਇਸ ਦੀ ਅਸਲੀ ਤਸਵੀਰ ਬੀਜੇਪੀ ਸ਼ਾਨ ਵਿੱਚ ਵਾਮਨ ਦੇ ਰੂਪ ਵਿੱਚ ਸ਼ੂਦਰ ਦੇ ਦਮਨ (ਦਬਾਉ; ਸਜ਼ਾਸ ਡੰਨਸ) ਦੇ ਤੌਰ ਉੱਤੇ ਦਿੱਸ ਰਿਹਾ ਹੈ।

ਇਕ ਮਲਯਾਲੀ ਲੋਕਗੀਤ, ਜਿਸਨੂੰ ਦਲਿਤ ਕਵੀ ਸ਼ਮਨ ਪਕਨਾਰ ਨੇ 16 ਵੀਂ ਸਦੀ ਵਿੱਚ ਰਚਿਆ ਸੀ, ਉਸ ਬ੍ਰਾਹਮਣਵਾਦੀ ਸ਼ੜਯੰਤਰ ਦਾ ਖੁਲਾਸਾ ਕਰ ਗਿਆ ਸੀ ਜਿਸ ਨੇ 8 ਵੀਂ ਅਤੇ 12 ਵੀਂ ਸਦੀ ਦੇ ਵਿਚ ਕੇਰਲ ਵਿੱਚ ਜਾਤੀਵਾਦੀ ਅਤੇ ਸਾਮੰਤੀ ਹਿੰਦੂ ਵਿਵਸਥਾ ਦੀ ਕਾਇਮੀ/ ਸਥਾਪਨਾ ਕੀਤੀ ਸੀ। ਦਲਿਤਾਂ ਅਤੇ ਸ਼ੂਦਰਾਂ ਦੇ ਸੁਰ ਨੂੰ ਜਿਸ ਤਰ੍ਹਾਂ ਮਹਾਂਬਲੀ ਅਤੇ ਮਹਿਸਾਸੁਰ ਦੀ ਆੜ ਵਿੱਚ ਦਬਾਇਆ ਗਿਆ ਉਹੀ ਕੰਮ ਹੁਣ ਤੀਜ ਤਿਉਹਾਰਾਂ, ਮਾਨਤਾਵਾਂ ਅਤੇ ਇਤਿਹਾਸ ਵਿੱਚ ਅਦਲਾ-ਬਦਲੀ ਕਰਕੇ ਕੀਤਾ ਜਾ ਰਿਹਾ ਹੈ।

## ਭੂਚਾਲ

✪ ਭੂਚਾਲ(Earthquake) ਦੇ ਆਉਣ ਦਾ ਮੁੱਖ ਕਾਰਣ। ਇਹ ਕਿਉਂ? ਕਦੋਂ? ਤੇ ਕਿੱਥੇ? ਆਉਂਦੇ ਹਨ।

✪ Tectonic plates ਦੀ Movement ਕਰਕੇ ਕਈ ਵਾਰ ਧਰਤੀ ਦੀ Crust ਵੰਡੀ ਜਾਂਦੀ ਹੈ। ਜਦੋਂ Tectonic plates ਆਪਣੀ ਧੀਮੀ ਗਤੀ ਨਾਲ ਚਲਦੀਆਂ ਹਨ ਤਾਂ ਇਹ ਧਰਤੀ ਦੀ Crust ਉੱਪਰ ਆਪਣਾ ਦਬਾਅ ਬਣਾਉਂਦੀਆਂ ਰਹਿੰਦੀਆਂ ਹਨ ਤੇ ਜਦੋਂ ਇਹ ਦਬਾਅ ਬਹੁਤ ਜ਼ਿਆਦਾ ਹੋ ਜਾਂਦਾ ਹੈ ਤਾਂ ਧਰਤੀ ਦੀ Crust ਵਿੱਚ ਇਸ ਦਬਾਅ ਨੂੰ ਰੋਕ ਕੇ ਰੱਖਣ ਦੀ ਸਮਰੱਥਾ ਖ਼ਤਮ ਹੋ ਜਾਂਦੀ ਹੈ। ਇਹ ਦਬਾਅ ਧਰਤੀ ਵਿੱਚ ਕੰਪਨ ਪੈਦਾ ਕਰਕੇ Dischargeਹੋ ਜਾਂਦਾ ਹੈ। ਇਸ ਨਾਲ ਧਰਤੀ ਦੀ Crust ਫ਼ਟ ਵੀ ਜਾਂਦੀ ਹੈ ਜਿਸ ਨਾਲ ਵੱਡੇ ਵੱਡੇ ਖੱਡੇ ਪੈ ਜਾਂਦੇ ਹਨ ਤੇ ਧਰਤੀ ਵਿੱਚ ਇਸ ਕੰਪਨ ਕਰਕੇ ਹਿੱਲਜੁਲ ਹੁੰਦੀ ਹੈ, ਇਸ ਪ੍ਰਕਿਰਿਆ



ਨੂੰ ਭੂਚਾਲ ਆਖਦੇ ਹਨ।

✪ LOCATOIN OF EARTHQUAKES - ਭੂਚਾਲ ਮੁੱਖ ਤੌਰ 'ਤੇ Tectonic plates ਦੇ Borders 'ਤੇ ਆਉਂਦੇ ਹਨ, ਜਦੋਂ ਦੋ ਪਲੇਟਾਂ ਆਪਸ ਵਿੱਚ ਟਕਰਾਉਂਦੀਆਂ ਹਨ ਤਾਂ ਇਹ ਦਬਾਅ ਭੂਚਾਲ ਪੈਦਾ ਕਰਦਾ ਹੈ। ਆਮ ਤੌਰ 'ਤੇ ਇਹ HIMALAYAN ਖੇਤਰ ਵਿੱਚ ਜ਼ਿਆਦਾ ਆਉਂਦੇ ਹਨ।

✪ ਕੰਪਨ ਦਾ ਅਸਲੀ ਪੁਆਇੰਟ ਧਰਤੀ ਦੇ ਹੇਠਾਂ ਡੂੰਘਾਈ ਵਿੱਚ ਹੁੰਦਾ ਹੈ, ਇਸ ਨੂੰ HYPOCENTRE ਆਖਦੇ ਹਨ। ਧਰਤੀ ਦੇ ਧਰਾਤਲ 'ਤੇ HYPOCENTRE ਦੇ ਬਿਲਕੁਲ ਉੱਪਰ ਜੋ POINT ਬਣਦਾ ਹੈ ਇਸ ਨੂੰ EPICENTRE ਆਖਦੇ ਹਨ।

✪ ਵਿਗਿਆਨੀ EPICENTRE ਤੋਂ ਭੂਚਾਲ ਗ੍ਰਸਤ ਖੇਤਰਾਂ ਤੱਕ ਪਹੁੰਚਣ ਲਈ ਕੰਪਨ ਤਰੰਗਾਂ ਦੁਆਰਾ ਲਗਾਏ ਗਏ ਸਮੇਂ ਤੋਂ ਭੂਚਾਲ ਬਾਰੇ ਜਾਣਕਾਰੀ ਦਿੰਦੇ ਹਨ। ਵਿਗਿਆਨੀ seismic stations ਦੇ ਦੁਆਲੇ ਇੱਕ ਇੱਕ ਚੱਕਰ ਮਾਰਦੇ ਹਨ ਇਹ ਚੱਕਰ ਜਿਸ ਥਾਂ 'ਤੇ ਮਿਲਦੇ ਹਨ, ਉਹ intersection ਪੁਆਇੰਟ EPICENTRE ਹੁੰਦਾ ਹੈ ਇਸ ਦੇ ਬਿਲਕੁਲ ਨੀਚੇ HYPOCENTRE ਹੁੰਦਾ ਹੈ।

✪ ਭੂਚਾਲ ਦੀ ਤੀਬਰਤਾ ਕਿਵੇਂ ਮਾਪੀ ਜਾਂਦੀ ਹੈ? -ਕਿਸੇ ਭੂਚਾਲ ਦੀ ਤੀਬਰਤਾ ਭੂਚਾਲ ਦੁਆਰਾ ਧਰਤੀ ਦੀ Crust ਵਿੱਚ ਪੈਦਾ ਕੀਤੀਆਂ ਤਰੰਗਾਂ ਨੂੰ SEISMOGRAPH ਯੰਤਰ RECORD ਕਰਕੇ ਪਤਾ ਕੀਤੀ ਜਾਂਦੀ ਹੈ। ਅਸੀਂ ਭੂਚਾਲ ਉਦੋਂ ਮਹਿਸੂਸ ਕਰਦੇ ਹਾਂ।



# ਆਖ਼ਿਰ ਰਹੱਸਮਈ ਘਟਨਾਵਾਂ ਬੰਦ ਹੋ ਗਈਆਂ

## (ਘਰ ਦੇ ਜੀਅ ਟੋਕਰੇ ਸਿਰਾਂ ਤੇ ਮੂਧੇ ਮਾਰਦੇ)

**ਰਾਜਾਰਾਮ ਹੰਡਿਆਇਆ**

ਉੱਤਰ ਪ੍ਰਦੇਸ਼ ਦੇ ਜਿਲ੍ਹਾ ਸ਼ਾਹਜਹਾਂਨਪੁਰ ਦੇ ਇੱਕ ਪਿੰਡ ਵਿੱਚ ਰਹੱਸਮਈ ਘਟਨਾਵਾਂ ਵਾਪਰਨ ਲੱਗ ਪਈਆਂ। ਘਰ ਵਿੱਚ ਅਚਾਨਕ ਕੱਪੜਿਆਂ ਨੂੰ ਅੱਗ ਲੱਗ ਜਾਂਦੀ। ਕੱਪੜੇ ਜ਼ਲੇ ਹੋਏ ਸਭ ਨੂੰ ਦਿਖਾਈ ਦਿੰਦੇ ਪਰ ਅੱਗ ਲਾਉਣ ਵਾਲੇ ਦਾ ਪਤਾ ਨਾ ਲਗਦਾ। ਫਿਰ ਅਚਾਨਕ ਘਰ ਵਿੱਚ ਇੱਟਾਂ-ਰੋੜੇ ਮਾਰਨ ਵਾਲੇ ਦਾ ਪਤਾ ਨਾ ਲਗਦਾ। ਇਸ ਤੋਂ ਬਿਨਾਂ ਘਰ ਵਿੱਚੋਂ ਚੀਜ਼ਾਂ ਗਾਇਬ ਹੋ ਜਾਂਦੀਆਂ ਅਤੇ ਕੁੱਝ ਦਿਨਾਂ ਬਾਅਦ ਇੱਧਰੋਂ-ਉੱਧਰੋਂ ਲੱਭ ਜਾਂਦੀਆਂ। ਹੌਲੀ-ਹੌਲੀ ਘਰ ਦੇ ਸਾਰੇ ਮੈਂਬਰਾਂ ਨੂੰ ਪ੍ਰੇਤ-ਆਤਮਾਵਾਂ ਦਿਖਣ ਲੱਗ ਪਈਆਂ। ਲੰਮਾ ਸਮਾਂ ਇਹ ਸਿਲਸਿਲਾ ਚਲਦਾ ਰਿਹਾ।

ਘਰ ਵਿੱਚ ਰਹੱਸਮਈ ਘਟਨਾਵਾਂ ਹੋਣ ਅਤੇ ਪ੍ਰੇਤ-ਆਤਮਾਵਾਂ ਦੇ ਸਰ੍ਹੇਆਮ ਦਿਖਾਈ ਦੇਣ ਕਾਰਨ ਪਰਿਵਾਰ ਵਿਚ ਦਹਿਸ਼ਤ ਦਾ ਮਾਹੌਲ ਪੈਦਾ ਹੋ ਗਿਆ। ਪੂਰਾ ਕਿਸਾਨੀ ਪਰਿਵਾਰ ਹੁਣ ਇਸਦਾ ਹੱਲ ਲੱਭਣ ਵੱਲ ਤੁਰ ਪਿਆ। ਬਹੁਤੇ ਪੰਜਾਬੀ ਕਿਸਾਨਾ ਦਾ ਝੁਕਾਅ ਸਿੱਖ-ਧਰਮ ਵੱਲ ਹੀ ਹੁੰਦਾ ਹੈ। ਇਸ ਕਰਕੇ ਪੰਜਾਬ ਤੋਂ ਉੱਤਰ-ਪ੍ਰਦੇਸ਼ ਪੁੱਜਿਆ ਇਹ ਪਰਿਵਾਰ ਆਪਣੀ ਸਿੱਖੀ-ਸੋਚ ਵੀ ਨਾਲ ਲੈ ਕੇ ਗਿਆ ਸੀ। ਭਾਵੇਂ ਵਿਦਵਾਨ ਸਿੱਖ-ਧਰਮ ਵਿੱਚ ਭੂਤਾਂ-ਪ੍ਰੇਤਾਂ ਦੀ ਹੋਂਦ ਨੂੰ ਨਕਾਰਦੇ ਹਨ ਪਰ ਸਧਾਰਨ ਸਿੱਖ ਗੁਰਬਾਨੀ ਵਿੱਚ ਭੂਤਾਂ-ਪ੍ਰੇਤਾਂ ਦੇ ਆਉਂਦੇ ਜ਼ਿਕਰ ਨੂੰ ਵੀ ਇਸ ਸੱਚਾਈ ਨਾਲ ਜੋੜ ਕੇ ਚੱਲਦੇ ਹਨ ਅਤੇ ਰਹੱਸਮਈ ਘਟਨਾਵਾਂ ਕਰਨ ਲੱਗ ਪੈਣ, ਤਾਂ ਇਸਦਾ ਹੱਲ ਵੀ ਪਾਠ ਕਰਨ ਨਾਲ ਅਤੇ ਕਿਸੇ ਗੁਰੂਘਰ ਵਿੱਚੋਂ ਲਿਆਂਦੇ ਪਵਿੱਤਰ ਜਲ ਦਾ ਛਿੜਕਾਓ ਕਰਨ ਨਾਲ ਹੋ ਜਾਂਦਾ ਹੈ। ਇਸੇ ਸੋਚ ਅਨੁਸਾਰ ਹੁਣ ਪਰਿਵਾਰ ਭਿੰਨ-ਭਿੰਨ ਥਾਵਾਂ ਉੱਤੇ ਜਾਣ ਲੱਗਾ।

ਸਿੱਖੀ-ਸੋਚ ਹੋਣ ਕਾਰਨ ਭਾਵੇਂ ਪਰਿਵਾਰ ਵੱਖ-ਵੱਖ ਧਾਰਮਕ ਸਥਾਨਾਂ ਉੱਤੇ ਭਟਕਦਾ ਰਿਹਾ ਅਤੇ ਕਿੱਤੋਂ ਵੀ ਸੱਮਸਿਆ ਦਾ ਹੱਲ ਨਾ ਮਿਲ ਸਕਿਆ। ਨਾ ਚਾਹੁੰਦਿਆ ਹੋਇਆ ਵੀ ਇਕ ਮੁਸਲਮਾਨ ਸਿਆਣੇ ਤੋਂ ਇਲਾਜ਼ ਕਰਵਾਇਆ ਗਿਆ ਪਰ ਪ੍ਰੇਤ-ਆਤਮਾ ਇਸ ਸਿਆਣੇ ਕੋਲ ਜਾਣ ਤੋਂ ਬਾਅਦ ਵੱਧ ਨਾਰਾਜ਼ ਹੋ ਗਈ ਅਤੇ ਅੱਗ ਲੱਗਣ ਅਤੇ ਇੱਟਾਂ ਰੋੜੇ ਮਾਰਨ ਦੀਆਂ ਘਟਨਾਵਾਂ ਵੱਧ ਮਾਤਰਾ ਵਿੱਚ ਹੋਣ ਲੱਗ ਪਈਆਂ। ਇੱਥੋਂ ਤੱਕ ਕਿ ਗੁਆਂਢ ਵਿਚ ਵਸਦੇ ਘਰ ਦੇ ਬਾਹਰਲੇ ਸਾਰੇ ਸ਼ੀਸ਼ੇ ਇਸ ਅਖੌਤੀ ਪ੍ਰੇਤ ਆਤਮਾ ਨੇ ਭੰਨ ਦਿੱਤੇ। ਇਹ ਪ੍ਰੇਤ-ਆਤਮਾ ਪਰਿਵਾਰ ਦੇ ਇੱਕ ਮੈਂਬਰ ਦੇ ਸਿਰ ਚੜ੍ਹ ਬੋਲਦੀ ਸੀ ਅਤੇ ਪਰਿਵਾਰ ਦੇ ਬਹੁਤੇ ਮੈਂਬਰਾਂ ਨੂੰ ਅੱਡ-ਅੱਡ ਰੂਪਾਂ ਵਿੱਚ ਦਿਖਾਈ ਦਿੰਦੀ ਸੀ। ਘਰ ਦੇ ਇੱਕ ਮੈਂਬਰ ਨੂੰ ਤਾਂ ਘਰ ਵਿੱਚ ਵਾਪਰਨ ਵਾਲੀਆਂ ਘਟਨਾਵਾਂ ਦਾ ਪਹਿਲਾਂ ਹੀ ਪਤਾ ਚੱਲ ਜਾਂਦਾ ਸੀ। ਕੁੱਝ ਸਮੇਂ ਬਾਅਦ ਹੀ ਘਰ ਵਿੱਚ ਕਿਸੇ ਨਾ ਕਿਸੇ ਥਾਂ ਤੇ ਅੱਗ ਲੱਗ ਜਾਂਦੀ ਸੀ।

**ਤਰਕਸ਼ੀਲਾ ਤੱਕ ਪਹੁੰਚ** :- ਜਦੋਂ ਘਟਨਾਵਾਂ ਬੰਦ ਨਾ ਹੋਈਆਂ ਤਾਂ ਪਰਿਵਾਰ ਨੇ ਆਪਣੇ ਪੰਜਾਬ ਵਸਦੇ ਰਿਸਤੇਦਾਰਾਂ ਨਾਲ ਆਪਣਾ ਦੁੱਖ ਸਾਂਝਾ ਕੀਤਾ। ਅਜਿਹੀਆਂ ਰਹੱਸਮਈ ਘਟਨਾਵਾਂ ਦੇ ਹੱਲ ਵਾਸਤੇ ਤਰਕਸ਼ੀਲਾਂ ਦੀ ਪੂਰੀ ਪ੍ਰਸਿਧੀ ਹੋ ਚੁੱਕੀ ਹੈ। ਪਿੰਡ-ਪਿੰਡ ਵਿੱਚ ਤਰਕਸ਼ੀਲ ਸਾਹਿਤ ਪਹੁੰਚਣ ਕਾਰਨ ਹੁਣ ਲੋਕਾਂ ਨੂੰ ਪਤਾ ਲੱਗ ਚੁੱਕਿਆ ਹੈ ਕਿ ਅਜਿਹੀਆਂ ਘਟਨਾਵਾਂ ਦਾ ਸਹੀ ਹੱਲ ਤਰਕਸ਼ੀਲ ਸੁਸਾਇਟੀ ਕੋਲ ਹੀ ਹੁੰਦਾ ਹੈ। ਪਰਿਵਾਰ ਦੀ ਇੱਕ ਧੀ ਲੁਧਿਆਣੇ ਜਿਲ੍ਹੇ ਵਿੱਚ ਵਿਆਹੀ ਹੋਈ ਸੀ ਅਤੇ ਇਸਦਾ ਪਤੀ ਤਰਕਸ਼ੀਲ ਲਹਿਰ ਬਾਰੇ ਜਾਣਦਾ ਸੀ। ਇਸਨੇ ਘਟਨਾਵਾਂ ਦੇ ਵਿਗਿਆਨਕ ਹੱਲ ਲਈ ਪਰਿਵਾਰ ਨੂੰ ਤਰਕਸ਼ੀਲਾਂ ਬਾਰੇ ਜਾਣਕਾਰੀ ਦਿੱਤੀ। ਤਰਕਸ਼ੀਲ ਲਹਿਰ ਦੇ ਬਾਨੀ ਮੇਘਰਾਜ ਮਿੱਤਰ ਅਤੇ ਤਰਕਸ਼ੀਲ ਸੁਸਾਇਟੀ ਭਾਰਤ ਦੇ ਪ੍ਰਧਾਨ ਰਾਜਾ ਰਾਮ ਹੰਡਿਆਇਆ ਨਾਲ ਸੰਪਰਕ ਕੀਤਾ ਗਿਆ।

ਸੰਪਰਕ ਕਰਨ ਤੋਂ ਬਾਅਦ ਵੀ ਇੱਕ ਮਹੀਨਾ ਤੱਕ ਪਰਿਵਾਰ ਜਕੋ-ਤਕੀ ਵਿੱਚ ਪਿਆ ਰਿਹਾ। ਪ੍ਰੇਤ-ਆਤਮਾ ਪਰਿਵਾਰ ਦੇ ਇੱਕ ਨੌਜੁਆਨ ਮੁੰਡੇ ਰਾਂਹੀ ਤਰਕਸ਼ੀਲਾਂ ਨੂੰ ਨਾ ਸੱਦਣ ਬਾਰੇ ਜ਼ੋਰ ਪਾ ਰਹੀ ਸੀ। ਪਰ ਪਰਿਵਾਰ ਦਾ ਹਰ ਰੋਜ਼ ਨਵਾਂ ਨੁਕਸਾਨ ਹੋਈ ਜਾ ਰਿਹਾ ਸੀ। ਆਖ਼ਿਰ ਮਜ਼ਬੂਰ ਹੋ ਕੇ ਤਰਕਸ਼ੀਲਾਂ ਨੂੰ ਸੱਦਣਾ ਪਿਆ। ਪਰਿਵਾਰ ਦੇ ਜੁਆਈ ਰੇਲ ਰਾਹੀਂ ਤਰਕਸ਼ੀਲ ਟੀਮ ਨੂੰ ਲੈ ਕੇ ਉੱਤਰ ਪ੍ਰਦੇਸ਼ ਦੇ ਸਾਹਜਹਾਂਨਪੁਰ ਜਿਲ੍ਹੇ ਵਿੱਚ ਵਸਦੇ ਇਸ ਪਰਿਵਾਰ ਕੋਲ ਪੁੱਜ ਗਿਆ। ਦੋ ਪਰਿਵਾਰ ਨੇੜੇ-ਨੇੜੇ ਦੋ ਘਰਾਂ ਵਿੱਚ ਵਸਦੇ ਸਨ।

ਇਕ ਪਰਿਵਾਰ ਵਿੱਚ ਮਾਤਾ-ਪਿਤਾ, ਦੋ ਭਰਾ, ਵੱਡੇ ਦੀ ਪਤਨੀ ਅਤੇ ਦੋ ਮੁੰਡੇ ਵਸਦੇ ਸਨ। ਛੋਟੇ ਭਰਾ ਦਾ ਤਲਾਕ ਹੋ ਚੁੱਕਿਆ ਸੀ। ਇਹ ਛੋਟਾ ਭਰਾ, ਜਿਸਦੇ ਕੋਈ ਔਲਾਦ ਨਹੀਂ ਸੀ ਅਤੇ ਆਪਣੀ ਪਤਨੀ ਨੂੰ ਤਲਾਕ ਦੇ ਚੁੱਕਿਆ ਸੀ, ਅਸਲ ਵਿੱਚ ਘਰ ਦਾ ਲਾਣੇਦਾਰ ਸੀ। ਭਾਵੇਂ ਇਹ ਪੜ੍ਹਿਆ-ਲਿਖਿਆ ਅਤੇ ਡਾਕਟਰੀ ਦੀ ਪ੍ਰੈਕਟਿਸ ਕਰਦਾ ਰਿਹਾ ਸੀ ਪਰ ਅਸਲ ਵਿੱਚ ਬਹੁਤ ਹੀ ਲਾਈਲੱਗ, ਡਰਪੋਕ ਅਤੇ ਅੰਧਵਿਸ਼ਵਾਸ਼ੀ ਸੀ। ਮਾਤਾ-ਪਿਤਾ ਜਿਹਨਾਂ ਦੀ ਉਮਰ 80-85 ਸਾਲ ਦੀ ਸੀ, ਅਸਲ ਵਿੱਚ ਸਿੱਖੀ ਸੋਚ ਵਾਲੇ ਪਰ ਅੰਧਵਿਸ਼ਵਾਸ਼ੀ ਅਤੇ ਭੂਤਾਂ-ਪ੍ਰੇਤਾਂ ਤੋਂ ਡਰ ਵਾਲੇ ਸਨ। ਵੱਡਾ ਭਰਾ ਕੁੱਝ ਨਿਡਰ ਸੀ ਪਰ ਬੜਬੋਲਾ, ਗੁੱਸੇਖੋਰ ਅਤੇ ਸ਼ਰਾਬ ਦਾ ਨਸ਼ਾ ਕਰਨ ਵਾਲਾ ਸੀ। ਉਸਦੀ ਪਤਨੀ ਅਨਪੜ੍ਹ ਅਤੇ ਅੰਧਵਿਸ਼ਵਾਸ਼ੀ ਸੀ। ਇਸਦੇ ਦੋ ਮੁੰਡੇ ਸਨ ਜਿਹਨਾਂ ਵਿੱਚੋਂ ਵੱਡਾ ਬੀ.ਕਾਮ ਵਿੱਚੋਂ ਆਪਣੀ ਪੜ੍ਹਾਈ ਛੱਡ ਚੁੱਕਿਆ ਸੀ ਪਰ ਛੋਟਾ ਕਨੇਡਾ ਦੀ ਸਟੱਡੀ ਵੀਜ਼ਾ ਲੁਆ ਕੇ ਬਾਹਰ ਚੱਲਾ ਗਿਆ ਸੀ।

ਵੱਡਾ ਮੁੰਡਾ ਉਸਦੇ ਚਲੇ ਜਾਣ ਬਾਅਦ ਮਾਨਸਿਕ-ਰੋਗੀ ਹੋ ਚੁੱਕਿਆ ਸੀ ਜਿਸਦਾ ਸ਼ਹਿਰ ਦੇ ਡਾਕਟਰ ਤੋਂ ਇਲਾਜ ਚੱਲ ਰਿਹਾ ਸੀ।

ਤਹਿਕੀਕਾਤ ਦੌਰਾਨ ਪਤਾ ਲੱਗਾ ਕਿ ਸਭ ਤੋਂ ਪਹਿਲਾਂ ਕਨੇਡਾ ਜਾਣ ਵਾਲੇ ਮੁੰਡੇ ਨੂੰ ਹੀ ਇੱਥੇ ਕੋਈ ਚੀਜ਼ ਦਿਖਾਈ ਦਿੱਤੀ ਸੀ। ਉਹ ਤਾਂ ਚਲਾ ਗਿਆ ਫਿਰ ਵੱਡੇ ਭਰਾ ਨੂੰ ਕੁੱਝ ਦਿਖਾਈ ਦਿੱਤਾ। ਜਦੋਂ ਉਸਨੇ ਇਸ ਚੀਜ਼ ਨੂੰ ਛੂਹਿਆ ਤਾਂ ਇਹ ਪਿਲਪਿਲੇ ਜਿਹੇ ਸਿਰ ਵਾਲੀ ਕੋਈ ਅਜ਼ੀਬ ਚੀਜ਼ ਸੀ ਜੋ ਕੁੱਝ ਸਮੇਂ ਬਾਅਦ ਅਲੋਪ ਹੋ ਗਈ। ਬੱਸ ਫੇਰ ਏਹੀ ਚੀਜ਼ ਰੂਪ ਬਦਲ-ਬਦਲ ਸਭ ਨੂੰ ਦਿਖਾਈ ਦੇਣ ਲੱਗੀ। ਕਿਸੇ ਨੂੰ ਬਹੁਤ ਵੱਡੇ ਅਕਾਰ ਵਿਚ ਦਿਖ ਦੀ ਕਿਸੇ ਨੂੰ ਛੋਟੀ ਬਣਕੇ। ਘਰ ਦੇ ਬਜ਼ੁਰਗ ਜੋੜੇ ਨੂੰ ਵੀ ਇਹ ਬਹੁਤ ਵੱਡੀ ਦਿਖਾਈ ਦਿੱਤੀ। ਪਰ ਸਭ ਤੋਂ ਵੱਧ ਇਹ ਵੱਡੇ ਮਾਨਸਿਕ-ਰੋਗੀ ਮੁੰਡੇ ਨੂੰ ਹੀ ਵੱਧ ਦਿਖਾਈ ਦਿੰਦੀ ਸੀ। ਉਸ ਕੋਲੋ ਹੀ ਇਹ ਇੱਟਾਂ ਰੋੜੇ ਸੁਟਵਾਉਂਦੀ ਅਤੇ ਅੱਗ ਲਵਾਉਂਦੀ ਸੀ। ਇੱਕ ਦਿਨ ਅਚਾਨਕ ਹੀ ਇਸ ਚੀਜ਼ ਨੇ ਵੱਡਾ ਸਫ਼ੈਦੇ ਦਾ ਦਰੱਖ਼ਤ ਅੱਧ-ਵਿਚਕਾਰੋਂ ਤੋੜ ਦਿੱਤਾ ਸੀ। ਬਾਹਰ ਇਕ ਸ਼ੈੱਡ ਨੂੰ ਅੱਗ ਲਾ ਦਿੱਤੀ ਸੀ। ਜਦੋਂ ਘਰ ਵਿੱਚ ਇੱਟਾਂ ਰੋੜੇ ਵਜਦੇ ਸਨ ਤਾਂ ਸਾਰੇ ਪਰਿਵਾਰਕ ਮੈਂਬਰ ਆਪਣੇ ਸਿਰ ਉੱਤੇ ਟੋਕਰੇ ਲੈ ਕੇ ਬਾਹਰ ਨਿਕਲਦੇ ਸਨ। ਪਰ ਇਹ ਰੋੜੇ ਕਦੇ ਕਿਸੇ ਨੂੰ ਲੱਗੇ ਨਹੀਂ ਸਨ। ਪਰ ਅੱਗ ਦੇ ਕਾਰਨ ਕਾਫ਼ੀ ਨੁਕਸਾਨ ਹੋਇਆ ਸੀ। ਇਕ ਦਿਨ ਮਾਨਸਿਕ-ਰੋਗੀ ਮੁੰਡਾ ਗੁਰਦੁਆਰੇ ਵਿਚ ਗਿਆ ਹੋਇਆ ਸੀ ਪਰ ਰਾਤ ਦੇ ਇਕ ਵਜੇ ਦੇ ਕਰੀਬ ਭੂਤ ਦਾਖਿਲ ਹੋਇਆ ਸੀ। ਇਕ ਦਿਨ ਮਾਨਸਿਕ ਰੋਗੀ ਦੇ ਪਿਤਾ ਨੇ ਭੂਤ ਨੂੰ ਫੜ ਲਿਆ ਸੀ ਪਰ ਉਹ ਦੰਦੀ ਵੱਢ ਕੇ, ਛੁੜਾ ਕੇ, ਕੰਧ ਟੱਪ ਕੇ, ਭੱਜ ਗਿਆ। ਸਵੇਰੇ ਪਤਾ ਲੱਗਿਆ ਸੀ ਕਿ ਮਾਨਸਿਕ-ਰੋਗੀ ਮੁੰਡਾ ਤਾਂ ਰਾਤ ਬਾਰਾਂ ਵਜੇ ਹੀ ਗੁਰਦੁਆਰੇ ਤੋਂ ਘਰ ਆ ਗਿਆ ਸੀ।

ਸਾਨੂੰ ਬੜੀ ਹੈਰਾਨੀ ਹੋਈ ਕਿ ਭੋਲਾ ਪਰਿਵਾਰ ਘਟਨਾਵਾਂ ਦਾ ਮਾੜਾ ਜਿਹਾ ਵਿਸ਼ਲੇਸ਼ਣ ਕਰਨ ਤੋਂ ਵੀ ਅਣਜਾਣ ਸੀ। ਸਾਰਾ ਪਰਿਵਾਰ ਇਹਨਾਂ ਘਟਨਾਵਾਂ ਲਈ ਕਿਸੇ ਓਪਰੀ ਸ਼ੈਅ ਨੂੰ ਹੀ ਜ਼ਿੰਮੇਵਾਰ ਸਮਝ ਰਿਹਾ ਸੀ। ਦੂਜਾ ਘਰ, ਜਿਸ ਵਿਚ ਇਹਨਾਂ ਦਾ ਇਕ ਭਰਾ, ਪਤਨੀ, ਦੋ ਬੱਚੇ ਅਤੇ ਇਕ ਬਜ਼ੁਰਗ ਚਾਚਾ ਰਹਿੰਦਾ ਸੀ। ਘਰ ਦਾ ਮੁਖੀਆ ਦੁਬਈ ਗਿਆ ਹੋਇਆ ਸੀ ਪਰ ਇਸਦੀ ਪਤਨੀ ਬਹੁਤ ਹੀ ਨਿੱਡਰ ਅਤੇ ਸਮਝਦਾਰ ਸੀ। ਜਦੋਂ ਉਹ ਇੱਕ ਦਿਨ ਘਰ ਤੋਂ ਬਾਹਰ ਕਿਤੇ ਆਈ ਹੋਈ ਸੀ ਤਾਂ ਬਜ਼ੁਰਗ ਚਾਚੇ ਨੂੰ ਪ੍ਰੇਤ ਨੇ ਚੁੱਕ ਕੇ ਮਾਰਿਆ ਅਤੇ ਘਰ ਦੇ ਬਾਹਰਲੇ ਸ਼ੀਸ਼ੇ ਭੰਨ ਦਿੱਤੇ ਸਨ। ਪਰ ਇਸ ਔਰਤ ਨੇ ਘਟਨਾ ਦਾ ਵਿਸ਼ਲੇਸ਼ਣ ਕਰਦਿਆਂ ਝੱਟ ਅੰਦਾਜ਼ਾ ਲਾ ਲਿਆ ਸੀ ਕਿ ਇਹ ਕੰਮ ਕਿਸੇ ਪ੍ਰੇਤ-ਆਤਮਾ ਦਾ ਨਹੀਂ, ਬਲਕਿ ਘਰ ਵਿਚ ਆਏ ਉਸ ਮਾਨਸਿਕ-ਰੋਗੀ ਮੁੰਡੇ ਦਾ ਸੀ। ਪਰ ਇਸਨੇ ਕਿਸੇ ਨੂੰ ਕੁੱਝ ਕਿਹਾ ਨਹੀਂ ਸੀ ਅਤੇ ਨਾ ਹੀ ਇਹ ਇਸ ਘਟਨਾ ਤੋਂ ਡਰੀ ਸੀ।

**ਪ੍ਰੇਤ-ਫੜਿਆ ਗਿਆ :** ਸਾਰੀਆਂ ਘਟਨਾਵਾਂ ਦਾ ਵਿਸ਼ਲੇਸਣ ਕਰਦਿਆਂ ਇਹ ਗੱਲ ਸਾਬਤ ਹੋ ਚੁੱਕੀ ਸੀ ਕਿ ਸਾਰੀਆਂ ਘਟਨਾਵਾਂ ਲਈ ਜਿੰਮੇਵਾਰ ਇਹ ਮਾਨਸਿਕ ਮੁੰਡਾ ਹੀ ਸੀ। ਡਰੇ ਹੋਏ ਪਰਿਵਾਰ ਨੂੰ ਸਾਰੇ ਪਾਸੇ ਹੀ ਭੂਤਾਂ ਦੇ ਨਜ਼ਰ ਆਉਣ ਦਾ ਸਿਲਸਿਲਾ ਚੱਲ ਪਿਆ ਸੀ। ਕੁਦਰਤੀ ਕਾਰਨ ਕਰਕੇ ਟੇਢੇ ਹੋਏ ਟੁੱਟੇ ਸਫ਼ੈਦੇ ਦੇ ਦਰਖਤ ਨੂੰ ਵੀ ਭੂਤ ਦਾ ਕਾਰਾ ਸਮਝ ਲਿਆ। ਤਰਕਸ਼ੀਲਾਂ ਨੇ ਮੁੰਡੇ ਕੋਲੋਂ ਹੋਈ ਗਲ਼ਤੀ ਦਾ ਇਕਬਾਲ ਕਰਵਾ ਲਿਆ ਗਿਆ ਅਤੇ ਉਸਦੇ ਰੋਗ ਦੇ ਕਾਰਨਾਂ ਨੂੰ ਸਮਝਿਆ ਗਿਆ। ਉਸਦੀ ਕਾਊਂਸਲਿੰਗ ਵੀ ਕੀਤੀ ਗਈ। ਅਗਲੇ ਦਿਨ ਫਿਰ ਪਰਿਵਾਰਕ ਮੈਂਬਰਾਂ ਦੀ ਤਸੱਲੀ ਲਈ ਆਪਣਾ ਵੱਧ ਮਾਨਸਿਕ-ਪ੍ਰਭਾਵ ਪਾਉਣ ਲਈ ਤਰਕਸ਼ੀਲ ਕਿਤਾਬਾਂ ਵਿਚਾਲੇ ਅਜਿਹੇ ਕੇਸਾਂ ਦੇ ਵੇਰਵੇ ਦਿੱਤੇ ਗਏ। ਮੰਤਰਾਂ ਨਾਲ ਅੱਗ ਲਾ ਕੇ ਦਿਖਾਈ ਅਤੇ ਮੰਤਰਾਂ ਨਾਲ ਕੇਲਾ ਕੱਟ ਕੇ ਦਿਖਾਇਆ ਗਿਆ। ਇਹਨਾਂ ਸਾਰੇ ਚਮਤਕਾਰਾਂ ਨੇ ਪਰਿਵਾਰ ਨੂੰ ਅਚੰਭੇ ਵਿੱਚ ਪਾ ਦਿੱਤਾ। ਫਿਰ ਇਹਨਾ ਪਿੱਛੇ ਛਿਪੀ ਸੱਚਾਈ ਦੱਸੀ ਗਈ। ਇਸ ਤਰ੍ਹਾਂ ਪਰਿਵਾਰ ਦੀਆਂ ਅੱਖਾਂ ਤੇ ਬੰਨ੍ਹੀ ਅੰਧਵਿਸ਼ਵਾਸ਼ ਦੀ ਪੱਟੀ ਖੁੱਲ੍ਹ ਗਈ। ਕੇਸ ਹੱਲ ਹੋ ਗਿਆ।

**ਕਾਰਨ :** ਮਾਨਸਿਕ ਰੋਗੀ ਮੁੰਡੇ ਅੰਦਰ ਆਪਣੇ ਭਰਾ ਦੀ ਕਾਮਯਾਬੀ ਦੇਖ ਕੇ ਹੀਣਤਾ ਆ ਗਈ ਸੀ। ਉਹ ਆਪਣੀ ਪੜ੍ਹਾਈ ਛੱਡ ਕੇ ਬੈਠ ਗਿਆ ਸੀ। ਬਚਪਨ ਵਿੱਚ ਸਭ ਤੋਂ ਵੱਧ ਲਾਡ ਪਿਆਰ ਇਸੇ ਮੁੰਡੇ ਨੂੰ ਮਿਲਿਆ ਸੀ ਪਰ ਹੁਣ ਹਮੇਸ਼ਾ ਛੋਟੇ ਦੀ ਕਾਮਯਾਬੀ ਦੀਆਂ ਗੱਲਾਂ ਚਲਦੀਆਂ ਸਨ। ਕਿਸੇ ਧਾਰਮਕ ਵਿਅਕਤੀ ਦੇ ਸੰਪਰਕ ਵਿੱਚ ਆ ਕੇ ਇਸ ਨੇ ਦਾੜ੍ਹੀ-ਕੇਸ ਰੱਖ ਲਏ ਸਨ। ਆਪਣੀ ਜ਼ਿੱਦ ਪੁਗਾਉਣ ਲਈ ਉਹ ਆਪਣੇ ਪਿਓ ਅਤੇ ਚਾਚੇ ਨੂੰ ਵੀ ਦਾੜ੍ਹੀ-ਕੇਸ ਕੱਟਣ ਤੋਂ ਰੋਕਦਾ ਸੀ। ਜਦੋਂ ਉਸ ਦੀ ਗੱਲ ਵੱਲ ਧਿਆਨ ਨਾ ਦਿੱਤਾ ਜਾਂਦਾ ਤਾਂ ਉਹ ਚੋਰੀ ਛਿਪੇ ਘਟਨਾਵਾਂ ਕਰ ਦਿੰਦਾ ਸੀ। ਡਰ ਕੇ ਘਰ ਵਾਲੇ ਉਸਦੀ ਗੱਲ ਮੰਨ ਜਾਂਦੇ ਸਨ। ਪਿਓ ਨੂੰ ਸ਼ਰਾਬ ਪੀਣੋਂ ਰੋਕਣ ਲਈ ਵੀ ਉਹ ਅਜਿਹਾ ਕਰ ਰਿਹਾ ਸੀ। ਪਰ ਸਹੀ ਰਾਹ ਦੱਸਣ ਤੋਂ ਬਾਅਦ ਉਸਨੇ ਘਟਨਾਵਾਂ ਨਾ ਕਰਨ ਦਾ ਵਚਨ ਦਿੱਤਾ ਅਤੇ ਲਗਾਤਾਰ ਆਪਣੀ ਦਵਾਈ ਲੈਂਦੇ ਰਹਿਣ ਦਾ ਭਰੋਸਾ ਦਿੱਤਾ।

**ਪਾਠ ਦੀ ਥਾਂ ਅਧਿਐਨ ਕਰਨ ਦੀ ਸਿੱਖਿਆ :** ਭੂਤ-ਪ੍ਰੇਤ ਦੇ ਮਾਨਸਿਕ ਡਰ ਅਤੇ ਰਹੱਸਮਈ ਘਟਨਾਵਾਂ ਦੇ ਡਰ ਕਾਰਨ ਪਰਿਵਾਰ ਦੇ ਬਹੁਤੇ ਮੈਂਬਰ ਹੁਣ ਪਾਠ ਕਰਨ ਤੇ ਜ਼ੋਰ ਦੇ ਰਹੇ ਸਨ। ਭਿੰਨ-ਭਿੰਨ ਧਾਰਮਕ ਥਾਵਾਂ ਤੋਂ ਇਲਾਜ਼ ਕਰਵਾਉਣ ਦੇ ਚੱਕਰ ਵਿੱਚ ਉਹਨਾਂ ਦਾ ਡਰ ਇੰਨਾ ਵੱਧ ਗਿਆ ਕਿ ਜਿੱਥੇ ਵੀ ਜਾਂਦੇ ਉਹਨਾਂ ਨੂੰ ਡਰ ਤੋਂ ਮੁਕਤ ਹੋਣ ਦਾ ਰਾਹ 'ਪਾਠ ਕਰਨਾ' ਹੀ ਸਿਖਾਇਆ ਜਾਂਦਾ। ਉਹਨਾਂ ਨੂੰ ਲੱਗਦਾ ਸੀ ਕਿ ਪਾਠ ਕਰਨ ਨਾਲ ਓਪਰੀਆਂ ਰੂਹਾਂ ਨੇੜੇ ਨਹੀਂ ਆਉਂਦੀਆਂ।

ਪਰ ਹੁਣ ਉਹਨਾਂ ਨੂੰ ਸਮਾਝਿਆ ਗਿਆ ਕਿ ਮਨ ਦਾ ਡਰ ਉਦੋਂ ਹੀ ਖਤਮ ਹੋਵੇਗਾ ਜਦੋਂ ਉਹ ਤਰਕਸ਼ੀਲ ਕਿਤਾਬਾਂ ਦਾ ਸਹੀ ਅਧਿਐਨ ਕਰ ਲੈਣਗੇ। ਉਹਨਾਂ ਨੂੰ ਸਮਝਾਇਆ ਗਿਆ ਕਿ ਪਾਠ ਕਰਨ ਨਾਲ ਡਰ ਦੂਰ ਨਹੀਂ ਹੁੰਦਾ, ਸਗੋਂ ਵਧਦਾ ਹੈ। ਸੋ ਵਾਰ ਵਾਰ, ਹਰ ਵੇਲੇ ਪਾਠ ਦੀ ਹੀ ਲੋੜ ਮਹਿਸੂਸ ਹੁੰਦੀ ਹੈ। ਪਾਠ ਕਰਨ ਦਾ ਮਤਲਬ ਇੱਕੋ ਚੀਜ਼ ਨੂੰ ਵਾਰ-ਵਾਰ, ਸੈਂਕੜੇ ਵਾਰ, ਹਜਾਰਾਂ ਵਾਰ ਦੁਹਰਾਉਣਾ ਹੈ ਪਰ ਅਧਿਐਨ ਦਾ ਅਰਥ ਕਿਸੇ ਚੀਜ਼ ਨੂੰ ਇੱਕ ਵਾਰ ਧਿਆਨ ਨਾਲ ਪੜ੍ਹ ਕੇ ਦਿਮਾਗ ਵਿੱਚ ਪੱਕੇ ਤੌਰ ਤੇ ਬਿਠਾ ਲੈਣਾ ਭਾਵ ਗਿਆਨ ਪ੍ਰਾਪਤ ਕਰ ਲੈਣਾ ਹੈ। ਇਸ ਲਈ ਤਰਕਸ਼ੀਲ-ਪੁਸਤਕਾਂ ਦਾ ਅਧਿਐਨ ਜ਼ਿੰਦਗੀ ਭਰ ਲਈ ਉਹਨਾਂ ਨੂੰ ਭੈਅ-ਮੁਕਤ ਕਰ ਦੇਵੇਗਾ। ਇਸ ਤਰ੍ਹਾਂ ਉਹ ਆਪ ਹੀ ਅਨੇਕਾਂ ਅਜਿਹੀਆਂ ਘਟਨਾਵਾਂ ਦਾ ਵਿਸਲੇਸ਼ਣ ਕਰਨ ਦੇ ਯੋਗ ਹੋ ਜਾਣਗੇ।

ਰਿਪੋਰਟ- ਰਾਜਾਰਾਮ ਹੰਡਿਆਇਆ

ਟੀਮ ਵਿੱਚ ਸ਼ਾਮਿਲ: ਮੇਘ ਰਾਜ ਮਿੱਤਰ, ਰਾਜਾ ਰਾਮ ਹੰਡਿਆਇਆ

## ਤਰਕ

ਜਿਸ ਦੇਸ਼ ਵਿੱਚ
ਮੀਂਹ ਪਵਾਉਂਦਾ ਹੈ ਰੱਬ
ਭੂਚਾਲ ਲਿਆਉਂਦਾ ਹੈ ਰੱਬ
ਭੁੱਖ ਵਰਤਾਉਂਦਾ ਹੈ ਰੱਬ
ਜਨਮ ਤੇ ਮੌਤ ਕਰਵਾਉਂਦਾ ਹੈ ਰੱਬ
ਜੇ
ਉਸ ਦੇਸ਼ ਦੇ ਬਸ਼ਿੰਦਿਆਂ ਦੀ
ਜ਼ਿੰਦਗੀ ਨਰਕ ਵਰਗੀ ਹੈ,
ਤਾਂ
ਉਸ ਨਰਕ ਨੂੰ ਭੋਗਣ ਦੇ
ਉਹ ਖੁਦ ਜੁੰਮੇਵਾਰ ਨੇ
ਕੋਈ ਹੋਰ ਨਹੀਂ।

ਚਮਤਕਾਰ
ਵਿਗਿਆਨ ਦੇ
ਸਾਧਨਾ ਰਾਹੀਂ,
ਬਾਬੇ ਵੰਡਦੇ ਨੇ
ਅੰਧਵਿਸ਼ਵਾਸ ਦਾ
ਪ੍ਰਸਾਦਿ।

**-ਸੁਖਦੇਵ ਸਿੰਘ ਔਲਖ**



# ਹਰ ਬਿਮਾਰੀ ਦਾ ਇਲਾਜ ਪ੍ਰਾਰਥਨਾ-ਬੰਦਗੀ ਨਾਲ ਕਰਨ ਵਾਲ਼ਾ 'ਈਸਾਈ ਪਾਦਰੀ'

ਜਿੰਦੀ ਪੇਂਟਰ ਤਰਕਸ਼ੀਲ
ਮੋਬਾ: 98156-81834

ਮੈਂ ਇੱਕ ਅਜਿਹੇ 'ਈਸਾਈ ਪਾਦਰੀ' (ਪਾਸ਼ਟਰ) ਨੂੰ ਜਾਣਦਾ ਹਾਂ, ਜਿਸਦਾ ਦਾਅਵਾ ਹੈ ਕਿ ਉਹ ਹਰ ਸਮੱਸਿਆ ਅਤੇ ਬਿਮਾਰੀ ਦਾ ਇਲਾਜ ਆਪਣੇ ਪ੍ਰਭੂ-ਪ੍ਰਮੇਸ਼ਵਰ ਯਿਸੂ ਮਸੀਹ ਅੱਗੇ ਕੀਤੀਆਂ ਪ੍ਰਾਰਥਾਵਾਂ ਅਤੇ ਬੰਦਗੀਆਂ ਨਾਲ ਜਲਦੀ ਹੀ ਕਰ ਸਕਦਾ ਹੈ। ਜਿਸ ਵਿੱਚ ਕਿਸੇ ਵੀ ਤਰ੍ਹਾਂ ਦੇ ਹੋਰ ਸਹਿਯੋਗ ਦੀ ਜ਼ਰੂਰਤ ਨਹੀਂ ਪੈਂਦੀ ਅਤੇ ਨਾ ਹੀ ਕਿਸੇ ਵੀ ਤਰ੍ਹਾਂ ਦੀ ਸਰੀਰਕ ਅਤੇ ਮਾਨਸਿਕ ਰੋਗ ਸਮੇਂ ਡਾਕਟਰੀ ਸਹਾਇਤਾ ਲੈਣ ਦੀ ਜ਼ਰੂਰਤ ਹੁੰਦੀ ਹੈ। ਜਿਹੜੀਆਂ ਖਤਰਨਾਕ ਬਿਮਾਰੀਆਂ ਨੂੰ ਮਾਹਿਰ ਡਾਕਟਰਾਂ ਨੇ ਲਾਇਲਾਜ (ਇਲਾਜ ਨਹੀਂ ਹੋ ਸਕਦਾ) ਘੋਸ਼ਿਤ ਕਰ ਦਿੱਤਾ ਹੁੰਦਾ ਹੈ, ਇਹ ਉਨ੍ਹਾਂ ਨੂੰ ਵੀ ਆਪਣੀਆਂ ਬੰਦਗੀਆਂ ਅਤੇ ਪ੍ਰਾਰਥਨਾਵਾਂ ਨਾਲ ਤਸੱਲੀ ਬਖਸ਼ ਅਸਾਨੀ ਨਾਲ ਜਲਦੀ ਹੀ ਠੀਕ ਕਰ ਸਕਦਾ ਹੈ। ਇਸ ਪਾਦਰੀ ਅਨੁਸਾਰ ਇਹ ਸਾਰੀਆਂ ਸਮੱਸਿਆਵਾਂ ਅਤੇ ਬਿਮਾਰੀਆਂ 'ਸ਼ੈਤਾਨ ਅਤੇ ਦੁਸ਼ਟ-ਆਤਮਾਵਾਂ' ਕਰਕੇ ਹੀ ਹੁੰਦੀਆਂ ਹਨ। ਇਸ ਪਾਦਰੀ ਨੇ ਆਪਣੇ ਘਰ ਵਿੱਚ ਹੀ ਇੱਕ ਕਮਰਾ 'ਚਰਚ' ਵੱਜੋਂ ਬਣਾ ਰੱਖਿਆ ਹੈ। ਜਿੱਥੇ ਯਿਸੂ ਮਸੀਹ ਦੀਆਂ ਭਾਂਤ-ਭਾਂਤ ਦੀ ਫੋਟੋਆਂ ਟੰਗੀਆਂ ਹੋਈਆਂ ਹਨ, ਇਸ ਕਮਰੇ ਅੰਦਰ ਈਸਾਈ ਧਰਮ ਦੀ ਮੁੱਖ ਕਿਤਾਬ 'ਪਵਿੱਤਰ ਬਾਈਬਲ' ਅਤੇ ਇਸ ਵਿਚਾਰਧਾਰਾ ਨਾਲ ਜੁੜੀਆਂ ਹੋਈਆਂ ਹੋਰ ਬਹੁਤ ਸਾਰੀਆਂ ਕਿਤਾਬਾਂ ਅਤੇ ਸਮਾਨ ਵੀ ਰੱਖਿਆ ਹੋਇਆ ਹੈ। ਇੱਥੇ ਹਰ ਐਤਵਾਰ ਨੂੰ ਪਾਦਰੀ ਆਪਣੇ ਬਹੁਤ ਸਾਰੇ ਸ਼ਰਧਾਲੂ-ਭਗਤ ਇਕੱਠੇ ਕਰਕੇ ਢੋਲਕੀਆਂ, ਚਿਮਟਿਆਂ, ਛੈਣਿਆਂ ਅਤੇ ਤਾੜੀਆਂ ਨਾਲ਼ ਗੀਤ-ਭਜਨ ਗਾਉਂਦਾ ਹੈ। ਇੱਥੇ ਇਸੇ ਤਰ੍ਹਾਂ ਹੀ ਬੰਦਗੀ ਅਤੇ ਪ੍ਰਾਰਥਨਾ ਸਮੇਂ ਪਾਦਰੀ ਅਤੇ ਸਾਰੇ ਹੀ ਸ਼ਰਧਾਲੂ ਭਗਤ ਉੱਚੀ-ਉੱਚੀ 'ਹਾਲੇਲੋਈਆ' (ਪ੍ਰਭੂ ਯਿਸੂ ਦਾ ਧੰਨਵਾਦ) ਆਖਦੇ ਹੋਏ ਤਾੜੀਆਂ ਵਜਾ ਕੇ ਚੀਕਾਂ ਤੇ ਕੂਕਾਂ ਮਾਰਦੇ ਰੋਂਦੇ ਹੋਏ ਅਕਸਰ ਹੀ ਦੇਖੇ ਤੇ ਸੁਣੇ ਜਾ ਸਕਦੇ ਹਨ। ਪਾਦਰੀ ਆਪਣੇ ਸ਼ਰਧਾਲੂਆਂ ਨੂੰ 'ਬਾਈਬਲ' ਵਿੱਚ ਲਿਖੀਆਂ ਹੋਈਆਂ ਗੱਲਾਂ-ਬਾਤਾਂ ਤੇ ਕਹਾਣੀਆਂ ਨੂੰ ਪੜ੍ਹਕੇ ਸੁਣਾਉਂਦਾ ਹੋਇਆ ਆਖਦਾ ਹੈ ਕਿ ਇਹ ਸਾਰੀ ਬਾਈਬਲ ਤੇ ਇਸ ਵਿੱਚ ਲਿਖੇ ਸ਼ਬਦ (ਬਚਨ) ਪ੍ਰਭੂ-ਪ੍ਰਮੇਸ਼ਵਰ (ਰੱਬ) ਵੱਲੋਂ ਆਪ ਲਿਖੇ ਗਏ ਹਨ, ਜਿਸ ਉੱਤੇ ਸੱਚਾ ਵਿਸ਼ਵਾਸ ਕਰਕੇ ਹੀ ਤੁਸੀਂ ਕਿਸੇ ਵੀ ਤਰ੍ਹਾਂ ਦੀ ਵਰਤਮਾਨ ਸਮੱਸਿਆ ਅਤੇ ਭਵਿੱਖ ਵਿੱਚ ਆਉਣ ਵਾਲ਼ੀਆਂ ਸਾਰੀਆਂ ਹੀ ਸਮੱਸਿਆਵਾਂ ਜਾਂ ਬਿਮਾਰੀਆਂ ਤੋਂ ਪੂਰੀ ਤਰ੍ਹਾਂ ਮੁਕਤ ਹੋ ਸਕਦੇ ਹੋ। ਜਿਹੜੇ ਲੋਕ ਇਸਦੇ ਘਰ (ਚਰਚ) ਵਿੱਚ ਇੱਕ ਵਾਰ ਭੁਲ-ਭੁਲੇਖੇ ਨਾਲ਼ ਅਚਾਨਕ ਹੀ ਆ ਜਾਣ ਤਾਂ ਇਹ ਅਗਲੀ ਵਾਰ ਉਨ੍ਹਾਂ ਨੂੰ ਸੱਦਣ ਲਈ, ਆਪ ਉਨ੍ਹਾਂ ਦੇ ਘਰ ਚਲੇ ਜਾਂਦਾ ਹੈ ਤੇ ਆਖਦਾ ਹੈ ਕਿ, "ਆਓ ਇਕੱਠੇ ਹੋ ਕੇ ਭਜਨ-ਬੰਦਗੀ ਤੇ ਪ੍ਰਾਰਥਨਾਵਾਂ ਕਰੀਏ ਤਾਂ ਜੋ ਪ੍ਰਭੂ ਯਿਸੂ ਸਾਡੀਆਂ ਦੁੱਖ-ਤਕਲੀਫ਼ਾਂ, ਪ੍ਰੇਸ਼ਾਨੀਆਂ ਤੇ ਬਿਮਾਰੀਆਂ ਨੂੰ ਨਸ਼ਟ ਕਰਕੇ ਸਾਡੀ ਜ਼ਿੰਦਗੀ ਨੂੰ ਸੁਖੀ ਕਰ ਦੇਵੇ।" ਫਿਰ ਇਹ ਬਿਮਾਰੀ ਨਾਲ ਪੀੜ੍ਹਤ ਵਿਅਕਤੀ ਦੇ ਸਿਰ ਉੱਤੇ ਹੱਥ ਰੱਖ ਕੇ ਅਤੇ ਆਪਣੀਆਂ ਅੱਖਾਂ ਬੰਦ ਕਰਕੇ ਮੂੰਹ 'ਚ ਬੁੜ-ਬੁੜ ਕਰਦਾ ਹੋਇਆ 'ਪ੍ਰਾਰਥਨਾ' ਕਰਨ ਲੱਗ ਪੈਂਦਾ ਹੈ। ਅਜਿਹਾ ਇਹ ਘਰ ਦੇ ਸਾਰੇ ਹੀ ਮੈਂਬਰਾਂ ਨਾਲ ਕਰਦਾ ਹੈ ਤੇ ਫਿਰ ਬੈਠ ਕੇ ਬਾਈਬਲ ਪੜ੍ਹ ਕੇ ਸੁਣਾਉਂਦਾ ਹੋਇਆ ਉਨ੍ਹਾਂ ਨੂੰ ਦੱਸਦਾ ਹੈ ਕਿ, "ਹੁਣ ਤੁਸੀਂ ਜਲਦੀ ਹੀ ਠੀਕ ਹੋ ਜਾਵੋਗੇ ਕਿਉਂਕਿ ਇਸ ਤਰ੍ਹਾਂ ਮੈਂ ਬਹੁਤ ਸਾਰਿਆਂ ਨੂੰ ਠੀਕ ਕੀਤਾ ਹੈ ਅਤੇ ਤੁਸੀਂ ਵੀ ਜ਼ਰੂਰ ਹੀ ਠੀਕ ਹੋ ਜਾਵੋਗੇ।" ਜੇਕਰ ਉਹ ਫਿਰ ਵੀ ਠੀਕ ਨਾ ਹੋਣ ਤਾਂ ਇਹ ਪਾਦਰੀ ਉਨ੍ਹਾਂ ਦੇ ਘਰ ਵਿੱਚ 'ਬੰਦਗੀ' ਕਰਾਉਣ ਦੀ ਸਲਾਹ ਦਿੰਦਾ ਹੈ। ਬੰਦਗੀ ਸਮੇਂ ਇਹ ਬਹੁਤ ਸਾਰੇ ਸ਼ਰਧਾਲੂ-ਭਗਤ ਇਕੱਠੇ ਕਰਕੇ ਢੋਲਕੀਆਂ, ਚਿਮਟਿਆਂ ਤੇ ਤਾੜੀਆਂ ਵਜਾ ਕੇ ਭਜਨ ਤੇ ਗੀਤ ਗਾ ਕੇ 'ਹਾਲੇਲੋਈਆ' ਆਖਦੇ ਹੋਏ, ਚੀਕਾਂ ਤੇ ਕੂਕਾਂ ਮਾਰਦੇ ਹੋਏ ਰੋਣ ਲੱਗ ਪੈਂਦੇ ਹਨ। ਤਾਂ ਜੋ ਪ੍ਰਭੂ ਯਿਸੂ ਨੂੰ ਉਨ੍ਹਾਂ ਉੱਤੇ ਤਰਸ ਆ ਜਾਵੇ ਤੇ ਯਿਸੂ ਆਪਣੀ ਗੈਬੀ ਸ਼ਕਤੀ ਨਾਲ ਉਨ੍ਹਾਂ ਨੂੰ ਠੀਕ ਕਰ ਦੇਵੇ। ਬੰਦਗੀ ਦੇ ਖ਼ਤਮ ਹੋਣ ਦਾ ਸਮਾਂ ਲਗਭਗ 3-4 ਘੰਟੇ ਦਾ ਹੁੰਦਾ ਹੈ। ਫਿਰ ਇਹ ਪਾਦਰੀ ਸ਼ਰਧਾਲੂ ਭਗਤਾਂ ਦੀਆਂ ਜੇਬਾਂ 'ਚੋਂ ਰੁਪਏ ਪੈਸੇ ਕਢਵਾ ਕੇ ਆਪਣੀਆਂ ਜੇਬਾਂ 'ਚ ਭਰਨ ਲੱਗਦਾ ਹੈ। ਇਸ ਤੋਂ ਬਾਅਦ ਸ਼ਰਧਾਲੂਆਂ ਨੂੰ ਚਾਹ, ਪਕੌੜੇ, ਸਮੋਸੇ ਅਤੇ ਬਦਾਨੇ-ਭੁਜੀਏ ਦਾ ਲੰਗਰ ਵਰਤਾਇਆ ਜਾਂਦਾ ਹੈ। ਪਰ ਪਾਦਰੀ ਲਈ ਸਪੈਸ਼ਲ ਖਾਣੇ ਦਾ ਪ੍ਰਬੰਧ ਕੀਤਾ ਜਾਂਦਾ ਹੈ। ਉਸਨੂੰ ਇੱਕ ਸਾਫ਼-ਸੁਥਰੇ ਕਮਰੇ ਵਿੱਚ ਸੋਫੇ ਉੱਤੇ ਬਿਠਾ ਕੇ ਖਾਣ ਪੀਣ ਲਈ ਵਧੀਆ ਤੇ ਮਹਿੰਗੇ ਭਾਅ ਦੇ ਸੁਆਦੀ ਪਕਵਾਨ ਪਰੋਸੇ ਜਾਂਦੇ ਹਨ। ਭਾਵੇਂ ਇਹ ਪਾਦਰੀ ਇੱਕ ਵੀ ਮਰੀਜ ਆਪਣੀਆਂ ਬੰਦਗੀਆਂ ਤੇ ਪ੍ਰਾਰਥਨਾਵਾਂ ਨਾਲ ਠੀਕ ਨਹੀਂ ਕਰ ਸਕਿਆ, ਜੋ ਵੀ ਠੀਕ ਹੋਏ, ਉਹ ਡਾਕਟਰ ਦੀ ਸਹਾਇਤਾ ਨਾਲ ਜਾਂ ਫਿਰ ਸਰੀਰ ਦੀ ਕੁਦਰਤੀ ਸਵੈ-ਰੱਖਿਆ ਪ੍ਰਣਾਲੀ 'ਰੋਗ-ਪ੍ਰਤੀਰੋਧੀ' (ਅਮਿਊਨਲ ਸਿਸਟਮ) ਨਾਲ ਆਪਣੇ-ਆਪ ਹੀ ਠੀਕ ਹੋਏ ਹਨ। ਜਿਸਦਾ ਸਿਹਰਾ ਲੈਣ ਲਈ ਵੀ ਇਹ ਆਪਣੀਆਂ ਬੰਦਗੀਆਂ ਤੇ ਪ੍ਰਾਰਥਨਾਵਾਂ ਨਾਲ ਜੋੜ ਕੇ ਹੀ ਪ੍ਰਚਾਰ-ਪ੍ਰਸਾਰ ਕਰਦਾ ਹੈ।

ਇੱਕ ਦਿਨ ਇਸ ਪਾਦਰੀ ਦੇ ਘਰ (ਚਰਚ) ਵਿੱਚ ਇੱਕ ਅਜਿਹੀ ਦਰਦਨਾਕ ਘਟਨਾ ਵਾਪਰੀ, ਜਿਸ ਵਿੱਚ ਇਸਦੀ ਪਤਨੀ ਨੂੰ ਅਚਾਨਕ ਹੀ ਨਾਮੁਰਾਦ 'ਅਧਰੰਗ' ਦੀ ਬਿਮਾਰੀ ਦਾ ਅਟੈਕ ਹੋ ਗਿਆ। ਜਿਸ ਨਾਲ ਉਸਦੇ ਸਰੀਰ ਦਾ ਇੱਕ ਪਾਸਾ ਮਾਰਿਆ ਗਿਆ ਤੇ ਉਹ ਚਲ-ਫਿਰ ਸਕਣੋਂ ਵੀ ਰਹਿ ਗਈ। ਪਾਦਰੀ ਆਪਣੀ ਪਤਨੀ ਨੂੰ ਡਾਕਟਰੀ ਸਹਾਇਤਾ ਨਾਲ ਠੀਕ ਕਰਨ ਦੀ ਬਜਾਏ ਆਪਣੀਆਂ ਬੰਦਗੀਆਂ ਤੇ ਪ੍ਰਾਰਥਨਾਵਾਂ ਨਾਲ ਹੀ ਠੀਕ ਕਰਨ ਦੀ ਕੋਸ਼ਿਸ਼ ਕਰਨ ਤੇ ਲੱਗਾ ਰਿਹਾ। ਜਦੋਂ ਪਤਨੀ ਮੰਜੇ ਉੱਤੇ ਪਈ ਬਿਮਾਰੀ ਨਾਲ ਤੜਫ ਰਹੀ

ਹੁੰਦੀ ਤਾਂ ਇਹ ਪਤੀ (ਪਾਦਰੀ) ਉਸ ਅੱਗੇ ਬਾਈਬਲ ਪੜ੍ਹਕੇ ਉਸਨੂੰ ਬਚਨ ਸੁਣਾਉਂਦਾ ਹੋਇਆ, ਉਸਦੇ ਠੀਕ ਹੋਣ ਦੀ ਆਪਣੇ ਪ੍ਰਭੂ ਯਿਸੂ ਮਸੀਹ ਅੱਗੇ ਪ੍ਰਾਰਥਨਾ ਕਰਦਾ, ਪਰ ਉਹ ਠੀਕ ਨਾ ਹੋਈ। ਉਸਦੀ ਬਿਮਾਰੀ ਲਗਾਤਾਰ ਵਧਦੀ ਜਾ ਰਹੀ ਸੀ। ਪਾਦਰੀ ਨੂੰ ਇਹ ਯਕੀਨ ਸੀ ਕਿ ਯਿਸੂ ਮਸੀਹ ਉੱਤੇ ਸੱਚਾ ਵਿਸ਼ਵਾਸ ਰੱਖਣ ਨਾਲ ਇੱਕ ਦਿਨ ਜ਼ਰੂਰ ਹੀ ਉਸਦੀ ਪਤਨੀ ਠੀਕ ਹੋਵੇਗੀ ਤੇ ਉਹ ਪਹਿਲਾਂ ਵਾਂਗ ਹੀ ਤੁਰ-ਫਿਰ ਸਕੇਗੀ। ਪਿੰਡ ਦੇ ਲੋਕ ਇਹ ਦੇਖਕੇ ਹੈਰਾਨ ਸਨ ਕਿ ਇੱਕ 'ਈਸਾਈ ਪਾਦਰੀ' ਦੇ ਘਰ 'ਚਰਚ' ਹੋਣ ਦੇ ਬਾਵਜੂਦ ਜਿਸਨੂੰ ਇਹ ਰੱਬ ਦਾ ਸੱਚਾ ਘਰ ਆਖਦਾ ਸੀ, ਉਥੇ ਵੀ ਕੋਈ 'ਅਧਰੰਗ' ਵਰਗੀ ਖਤਰਨਾਕ ਬਿਮਾਰੀ ਦਾ ਸ਼ਿਕਾਰ ਹੋ ਸਕਦਾ ਹੈ ਤੇ ਇਹ ਪਾਦਰੀ ਤਾਂ ਆਖਦਾ ਹੁੰਦਾ ਸੀ ਕਿ ਪ੍ਰਭੂ ਯਿਸੂ ਮਸੀਹ ਅੱਗੇ ਕੀਤੀਆਂ ਪ੍ਰਾਰਥਨਾਵਾਂ ਨਾਲ਼ ਵਰਤਮਾਨ ਅਤੇ ਭਵਿੱਖ 'ਚ ਕੋਈ ਸਮੱਸਿਆ ਅਤੇ ਬਿਮਾਰੀ ਪੈਦਾ ਹੀ ਨਹੀਂ ਹੋ ਸਕਦੀ। ਪਰ ਇਹ ਪਾਦਰੀ ਤਾਂ ਅਜਿਹਾ ਕਈ ਸਾਲਾਂ ਤੋਂ ਕਰਦਾ ਆ ਰਿਹਾ ਸੀ ਜਦਕਿ ਇਹ ਪਾਦਰੀ ਤਾਂ ਪ੍ਰਭੂ-ਪ੍ਰਮੇਸ਼ਵਰ ਦਾ ਸੱਭ ਤੋਂ ਵੱਡਾ ਖਾਸ ਆਦਮੀ ਹੈ, ਜਿਸਦੀ ਸਿਫਾਰਸ਼ ਨਾਲ ਹੀ ਯਿਸੂ ਮਸੀਹ ਅਗਲੀ ਕਾਰਵਾਈ ਸ਼ੁਰੂ ਕਰਦਾ ਹੈ ਕਿ ਕਿਸਨੂੰ ਸਜ਼ਾ ਦੇਣੀ ਹੈ ਤੇ ਕਿਸਨੂੰ ਸੁਖੀ ਜੀਵਨ ਦੇਣਾ ਹੈ ਜਾਂ ਕਿਸਨੂੰ ਸਵਰਗ ਭੇਜਣਾ ਹੈ ਤੇ ਕਿਸਨੂੰ ਨਰਕ ਵਿੱਚ ਸੁੱਟਣਾ ਹੈ। ਪਰ ਇਸਦੇ ਘਰ ਵਿੱਚ ਕਿਵੇਂ ਇਸਦੀ ਸਿਫਾਰਸ਼ ਤੋਂ ਬਿਨਾਂ ਹੀ ਯਿਸੂ ਨੇ ਉਸਦੀ ਪਤਨੀ ਨੂੰ ਇਹ ਬਿਮਾਰੀ ਲਾ ਕੇ ਉਸ (ਪਾਦਰੀ) ਨੂੰ ਮੁਸੀਬਤ ਵਿੱਚ ਪਾਇਆ, ਕੀ ਯਿਸੂ ਨੂੰ ਆਪਣੇ ਖਾਸ ਆਦਮੀ (ਪਾਦਰੀ) ਦੀ ਪਛਾਣ ਕਰਨ 'ਚ ਧੋਖਾ ਤਾਂ ਨਹੀਂ ਹੋਇਆ? ਜ਼ਰੂਰ ਹੀ ਅਜਿਹਾ ਹੋਇਆ ਹੋਵੇਗਾ, ਨਹੀਂ ਤਾਂ ਯਿਸੂ ਏਨਾ ਨਿਰਦਈ ਵੀ ਨਹੀਂ ਹੋ ਸਕਦਾ ਕਿ ਆਪਣੇ ਚੁਣੇ ਹੋਏ ਖਾਸ ਬੰਦਿਆਂ ਨੂੰ ਹੀ ਸਜ਼ਾ ਦੇਣ ਲੱਗ ਜਾਵੇ।

ਬਹੁਤ ਸਾਰੇ ਲੋਕਾਂ ਨੇ ਇਸ ਪਾਦਰੀ ਨੂੰ ਸਲਾਹ ਦਿੱਤੀ ਕਿ ਉਸਨੂੰ ਆਪਣੀ ਪਤਨੀ ਦੇ ਇਲਾਜ ਵਾਸਤੇ 'ਡਾਕਟਰੀ ਸਹਾਇਤਾ' ਜ਼ਰੂਰ ਹੀ ਲੈ ਲੈਣੀ ਚਾਹੀਦੀ ਹੈ ਪਰ ਉਹ ਅਜਿਹਾ ਕਰਨਾ ਆਪਣੀਆਂ ਬੰਦਗੀਆਂ ਤੇ ਪ੍ਰਾਰਥਨਾਵਾਂ ਨੂੰ ਝੂਠੀਆਂ ਸਿੱਧ ਹੋਈਆਂ ਦਾ ਪ੍ਰਚਾਰ-ਪ੍ਰਸਾਰ ਨਹੀਂ ਸੀ ਹੋਣ ਦੇਣਾ ਚਾਹੁੰਦਾ। ਇਸਦੀ ਆਪਣੀ ਅਜਿਹੀ ਹੈਂਕੜਬਾਜੀ ਕਾਰਨ ਹੀ, ਇਹ ਆਪਣੀ ਪਤਨੀ ਦੇ ਰੋਗ ਨੂੰ ਹੋਰ ਵਧਾਉਣ ਲਈ ਜ਼ਿੰਮੇਵਾਰ ਬਣਦਾ ਰਿਹਾ। ਸਹੀ ਸਮੇਂ ਤੇ ਉਸਦਾ ਡਾਕਟਰੀ ਇਲਾਜ ਨਾ ਹੋਣ ਕਰਕੇ ਉਹ ਬੇਚਾਰੀ ਮੰਜੇ ਉੱਤੇ ਪਈ ਤੜਫਦੀ ਰਹਿੰਦੀ। ਬਿਮਾਰੀ ਕਾਰਨ ਉਹ ਕੋਈ ਵੀ ਕੰਮਕਾਰ ਤੇ ਤੁਰ-ਫਿਰ ਵੀ ਨਹੀਂ ਸੀ ਸਕਦੀ। ਪਾਦਰੀ ਵਾਂਗ ਹੀ ਪਤਨੀ ਨੂੰ ਵੀ ਏਹੀ ਵਿਸ਼ਵਾਸ ਸੀ ਕਿ ਜ਼ਰੂਰ ਹੀ ਪ੍ਰਭੂ-ਪ੍ਰਮੇਸ਼ਵਰ ਯਿਸੂ-ਮਸੀਹ ਆਪਣੀਆਂ ਬੰਦਗੀਆਂ ਤੇ ਪ੍ਰਾਰਥਨਾਵਾਂ ਨਾਲ ਉਸਨੂੰ ਠੀਕ ਕਰ ਦੇਵੇਗਾ। ਪਰ ਅਜਿਹਾ ਵਿਸ਼ਵਾਸ ਰੱਖਣ ਨਾਲ ਕਈ ਸਾਲਾਂ ਬਾਅਦ ਵੀ ਉਸਦੀ ਬਿਮਾਰੀ 'ਚ ਕੋਈ ਸੁਧਾਰ ਨਹੀਂ ਹੋਇਆ। ਇਸਦੇ ਉਲਟ ਬਿਮਾਰੀ ਲਗਾਤਾਰ ਵੱਧ ਰਹੀ ਸੀ। ਜਦੋਂ ਬਿਮਾਰੀ ਦੇ ਠੀਕ ਹੋਣ ਦਾ ਕੋਈ ਨਿਸ਼ਾਨ ਨਜ਼ਰ ਨਹੀਂ ਸੀ ਆ ਰਿਹਾ ਤੇ ਬਿਮਾਰੀ ਲਗਾਤਾਰ ਵੱਧ ਰਹੀ ਸੀ ਤਾਂ ਹਾਰ ਮੰਨ ਕੇ ਪਾਦਰੀ ਆਪ ਹੀ ਬੇਸ਼ਰਮ ਹੋ ਕੇ ਲੋਕਾਂ ਦੀਆਂ ਨਜ਼ਰਾਂ ਤੋਂ ਛੁਪਾ ਕੇ ਇਲਾਜ ਵਾਸਤੇ ਉਸਨੂੰ ਡਾਕਟਰਾਂ ਦੇ ਕੋਲ ਲੈ ਕੇ ਘੁਮਣ-ਫਿਰਨ ਲੱਗਾ। ਡਾਕਟਰਾਂ ਨੇ ਪਾਦਰੀ ਨੂੰ ਦੱਸਿਆ ਕਿ, "ਇਲਾਜ ਸ਼ੁਰੂ ਕਰਨ 'ਚ ਦੇਰ ਹੋਣ ਕਾਰਨ, ਹੁਣ ਬਿਮਾਰੀ ਦਾ ਇਲਾਜ ਨਹੀਂ ਹੋ ਸਕਦਾ, ਕਿਉਂਕਿ ਇਸ ਬਿਮਾਰੀ ਦੇ ਪੈਦਾ ਹੋਣ ਦਾ ਮੁੱਖ ਕਾਰਨ ਇਹ ਹੈ ਕਿ ਮਰੀਜ਼ ਦੀ ਦਿਮਾਗੀ ਨਾੜੀ ਜਿਸ ਰਾਹੀਂ ਖੂਨ ਦੌਰਾ ਕਰ ਰਿਹਾ ਹੁੰਦਾ ਹੈ, ਉਹ ਫਟ ਗਈ ਹੁੰਦੀ ਹੈ ਤੇ ਖੂਨ ਨਾੜੀ ਵਿੱਚੋਂ ਬਾਹਰ ਨਿਕਲ ਕੇ ਵਗਣ ਲੱਗਦਾ ਹੈ ਅਤੇ ਜਾਂ ਫਿਰ ਇਹ ਦਿਮਾਗੀ ਨਾੜੀ ਬੰਦ ਹੋ ਗਈ ਹੁੰਦੀ ਹੈ ਜਿਸ ਕਾਰਨ ਖੂਨ ਦੌਰਾ ਨਹੀਂ ਕਰ ਸਕਦਾ। ਅਧਰੰਗ ਦੀ ਬਿਮਾਰੀ ਦੇ ਪੈਦਾ ਹੋਣ ਦੇ ਏਹੀ ਦੋ ਕਾਰਨ ਹਨ, ਜਿਸ ਨਾਲ ਸਰੀਰ ਦਾ ਇੱਕ ਪਾਸਾ ਮਾਰਿਆ ਜਾਂਦਾ ਹੈ। ਅਜਿਹੀ ਬਿਮਾਰੀ ਦੇ ਪੈਦਾ ਹੋਣ ਦਾ ਪਤਾ ਲੱਗਣ ਤੋਂ ਬਾਅਦ ਜਲਦੀ ਹੀ ਉਸਦਾ ਡਾਕਟਰੀ ਇਲਾਜ਼ ਸ਼ੁਰੂ ਕਰ ਦੇਣਾ ਚਾਹੀਦਾ ਹੈ ਤਾਂ ਹੀ ਬਿਮਾਰੀ ਨੂੰ ਕਾਬੂ ਕੀਤਾ ਜਾ ਸਕਦਾ ਹੈ। ਜੇਕਰ ਅਜਿਹਾ ਕਰਨ 'ਚ ਦੇਰ ਹੋ ਜਾਵੇ ਤਾਂ ਬਿਮਾਰੀ ਲਾਇਲਾਜ ਹੋ ਜਾਂਦੀ ਹੈ, ਤੁਹਾਡੀ ਪਤਨੀ ਨਾਲ ਵੀ ਅਜਿਹਾ ਹੀ ਵਾਪਰਿਆ ਹੈ ਤੇ ਹੁਣ ਅਸੀਂ ਕੁਝ ਵੀ ਨਹੀਂ ਕਰ ਸਕਦੇ।" ਪਾਦਰੀ ਫਿਰ ਆਪਣੀ ਪਤਨੀ ਨੂੰ ਠੀਕ ਕਰਨ ਲਈ ਹੋਰ ਵੀ ਕਈ ਇਲਾਜ ਵਿਧੀ ਵਾਲੀਆਂ ਦੁਕਾਨਾਂ ਉੱਤੇ ਲੈ ਕੇ ਘੁਮਦਾ ਰਿਹਾ। ਅਜਿਹੇ ਸਥਾਨਾਂ ਉੱਤੇ ਆਪਣੀ ਪਤਨੀ ਨੂੰ ਲੈ ਕੇ ਘੁੰਮਦਾ ਹੋਇਆ ਤਾਂ ਮੈਂ ਆਪ ਉਸਨੂੰ ਕਈ ਵਾਰ ਆਪਣੇ ਅੱਖੀਂ ਦੇਖਿਆ ਹੈ। ਕਾਫੀ ਰੁਪਏ ਪੈਸੇ ਬਰਬਾਦ ਕਰਨ ਤੋਂ ਬਾਅਦ ਵੀ ਉਸਦੀ ਪਤਨੀ ਦੀ ਹਾਲਤ 'ਚ ਕੋਈ ਸੁਧਾਰ ਨਾ ਹੋਇਆ। ਅੰਤ ਉਹ ਘਰ ਅੰਦਰ ਹੀ ਮੰਜੇ ਉੱਤੇ ਪਈ ਤੜਫਦੀ ਰਹਿੰਦੀ। ਅਜਿਹੀ ਹਾਲਤ 'ਚ ਹੀ ਉਹ ਲਗਭਗ 10 ਸਾਲ ਬਾਅਦ ਦਮ ਤੋੜ ਗਈ। ਉਸਦੀ ਮੌਤ ਦਾ ਮੁੱਖ ਕਾਰਨ ਏਹੀ ਸੀ ਕਿ ਸਹੀ ਸਮੇਂ ਤੇ ਉਸਦੇ ਪਤੀ (ਪਾਦਰੀ) ਨੇ ਉਸਦਾ ਡਾਕਟਰੀ ਇਲਾਜ ਨਹੀਂ ਸੀ ਕਰਵਾਇਆ, ਇਸਦੇ ਉਲਟ ਉਹ ਆਪਣੀਆਂ 'ਯਿਸੂ ਮਸੀਹ' ਅੱਗੇ ਬੰਦਗੀਆਂ ਤੇ ਪ੍ਰਾਰਥਨਾਵਾਂ ਦੀ ਗੈਬੀ-ਸ਼ਕਤੀ ਨਾਲ ਹੀ ਉਸਨੂੰ ਠੀਕ ਕਰਨ ਤੇ ਲੱਗਾ ਰਿਹਾ। ਜਦ ਰੋਗ 'ਲਾਇਲਾਜ' ਹੋ ਗਿਆ ਤਾਂ ਉਹ ਡਾਕਟਰਾਂ ਦੇ ਲੈ ਕੇ ਘੁੰਮਣ-ਫਿਰਨ ਲੱਗਾ। ਆਪਣੀ ਪਤਨੀ ਦੀ ਮੌਤ ਤੋਂ ਬਾਅਦ ਵੀ ਇਸ ਪਾਦਰੀ ਨੂੰ ਆਪਣੀਆਂ ਯਿਸੂ ਅੱਗੇ ਬੰਦਗੀਆਂ ਤੇ ਪ੍ਰਾਰਥਨਾਵਾਂ ਉੱਤੇ ਪੂਰਾ ਵਿਸ਼ਵਾਸ ਹੈ ਕਿ ਇਸ ਨਾਲ ਹਰ ਬਿਮਾਰੀ ਦਾ ਇਲਾਜ ਤਸੱਲੀ ਬਖਸ਼ ਕੀਤਾ ਜਾ ਸਕਦਾ ਹੈ। ਅੱਜ ਵੀ ਇਹ 'ਇਸਾਈ ਪਾਦਰੀ' ਅਜਿਹੀਆਂ ਬਿਮਾਰੀਆਂ ਨੂੰ ਠੀਕ ਕਰਨ ਦਾ ਦਾਅਵਾ ਕਰਕੇ, ਆਪਣੀਆਂ 'ਬੰਦਗੀਆਂ ਤੇ ਪ੍ਰਾਰਥਨਾਵਾਂ' ਦਾ ਸਹਾਰਾ ਲੈਂਦਾ ਹੋਇਆ, ਆਪਣੇ ਘਰ ਦੇ ਚਰਚ ਅਤੇ ਦੂਜਿਆਂ ਦੇ ਘਰ ਦੇਖਿਆ ਜਾ ਸਕਦਾ ਹੈ।

ਜਿਹੜੇ ਦਿਨਾਂ 'ਚ ਪਾਦਰੀ ਦੀ ਪਤਨੀ ਨੂੰ ਅਧਰੰਗ ਦਾ ਅਟੈਕ ਹੋਇਆ ਸੀ, ਉਨ੍ਹਾਂ ਦਿਨਾਂ 'ਚ ਹੀ ਪਿੰਡ ਦੇ ਇੱਕ ਹੋਰ ਵਿਅਕਤੀ ਨੂੰ ਵੀ ਬਿਲਕੁੱਲ ਅਜਿਹਾ ਹੀ ਅਧਰੰਗ ਦਾ ਅਟੈਕ ਹੋਇਆ ਸੀ। ਪਾਦਰੀ ਵਾਂਗ ਹੀ ਉਸਦੇ ਘਰਦੇ ਵੀ ਇਸ ਬਿਮਾਰੀ ਦੇ ਇਲਾਜ ਲਈ ਉਸਨੂੰ ਮਾਹਿਰ ਡਾਕਟਰਾਂ ਕੋਲ ਲਿਜਾ ਕੇ ਢੁਕਵੀਆਂ ਦਵਾਈਆਂ ਖਿਆਉਣ ਦੀ ਬਜਾਏ, ਇਸਦੇ ਉਲਟ ਉਹ ਜੋਤਸ਼ੀਆਂ, ਬਾਬਿਆਂ, ਚੇਲਿਆਂ, ਸਿਆਣਿਆਂ ਤੇ ਤਾਂਤਰਿਕਾਂ ਕੋਲ਼ ਲਿਜਾ ਕੇ, ਅਖੌਤੀ 'ਬੰਦਗੀਆਂ ਤੇ ਪ੍ਰਾਰਥਨਾਵਾਂ ਵਾਂਗ ਹੀ ਜੰਤਰਾਂ-ਮੰਤਰਾਂ-ਤੰਤਰਾਂ, ਜਾਦੂ-ਟੂਣਿਆਂ, ਧਾਗੇ-ਤਵੀਤਾਂ ਤੇ ਝਾੜ-ਫੂਕਾਂ ਨਾਲ ਠੀਕ ਕਰਨ ਦੀ ਕੋਸ਼ਿਸ਼ ਕਰਨ ਲੱਗੇ। ਕਈ ਸਾਲਾਂ ਤੱਕ ਉਹ ਅਜਿਹਾ ਹੀ ਕਰਦੇ ਰਹੇ। ਅਜਿਹੇ ਧੋਖਾ ਭਰਪੂਰ ਵਹਿਮਾਂ ਭਰਮਾਂ ਤੇ ਅੰਧਵਿਸ਼ਵਾਸਾਂ ਦੇ ਮਕੜ ਜਾਲ਼ ਵਿੱਚ ਫਸ ਕੇ ਉਨ੍ਹਾਂ ਦਾ ਕਾਫੀ ਸਾਰਾ ਰੁਪਇਆ ਬਰਬਾਦ ਹੋ ਗਿਆ, ਪਰ ਉਸ ਮਰੀਜ ਦੀ ਬਿਮਾਰੀ 'ਚ ਭੋਰਾ-ਭਰ ਵੀ ਸੁਧਾਰ ਨਹੀਂ ਹੋਇਆ। ਅੰਤ ਉਹ ਵੀ ਪਾਦਰੀ ਵਾਂਗ ਹੀ ਹਾਰ-ਹੰਭ ਕੇ ਮਰੀਜ ਨੂੰ ਠੀਕ ਕਰਨ ਲਈ ਮਾਹਿਰ ਡਾਕਟਰ ਕੋਲ਼ ਲਿਜਾਣ ਲੱਗੇ। ਪਾਦਰੀ ਦੀ ਪਤਨੀ ਵਾਂਗ ਹੀ ਇਲਾਜ 'ਚ ਦੇਰ ਹੋਣ ਕਾਰਨ ਉਸਨੂੰ ਵੀ ਡਾਕਟਰਾਂ ਨੇ ਲਾਇਲਾਜ ਘੋਸ਼ਿਤ ਕਰ ਦਿੱਤਾ ਤੇ ਅੱਜ ਉਹ ਵੀ ਮੰਜੇ ਉੱਤੇ ਪਿਆ ਇਸ ਬਿਮਾਰੀ ਨਾਲ ਤੜਫ ਰਿਹਾ ਹੈ। ਇੱਕ ਦਿਨ ਮੈਂ ਇਹ ਸੁਣ ਕੇ ਹੈਰਾਨ ਹੋਇਆ ਕਿ ਇਸ ਮਰੀਜ ਦੇ ਘਰਦੇ ਉਸਨੂੰ ਠੀਕ ਕਰਨ ਲਈ ਉਸੇ ਪਾਦਰੀ ਮਗਰ ਲੱਗ ਕੇ ਉਸਦੇ ਘਰ 'ਚਰਚ' ਜਾਣ ਲੱਗ ਪਏ ਹਨ ਜੋ ਆਪਣੀ ਪਤਨੀ ਨੂੰ ਤਾਂ ਬਿਲਕੁੱਲ ਅਜਿਹੀ ਹੀ ਬਿਮਾਰੀ ਤੋਂ ਕਿਸੇ ਵੀ ਢੰਗ-ਤਰੀਕੇ ਨਾਲ ਠੀਕ ਨਹੀਂ ਸੀ ਕਰ ਸਕਿਆ ਅਤੇ ਹੁਣ ਉਹ ਇਸਨੂੰ ਕਿਵੇਂ ਠੀਕ ਕਰੇਗਾ। ਜਦਕਿ ਇਸ ਪਾਦਰੀ ਨੂੰ ਵੀ ਇਹ ਚੰਗੀ ਤਰ੍ਹਾਂ ਪਤਾ ਹੈ ਕਿ ਇਹ ਮਰੀਜ਼ 'ਲਾਇਲਾਜ' ਹੋਣ ਕਰਕੇ ਕਦੇ ਵੀ ਠੀਕ ਨਹੀਂ ਹੋਵੇਗਾ, ਕਿਉਂਕਿ ਉਸਦੀ ਆਪਣੀ ਪਤਨੀ ਨਾਲ ਵੀ ਅਜਿਹਾ ਹੀ ਵਾਪਰਿਆ ਸੀ। ਅੱਜ ਵੀ ਇਸ ਪਾਦਰੀ ਨੂੰ ਉਸਦੀ ਬਿਮਾਰੀ ਠੀਕ ਕਰਨ ਲਈ, ਉਨ੍ਹਾਂ ਦੇ ਘਰ ਆਪਣੇ

ਹੱਥ 'ਚ 'ਬਾਈਬਲ' ਫੜ ਕੇ ਬਚਨ ਪੜ੍ਹਦਾ ਹੋਇਆ ਅਖੌਤੀ 'ਬੰਦਗੀਆਂ ਤੇ ਪ੍ਰਾਰਥਨਾਵਾਂ' ਕਰਦਿਆਂ ਦੇਖਿਆ ਜਾ ਸਕਦਾ ਹੈ। ਇਹ ਪਾਦਰੀ ਲੱਗਭੱਗ ਤਿੰਨ ਸਾਲਾਂ ਬਾਅਦ ਵੀ ਉਸਦੀ ਬਿਮਾਰੀ 'ਚ ਕੋਈ ਸੁਧਾਰ ਨਹੀਂ ਕਰ ਸਕਿਆ ਕੀ ਇਹ ਇਸ ਪਾਦਰੀ ਦਾ ਉਨ੍ਹਾਂ ਨੂੰ ਵਹਿਮਾਂ-ਭਰਮਾਂ ਤੇ ਅੰਧਵਿਸ਼ਵਾਸਾਂ 'ਚ ਫਸਾ ਕੇ 'ਲੁੱਟਣ' ਵਾਲਾ ਚਲਾਕੀ ਭਰਿਆ 'ਪਖੰਡ' ਨਹੀਂ ਹੈ? ਜਾਂ ਫਿਰ ਇਹ ਪਾਦਰੀ ਕਿਤੇ ਮਾਨਸਿਕ ਰੋਗੀ (ਪਾਗਲ) ਤਾਂ ਨਹੀਂ? ਜੇਕਰ ਅਜਿਹਾ ਹੈ, ਤਾਂ ਇਹ 'ਪਾਦਰੀ' ਸਾਰੀ ਦੁਨੀਆਂ ਲਈ ਸਭ ਤੋਂ ਵੱਡਾ 'ਖਤਰਾ' ਹੈ। ਜਲਦੀ ਹੀ ਇਸਨੂੰ ਇਲਾਜ ਵਾਸਤੇ 'ਪਾਗਲਖਾਨੇ' ਦਾਖਲ ਕੀਤਾ ਜਾਵੇ। ਨਹੀਂ ਤਾਂ ਇਹ ਸਾਰੀ ਦੁਨੀਆਂ ਦੀ ਜ਼ਿੰਦਗੀ ਨੂੰ 'ਨਰਕ' ਬਣਾ ਦੇਵੇਗਾ।

**ਵਿਆਖਿਆ** : ਦੁਨੀਆਂ ਭਰ ਦੇ 'ਈਸਾਈ ਪਾਦਰੀ' ਇਹ ਦਾਅਵਾ ਕਰਦੇ ਹਨ ਕਿ ਉਹ ਆਪਣੀਆਂ ਯਿਸੂ ਮਸੀਹ ਅੱਗੇ ਕੀਤੀਆਂ ਪ੍ਰਾਰਥਨਾਵਾਂ ਜਾਂ ਬੰਦਗੀਆਂ ਨਾਲ ਹਰ ਤਰ੍ਹਾਂ ਦੀ ਸਮੱਸਿਆ ਅਤੇ ਬਿਮਾਰੀ ਦਾ ਇਲਾਜ ਕਰ ਸਕਦੇ ਹਨ। ਉਹ ਕਿਸੇ ਗੂੰਗੇ ਨੂੰ ਬੋਲਣ, ਅੰਨ੍ਹੇ ਨੂੰ ਦੇਖਣ, ਬੋਲ਼ੇ ਨੂੰ ਸੁਣਨ, ਲੰਗੜੇ ਨੂੰ ਤੁਰਨ-ਫਿਰਨ ਅਤੇ ਹੋਰ ਕਿਸੇ ਵੀ ਤਰ੍ਹਾਂ ਦੀਆਂ ਮਾਨਸਿਕ ਅਤੇ ਸਰੀਰਕ ਬਿਮਾਰੀਆਂ ਨੂੰ ਆਪਣੀ ਇਸ ਯਿਸੂ ਮਸੀਹ ਦੀ ਗੈਬੀ-ਸ਼ਕਤੀ ਨਾਲ ਠੀਕ ਕਰ ਸਕਦੇ ਹਨ। ਇਹ ਪਾਦਰੀ ਇੱਥੋਂ ਤੱਕ ਵੀ ਦਾਅਵਾ ਕਰਦੇ ਹਨ ਕਿ ਉਹ ਕਿਸੇ ਮਰੇ ਹੋਏ ਵਿਅਕਤੀ ਨੂੰ ਵੀ, ਜਿਸਨੂੰ ਡਾਕਟਰਾਂ ਨੇ ਮ੍ਰਿਤਕ ਘੋਸ਼ਿਤ ਕੀਤਾ ਹੋਵੇ, ਆਪਣੀਆਂ ਪ੍ਰਾਰਥਨਾਵਾਂ ਨਾਲ ਜਿਉਂਦਾ ਕਰ ਸਕਦੇ ਹਨ ਤੇ ਉਹ ਕਿਸੇ ਵੀ ਅਜਿਹੀ ਬਿਮਾਰੀ ਨੂੰ ਤਸੱਲੀ ਬਖਸ਼ ਠੀਕ ਕਰ ਸਕਦੇ ਹਨ ਜਿਸਨੂੰ ਮਾਹਿਰ ਡਾਕਟਰਾਂ ਤੇ ਵਿਗਿਆਨਕਾਂ ਨੇ 'ਲਾਇਲਾਜ' ਘੋਸ਼ਿਤ ਕੀਤਾ ਹੋਵੇ। ਕੋਈ ਵੀ ਅਜਿਹਾ ਕੰਮ ਜੋ ਗੈਰ-ਵਿਗਿਆਨਕ ਤੇ ਤਰਕਹੀਣ ਹੋਵੇ, ਉਸਨੂੰ ਵੀ ਇਹ ਅਸਾਨੀ ਨਾਲ ਕਰ ਸਕਦੇ ਹਨ। ਕੁਦਰਤ ਦੇ ਨਿਯਮਾਂ ਦੇ ਉਲਟ ਕੋਈ ਕੰਮ ਇਹ ਕਰਨ ਦੇ ਪੂਰੀ ਤਰ੍ਹਾਂ ਸਮੱਰਥ ਹਨ, ਉਹ ਇਸਨੂੰ ਯਿਸੂ ਮਸੀਹ ਦੁਆਰਾ ਕੀਤਾ ਚਮਤਕਾਰ ਹੀ ਦੱਸਦੇ ਹਨ। ਜਦੋਂ ਇਨ੍ਹਾਂ ਪਾਦਰੀਆਂ ਨੂੰ ਅਜਿਹੇ ਚਮਤਕਾਰਾਂ ਬਾਰੇ ਡਾਕਟਰਾਂ, ਵਿਗਿਆਨਕਾਂ ਜਾਂ ਤਰਕਸ਼ੀਲਾਂ ਦੇ ਮੈਦਾਨ 'ਚ ਆ ਕੇ 'ਜਾਂਚ-ਪੜਤਾਲ ਅਤੇ ਪਰਖ' ਕਰਾਉਣ ਲਈ ਸੱਦਿਆ ਜਾਂਦਾ ਹੈ ਤਾਂ ਇਹ ਬਚ ਨਿਕਲਣ ਲਈ ਅਜਿਹਾ ਆਖ ਕੇ ਦੌੜ ਜਾਂਦੇ ਹਨ ਕਿ, "ਯਿਸੂ ਮਸੀਹ ਦੇ ਚਮਤਕਾਰਾਂ ਦੀ ਜਾਂਚ-ਪੜਤਾਲ ਅਤੇ ਪਰਖ ਨਹੀਂ ਕਰਨੀ ਚਾਹੀਦੀ, ਕਿਉਂਕਿ ਅਜਿਹਾ ਕਰਨ-ਕਰਾਉਣ ਨਾਲ 'ਨਰਕ' ਵਿੱਚ ਸੁੱਟਿਆ ਜਾਂਦਾ ਹੈ, ਜਿੱਥੇ ਬਹੁਤ ਖਤਰਨਾਕ ਤਸੀਹੇ ਦਿੱਤੇ ਜਾਂਦੇ ਹਨ।" ਇਨ੍ਹਾਂ ਪਾਦਰੀਆਂ ਨੂੰ ਵੀ ਪਤਾ ਹੈ ਕਿ ਜੇਕਰ ਪਰਖ ਕਰਾਉਣ ਲਈ ਮੈਦਾਨ 'ਚ ਉਤਰਾਂਗੇ ਤਾਂ ਸੱਚਮੁੱਚ ਹੀ ਇਨ੍ਹਾਂ ਦਾ ਯਿਸੂ ਮਸੀਹ ਵੀ ਚਮਤਕਾਰ ਕਰਨ ਲਈ 'ਬੇਵੱਸ' ਸਿੱਧ ਹੋ ਜਾਵੇਗਾ। ਜਦ ਇਹ ਆਪ ਹੀ ਅਜਿਹਾ ਆਖਦੇ ਹਨ ਕਿ ਸੱਚਾ ਵਿਸ਼ਵਾਸ ਕਰਨ ਨਾਲ ਸਭ ਕੁਝ ਹੋ ਸਕਦਾ ਹੈ, ਕੀ ਇਨ੍ਹਾਂ ਦਾ ਵਿਸ਼ਵਾਸ ਸੱਚਾ ਨਹੀਂ ਹੈ, ਜੇਕਰ ਹੈ ਤਾਂ ਮੈਦਾਨ 'ਚ ਆਉਣ ਲਈ 'ਡਰ' ਕਿਸ ਗੱਲ ਦਾ। ਇਨ੍ਹਾਂ ਨੂੰ ਡਰ ਤਾਂ ਸਿਰਫ ਇਸ ਗੱਲ ਦਾ ਹੈ ਕਿ ਜਿਸਨੂੰ ਇਹ ਸੱਚਾ ਵਿਸ਼ਵਾਸ ਰੱਖਣ ਲਈ ਆਖਕੇ ਪ੍ਰਚਾਰਦੇ ਹੋਏ ਭੋਲ਼ੇ-ਭਾਲ਼ੇ ਲੋਕਾਂ ਨੂੰ ਲੁੱਟਣ ਲਈ ਆਪਣੇ ਜਾਲ਼ 'ਚ ਫਸਾਉਂਦੇ ਹਨ, ਜੇਕਰ ਉਹ ਸੱਚ-ਮੁੱਚ ਹੀ 'ਅੰਧ ਵਿਸ਼ਵਾਸ' ਸਿੱਧ ਹੋ ਗਿਆ ਤਾਂ ਇਨ੍ਹਾਂ ਦੇ 'ਚਰਚ' ਵਿੱਚ ਆਉਣ ਵਾਲੇ ਸ਼ਰਧਾਲੂਆਂ ਦੀਆਂ ਜੇਬਾਂ ਦੇ ਰੁਪਏ ਪੈਸੇ ਕਢਵਾ ਕੇ ਆਪਣੀਆਂ ਜੇਬਾਂ ਵਿੱਚ ਨਹੀਂ ਭਰ ਸਕਣਗੇ। ਜਿਸ ਕਾਰਨ ਇਨ੍ਹਾਂ ਦਾ ਇਹ ਬਿਨਾਂ ਮਿਹਨਤ-ਮਜ਼ਦੂਰੀ ਕਰਨ ਵਾਲਾ ਐਸ਼-ਪ੍ਰਸਤੀ ਦਾ 'ਧੰਦਾ' ਸੱਚਮੁੱਚ ਹੀ ਬੰਦ ਹੋ ਜਾਵੇਗਾ ਅਤੇ ਇਨ੍ਹਾਂ ਨੂੰ ਬਾਕੀ ਆਮ ਮਜ਼ਦੂਰਾਂ ਵਾਂਗ ਹੀ ਹੱਡ-ਭੰਨਵੀਂ ਮਿਹਨਤ ਮਜ਼ਦੂਰੀ ਕਰਨੀ ਪੈ ਜਾਵੇਗੀ। ਮਿਹਨਤ ਮਜ਼ਦੂਰੀ ਕਰਕੇ ਆਪਣੀ ਜਾਨ ਨੂੰ ਦੁੱਖ ਦੇਣ ਤੋਂ ਬਚਣ ਲਈ ਹੀ ਇਹ ਬਾਕੀ ਜੋਤਸ਼ੀਆਂ, ਬਾਬਿਆਂ, ਤਾਂਤਰਿਕਾਂ ਤੇ ਚੇਲਿਆਂ ਸਿਆਣਿਆਂ ਵਾਂਗ ਹੀ 'ਇਸਾਈ ਪਾਦਰੀ' ਬਣ ਜਾਂਦੇ ਹਨ ਤੇ ਆਪਣਾ ਇੱਕ ਵੱਖਰਾ 'ਚਰਚ' ਬਣਾ ਕੇ ਮਿਹਨਤ-ਮਜ਼ਦੂਰੀ ਕਰਨ ਵਾਲੇ ਭੋਲ਼ੇ-ਭਾਲ਼ੇ ਲੋਕਾਂ ਨੂੰ ਵਹਿਮਾਂ-ਭਰਮਾਂ ਤੇ ਅੰਧਵਿਸ਼ਵਾਸਾਂ 'ਚ ਫਸਾ ਕੇ 'ਲੁੱਟਣਾ' ਸ਼ੁਰੂ ਕਰ ਦਿੰਦੇ ਹਨ।

ਭਾਵੇਂ ਕੋਈ ਭੂਤ-ਚੁੜੇਲਾਂ, ਜਾਦੂ-ਟੂਣਾ, ਜੰਤਰ-ਮੰਤਰ-ਤੰਤਰ, ਗੈਬੀ-ਸ਼ਕਤੀਆਂ, ਸਵਰਗ-ਨਰਕ, ਪ੍ਰਾਰਥਨਾਵਾਂ, ਬੰਦਗੀਆਂ, ਪੂਜਾ ਪਾਠ, ਨਾਮਦਾਨ, ਸ਼ੈਤਾਨ, ਦੁਸ਼ਟ-ਆਤਮਾ, ਪਵਿੱਤਰ ਆਤਮਾ ਅਤੇ ਆਤਮਾ ਪ੍ਰਮਾਤਮਾ ਆਦਿ ਨਹੀਂ ਹੁੰਦੇ। ਇਹ ਸਿਰਫ ਲੋਕਾਂ ਦੇ ਮਨਾਂ ਵਿੱਚ ਵਹਿਮ-ਭਰਮ ਤੇ ਅੰਧਵਿਸ਼ਵਾਸ ਪੈਦਾ ਕਰਕੇ ਉਨ੍ਹਾਂ ਨੂੰ 'ਲੁੱਟਣ' ਦੇ ਢੰਗ-ਤਰੀਕੇ ਹੀ ਹਨ। ਅਜਿਹੀਆਂ ਗੱਲਾਂ 'ਚ ਸੱਚਾ ਵਿਸ਼ਵਾਸ ਕਰਕੇ ਮੰਨਣ ਵਾਲੇ ਕਥਿਤ 'ਮਾਨਸਿਕ ਰੋਗੀ' (ਪਾਗਲ) ਹੁੰਦੇ ਹਨ ਤੇ ਸਾਰੀ ਜ਼ਿੰਦਗੀ ਆਪਣੀ ਅਜਿਹੇ ਪਾਦਰੀਆਂ ਤੋਂ ਲੁੱਟ ਕਰਵਾਉਂਦੇ ਰਹਿੰਦੇ ਹਨ। ਜਦੋਂ ਕੋਈ ਸ਼ਰਧਾਲੂ ਇਨ੍ਹਾਂ ਦੇ 'ਚਰਚ' ਆ ਕੇ ਕਿਸੇ ਸਮੱਸਿਆ ਜਾਂ ਬਿਮਾਰੀ ਤੋਂ ਕੁਦਰਤੀ ਠੀਕ ਹੋ ਜਾਂਦਾ ਹੈ ਤਾਂ ਇਹ ਬਾਕੀ ਸ਼ਰਧਾਲੂਆਂ ਨੂੰ ਆਪਣੇ ਵਹਿਮਾਂ-ਭਰਮਾਂ ਤੇ ਅੰਧਵਿਸ਼ਵਾਸਾਂ ਦੇ ਮੱਕੜ ਜਾਲ਼ 'ਚ ਫਸਾਈ ਰੱਖਣ ਲਈ ਤੇ ਨਵੇਂ ਸ਼ਰਧਾਲੂਆਂ ਨੂੰ ਫਸਾਉਣ ਲਈ, ਉਸਨੂੰ ਚਮਤਕਾਰ ਬਾਰੇ 'ਚਰਚ' ਵਿੱਚ ਇਕੱਠੇ ਹੋਏ ਸ਼ਰਧਾਲੂਆਂ 'ਚ ਖੜ੍ਹਾ ਹੋ ਕੇ ਮਾਈਕ ਰਾਹੀਂ ਉੱਚੀ ਅਵਾਜ 'ਚ 'ਗਵਾਹੀ' ਵਜੋਂ ਇਹ ਦੱਸਣਾ ਜ਼ਰੂਰੀ ਹੈ ਕਿ ਇਹ ਚਮਤਕਾਰ ਯਿਸੂ ਮਸੀਹ ਦੁਆਰਾ ਹੀ ਕੀਤਾ ਗਿਆ। ਬਾਕੀ ਜੋ ਚਰਚ ਜਾਣ ਨਾਲ ਠੀਕ ਨਹੀਂ ਹੋਏ, ਉਨ੍ਹਾਂ ਨੂੰ ਯਿਸੂ ਦੇ ਖਿਲਾਫ ਗਵਾਹੀ ਦੇਣ ਤੋਂ ਸਖਤੀ ਨਾਲ ਰੋਕਿਆ ਜਾਂਦਾ ਹੈ, ਕਿਉਂਕਿ ਪਾਦਰੀਆਂ ਨੂੰ ਪਤਾ ਹੈ ਕਿ ਅਜਿਹੀਆਂ ਗਵਾਹੀਆਂ ਨਾਲ ਸ਼ਰਧਾਲੂ ਚਰਚ ਆਉਣੋਂ ਬੰਦ ਹੋ ਸਕਦੇ ਹਨ। ਹੋਣਾ ਤਾਂ ਇਹ ਚਾਹੀਦਾ ਹੈ ਕਿ ਜੋ ਠੀਕ ਹੋਏ ਅਤੇ ਨਾ ਠੀਕ ਹੋਏ ਦੋਵਾਂ ਦੀ ਹੀ ਗਵਾਹੀ ਹੋਣੀ ਚਾਹੀਦੀ ਹੈ, ਤਾਂ ਜੋ ਪਤਾ ਲੱਗ ਸਕੇ ਕਿ ਚਰਚ ਆਉਣ 'ਚ ਕਿੰਨੀ ਕੁ ਸਚਾਈ ਹੈ। ਭਾਵੇਂ ਸਮੱਸਿਆਵਾਂ ਦੇ ਹੱਲ ਹੋਣ ਅਤੇ ਬਿਮਾਰੀਆਂ ਦੇ ਠੀਕ ਹੋਣ ਦਾ ਮੁੱਖ ਕਾਰਨ ਮਨੁੱਖ ਦੀ ਆਪਣੀ ਵਿਗਿਆਨਕ ਤੇ ਤਰਕਸ਼ੀਲ ਸੋਚ-ਸਮਝਦਾਰੀ ਤੇ ਨਿਯਮ ਬੰਦ ਡਿਸਪਲਨ 'ਚ ਰਹਿ ਕੇ, ਯੋਜਨਾ ਬੰਦੀ ਬਣਾ ਕੇ ਲਗਨ ਨਾਲ ਕੀਤੀ ਭੱਜ ਨੱਠ ਅਤੇ ਸਰੀਰਕ ਜਾਂ ਮਾਨਸਿਕ ਬਿਮਾਰੀਆਂ ਸਮੇਂ ਸਰੀਰ ਦੀ ਕੁਦਰਤੀ ਸਵੈ-ਰੱਖਿਆ ਪ੍ਰਣਾਲੀ (ਅਮਿਊਨਲ ਸਿਸਟਮ) ਜਾਂ ਡਾਕਟਰੀ ਸਹਾਇਤਾ ਨਾਲ ਦਵਾਈਆਂ ਅਤੇ ਵਾਤਾਵਰਨ ਦੀ ਅਦਲਾ ਬਦਲਾ (ਮਹੌਲ ਬਦਲਣ) ਨਾਲ ਹੀ ਹੱਲ ਅਤੇ ਠੀਕ ਹੋਈਆਂ ਹੁੰਦੀਆਂ ਹਨ।

ਪਰ ਇਹ ਪਾਦਰੀ ਚੁਸਤ ਚਲਾਕ ਜਾਂ ਮਾਨਸਿਕ ਰੋਗੀ ਹੋਣ ਕਾਰਨ ਲੋਕਾਂ ਨੂੰ ਮੂਰਖ ਬਣਾ ਕੇ ਲੁੱਟਣ ਲਈ ਇਨ੍ਹਾਂ ਦਾ ਸਿਹਰਾ ਵੀ ਯਿਸੂ ਮਸੀਹ ਅੱਗੇ ਕੀਤੀਆਂ ਪ੍ਰਾਰਥਨਾਵਾਂ ਜਾਂ ਬੰਦਗੀਆਂ ਨੂੰ ਹੀ ਠਹਿਰਾਉਂਦੇ ਹਨ। ਮੈਂ ਆਪਣੇ ਲੇਖਾਂ 'ਚ ਪਹਿਲਾਂ ਵੀ ਦੱਸ ਚੁੱਕਾ ਹਾਂ ਕਿ ਇਹ 'ਈਸਾਈ ਪਾਦਰੀ' ਲੋਕਾਂ ਨੂੰ ਲੁੱਟਣ ਲਈ ਪਾਖੰਡ ਕਰਦੇ ਹਨ ਜਾਂ ਇਹ 'ਕਰਿਪਟੋਸਾਈਚਿਜ਼ਮ' ਨਾਮ ਦੀ ਮਾਨਸਿਕ ਬਿਮਾਰੀ (ਪਾਗਲਪਨ) ਦੇ ਮਰੀਜ਼ ਹੁੰਦੇ ਹਨ। ਅਜਿਹੇ ਮਰੀਜਾਂ ਨੂੰ ਇਹ ਵਹਿਮ-ਭਰਮ ਤੇ ਅੰਧਵਿਸ਼ਵਾਸ ਹੁੰਦਾ ਹੈ ਕਿ ਉਹ ਪ੍ਰਭੂ ਪ੍ਰਮੇਸ਼ਵਰ 'ਰੱਬ' ਵੱਲੋਂ ਭੇਜੇ ਹੋਏ ਜਾਂ ਬਣਾਏ ਹੋਏ ਖਾਸ ਪ੍ਰਾਣੀ ਹਨ ਜੋ ਰੱਬ ਦੇ ਕੰਮਾਂ ਨੂੰ ਉਸਦੇ ਵਿਚੋਲੇ (ਏਜੰਟ) ਬਣਕੇ ਨਿਭਾਉਂਦੇ ਹਨ। ਇਨ੍ਹਾਂ ਵਿਚੋਲਿਆਂ ਦੀ ਸ਼ਿਫਾਰਸ਼ ਤੋਂ ਬਿਨ੍ਹਾਂ ਕੋਈ ਵੀ ਰੱਬ ਨੂੰ ਨਹੀਂ ਮਿਲ ਸਕਦਾ ਅਤੇ ਨਾ ਹੀ ਸਵਰਗਾਂ ਅਤੇ ਨਰਕਾਂ 'ਚ ਜਾ ਸਕਦਾ ਹੈ।

ਚਾਹੇ ਕੋਈ ਪਾਦਰੀ ਪਾਖੰਡ ਕਰਦਾ ਹੋਵੇ ਜਾਂ ਮਾਨਸਿਕ ਰੋਗੀ ਹੋਵੇ, ਉਹ ਭੋਲ਼ੇ-ਭਾਲ਼ੇ ਲੋਕਾਂ ਨੂੰ ਵਹਿਮਾਂ ਭਰਮਾਂ ਤੇ ਅੰਧਵਿਸ਼ਵਾਸਾਂ 'ਚ ਫਸਾ ਕੇ 'ਲੁੱਟਣ' ਦਾ ਹੀ ਕੰਮ ਕਰਦਾ ਹੈ ਜਿਸ ਵਿੱਚ ਇਹ ਮਨਘੜਤ ਸਵਰਗਾਂ ਦੇ ਲਾਲਚ ਅਤੇ ਨਰਕਾਂ ਦੇ ਡਰ ਦਿਖਾ ਕੇ ਲੁੱਟਣ ਲਈ ਮੁੱਖ ਹਥਿਆਰ ਵਜੋਂ ਵਰਤਦੇ ਹਨ। ਤਰਕ ਅਤੇ ਵਿਗਿਆਨਕ ਸੋਚ ਵਾਲ਼ਿਆਂ ਨੂੰ ਇਸ ਤਰ੍ਹਾਂ ਦੇ ਲਾਲਚ ਅਤੇ ਡਰ ਦਿਖਾ ਕੇ ਲੁੱਟਣਾ 'ਅਸੰਭਵ' ਹੈ।

# ਸ਼ਾਂਤੀ ਨਹੀਂ ਦੁੱਖ ਦੇਂਦਾ ਹੈ ਅਧਿਆਤਮ

ਮੂਲ ਲੇਖ:



ਇੱਛਾਵਾਂ ਦਾ ਤਿਆਗ ਮਨ ਨੂੰ ਸ਼ਾਂਤੀ ਦੇਂਦਾ ਹੈ ਜਾਂ ਉਸਨੂੰ ਨਿਰਾਸ਼ ਕਰਦਾ ਹੈ, ਫ਼ੈਸਲਾ ਤੁਸੀਂ ਹੀ ਕਰੋ......................।

ਜ਼ਿੰਦਗੀ ਜਿਉਣਾ ਕੀ ਹੁੰਦਾ ਹੈ? ਜਿਉਣ ਦਾ ਅਰਥ ਕੀ ਹੁੰਦਾ ਹੈ? ਕੀ ਅਸੀਂ ਸੱਚਮੁੱਚ ਆਪਣੀ ਇੱਛਾ ਅਨੁਸਾਰ ਜਿਉਂਦੇ ਹਾਂ ਜਾਂ ਜ਼ਿੰਦਗੀ ਹੀ ਸਾਨੂੰ ਆਪਣੀ ਇੱਛਾ ਅਨੁਸਾਰ ਜਿਉਣ ਦੇ ਲਈ ਮਜ਼ਬੂਰ ਕਰਦੀ ਹੈ? ਕਈ ਵਾਰ ਸਵਾਲ ਬਹੁਤ ਹੀ ਗੁੰਝਲਦਾਰ ਹੁੰਦੇ ਹਨ ਅਤੇ ਇਸ ਕਾਰਨ ਅਸੀਂ ਉਨ੍ਹਾਂ ਦੇ ਜਵਾਬ ਵੀ ਬਹੁਤ ਹੀ ਔਖੇ ਅਤੇ ਪੇਚੀਦਾ ਕਰ ਦੇਂਦੇ ਹਾਂ। ਪਰੰਤੂ ਸਵਾਲ ਭਾਵੇਂ ਕਿੰਨੇ ਵੀ ਔਖੇ ਹੋਣ ਉਨ੍ਹਾਂ ਦੇ ਜਵਾਬਾਂ ਨੂੰ ਆਸਾਨ ਕਰਨਾ ਸਾਡੇ ਹੀ ਹੱਥ ਵਿੱਚ ਹੁੰਦਾ ਹੈ। ਕਈ ਲੋਕਾਂ ਨੂੰ ਇਹ ਗੱਲ ਧਿਆਨ ਵਿੱਚ ਹੀ ਨਹੀਂ ਆਉਂਦੀ ਜਾਂ ਇੰਜ ਆਖੋ ਕਿ ਔਖੇ ਸਵਾਲਾਂ ਦੇ ਵਿੱਚ ਛੁਪੀ ਆਸਾਨੀ ਕਿਸੇ ਦੇ ਸਮਝ ਨਹੀਂ ਆਉਂਦੀ ਫੇਰ ਸ਼ੁਰੂ ਹੁੰਦੀ ਹੈ ਆਪਣੇ ਆਪ ਦੀ ਪਛਾਣ ਲੱਭਣ ਵਾਲੀ ਅਤੇ ਕਦੇ ਖ਼ਤਮ ਨਾ ਹੋਣ ਵਾਲੀ ਖੋਜ।

ਸਾਡੀ ਸਭ ਦੀ ਜਿਉਣ ਦੀ ਇੱਕ ਵੱਖਰੀ ਹੀ ਇੱਛਾ ਹੁੰਦੀ ਹੈ, ਵੱਖ ਕਲਪਨਾ ਅਤੇ ਵਡੱਪਣ ਦੀ ਇੱਛਿਆ ਹੁੰਦੀ ਹੈ। ਜਦ ਕਿਸੇ ਚੀਜ਼ ਨੂੰ ਪ੍ਰਾਪਤ ਕਰਨ ਦੀ ਇੱਛਾ ਹੁੰਦੀ ਹੈ ਤਦ ਜੀਣਾ ਇੱਕ ਸ਼ੰਘਰਸ਼ ਬਣ ਜਾਂਦਾ ਹੈ ਅਤੇ ਫਿਰ ਇਸ ਸੰਘਰਸ਼ ਵਿੱਚ 2 ਹੀ ਬਦਲ ਬਚਦੇ ਹਨ-ਜਿੱਤਣਾ ਜਾਂ ਫੇਰ ਖ਼ਤਮ ਹੋ ਜਾਣਾ। ਕਈ ਵਾਰ ਤਾਂ ਆਪਣੀ ਵਿਵੇਕਬੁੱਧੀ ਪਰ੍ਹੇ ਰੱਖ ਕੇ ਕਿਸੇ ਵੀ ਰਸਤੇ ਨੂੰ ਅਪਨਾਉਂਦੇ ਹੋਏ ਸਫ਼ਲਤਾ ਦੇ ਪਿੱਛੇ ਦੌੜ ਲਗਾਈ ਜਾਂਦੀ ਹੈ ਅਤੇ ਕਈ ਵਾਰ ਅਜਿਹਾ ਰਸਤਾ ਚੁਣਨ ਦੀ ਸਾਨੂੰ ਕੀਮਤ ਦੇਣੀ ਪੈਂਦੀ ਹੈ। ਇਸ ਸਭ ਵਿੱਚ ਸਭ ਤੋਂ ਵੱਧ ਸੱਟ ਸਾਡੇ ਮਨ ਨੂੰ ਲੱਗਦੀ ਹੈ ਅਤੇ ਇੱਥੋਂ ਹੀ ਸ਼ੁਰੂ ਹੁੰਦੀ ਹੈ ਮਨ ਸ਼ਾਂਤੀ ਦੀ ਖੋਜ਼।

ਸਾਡੀ ਸ਼ਾਂਤੀ ਕਿਉਂ ਕਿਧਰੇ ਖੋ ਜਾਂਦੀ ਹੈ? ਅਜਿਹਾ ਕੀ ਹੁੰਦਾ ਹੈ ਕਿ ਜਿਸ ਚੀਜ਼ ਨੂੰ ਪ੍ਰਾਪਤ ਕਰਨ ਦੇ ਲਈ ਏਨੀ ਜ਼ਿੱਦ ਕੀਤੀ ਜਾਂਦੀ ਹੈ, ਉਸ ਨੂੰ ਅਚਾਨਕ ਛੱਡ ਦੇਣ ਦੀ ਸਾਡੀ ਇੱਛਾ ਹੁੰਦੀ ਹੈ? ਅਜਿਹਾ ਕਿਉਂ ਹੁੰਦਾ ਹੈ ਕਿ ਸਾਰੀਆਂ ਚੀਜ਼ਾਂ ਦਾ ਤਿਆਗ ਕਰਕੇ ਸਾਡੇ ਕਦਮ ਇੱਕ ਦਮ ਅਧਿਆਤਮ ਦੇ ਰਸਤੇ ਵਿੱਚ ਚੱਲਣ ਲੱਗਦੇ ਹਨ?

**ਸੋਫਿਆਂ ਦਾ ਮਾਮਲਾ** : ਹਾਲ ਹੀ ਦੀ ਇੱਕ ਉਦਾਹਰਨ ਲਉ। ਬ੍ਰਿਟੇਨ ਦੀ ਗਲੈਮਰਸ ਹੀਰੋਇਨ ਅਤੇ ਮਾਡਲ ਸੋਫਿਆ ਹਿਆਤ ਵੀ ਅਚਾਨਕ ਅਧਿਆਤਮ ਦੇ ਰਸਤੇ ਉੱਤੇ ਚੱਲ ਪਈ ਹੈ। ਉਸਨੇ ਨੱਨ (ਈਸਾਈ ਸਾਧਵੀ) ਬਣਕੇ ਸੰਨਿਆਸੀ ਜੀਵਨ ਜਿਉਣ ਦਾ ਫੈਸਲਾ ਕੀਤਾ ਹੈ। ਬ੍ਰਿਟੇਨ ਤੋਂ ਵੱਧ ਭਾਰਤ ਵਿੱਚ ਮਸ਼ਹੂਰ ਸੋਫਿਆ ਨੇ 'ਬਿਗ ਬੌਸ 7' ਵਿੱਚ ਆਪਣੀਆਂ ਨਗਨ ਅਦਾਵਾਂ ਨਾਲ ਸਾਰਿਆਂ ਨੂੰ ਖਿਚਿਆ ਸੀ। ਇੱਕ ਸਮੇਂ ਸੋਫਿਆ ਦਾ ਅਸ਼ਲੀਲ ਫੋਟੋਸ਼ੂਟ ਵੀ ਬਹੁਤ ਮਸ਼ਹੂਰ ਹੋਇਆ ਸੀ। ਕ੍ਰਿਕਟਰ ਰੋਹਿਤ ਸ਼ਰਮਾ ਦੇ ਨਾਲ ਵੀ ਉਸਦਾ ਨਾਂ ਜੋੜਿਆ ਗਿਆ ਸੀ। ਬਿਕਿਨੀ ਪਹਿਨ ਕੇ ਰੰਗਾਂ ਨਾਲ ਖੇਡਦੀ ਹੋਈ ਉਸ ਦੀਆਂ ਤਸਵੀਰਾਂ ਨੇ ਵੀ ਕਾਫ਼ੀ ਧੂਮ ਮਚਾਈ ਸੀ।

ਪਿਛਲੇ ਸਾਲ ਜਦ ਪੋਰਨ ਸਾਇਟਸ ਉੱਤੇ ਰੋਕ ਲਗਾਉਣ ਦਾ ਮਾਮਲਾ ਕਾਫੀ ਚਰਚਾ ਵਿੱਚ ਸੀ, ਤੱਦ ਸੋਫਿਆ ਨੇ ਆਪਣੀਆਂ ਨੰਗੀਆਂ ਤਸਵੀਰਾਂ ਨੂੰ ਟਵਿੱਟਰ ਵਿੱਚ ਪਾ ਕੇ ਖਲਬਲੀ ਮਚਾ ਦਿੱਤੀ ਸੀ। ਸਤੰਬਰ, 2013 ਵਿੱਚ ਸੋਫਿਆ ਸਾਰੀ ਦੁਨੀਆਂ ਦੀ 81 ਵੀ ਨਸ਼ੀਲੀ ਔਰਤ ਸੀ।

ਮੁਸਲਮਾਨ ਪਰਵਾਰ ਵਿੱਚ ਜਨਮੀ ਸੋਫਿਆ ਬਚਪਨ ਤੋਂ ਹੀ ਆਪਣੇ ਪਿਤਾ ਦੀ ਮਾਰ ਖਾਂਦੀ ਹੋਈ ਵੱਡੀ ਹੋਈ ਹੈ। ਬਚਪਨ ਵਿੱਚ ਜਦ ਉਹ ਸਕੂਲ ਤੋਂ ਘਰ ਵਾਪਸ ਆਉਂਦੀ ਸੀ ਤਦ ਉਸਦੇ ਪਿਤਾ ਉਸਨੂੰ ਅਤੇ ਉਸਦੀ ਮਾਂ ਤੇ ਛੋਟੀ ਭੈਣ ਨੂੰ ਬੈਲਟ ਨਾਲ ਲਹੂ ਲੁਹਾਣ ਹੋਣ ਤੱਕ ਕੁੱਟਦੇ ਰਹਿੰਦੇ ਸਨ। ਇਸ ਸਭ ਤੋਂ ਪਰੇਸ਼ਾਨ ਹੋਕੇ ਸੋਫਿਆ ਨੇ ਈਸਾਈ ਧਰਮ ਪ੍ਰਵਾਨ ਕੀਤਾ ਅਤੇ ਫੇਰ ਆਪਣਾ ਨਸ਼ੀਲਾਪਨ, ਖੁੱਲ੍ਹਾ ਵਰਤਾਓ, ਬਿੰਦਾਸ ਗੱਲਾਂ, ਲਿੰਗਕ ਆਜ਼ਾਦੀ ਆਦਿ ਗੱਲਾਂ ਨਾਲ ਆਪਣੀ ਵੱਖਰੀ ਪਛਾਣ ਬਣਾਈ।

ਪਰੰਤੂ ਫੇਰ ਅਚਾਨਕ ਸਭ ਕੁਝ ਬਦਲ ਗਿਆ। ਇਹ ਬਿੰਦਾਸ ਅਤੇ ਸ਼ਰਮ ਰਹਿਤ ਜ਼ਿੰਦਗੀ ਉਸਨੂੰ ਉਦਾਸੀਨ ਜਾਂ ਵੈਰਾਗ ਲੱਗਣ ਲੱਗੀ ਅਤੇ ਉਸਨੇ ਨੱਨ (ਈਸਾਈ ਸਾਧਵੀ) ਬਣਨ ਦਾ ਫ਼ੈਸਲਾ ਕਰ ਲਿਆ।

ਸੋਫਿਆ ਦੱਸਦੀ ਹੈ ਕਿ ਪੂਰੇ ਮਨ ਤੋਂ ਆਪਣੀ ਜ਼ਿੰਦਗੀ ਜੀ ਲਈ ਹੈ ਕਈ ਦੋਸਤਾਂ ਦੇ ਨਾਲ ਲਿੰਗਕ ਸੁਖ ਦਾ ਅਨੁਭਵ ਕਰ ਲਿਆ ਹੈ। ਕਈ ਵਾਰ ਉਸਦੇ ਨਾਲ ਧੋਖਾ ਵੀ ਹੋਇਆ ਹੈ। ਅੱਜ ਸੋਫਿਆ ਨੂੰ ਮੌਡਲ ਸੋਫਿਆ ਦੀ ਬਜਾਏ ਮਦਰ ਸੋਫਿਆ ਬੁਲਾਉਣਾ ਜ਼ਿਆਦਾ ਖੁਸ਼ੀ ਦੇਂਦਾ ਹੈ।

ਅਧਿਆਤਮ (ਆਤਮਾ ਪ੍ਰਮਾਤਮਾ ਨਾਲ ਸੰਬੰਧਿਤ ਗਿਆ) ਦਾ ਰਸਤਾ ਚੁਣਣ ਦੇ ਬਾਵਜੂਦ ਸੋਫਿਆ ਅੱਜ ਵੀ ਆਪਣੀ ਸ਼ੋਹਰਤ ਦਾ ਮੋਹ ਨਹੀਂ ਛੱਡ ਸਕੀ ਹੈ। ਅੱਜ ਵੀ ਉਹ ਸੰਨਿਆਸੀ ਜੀਵਨ ਦੀ ਹਰ ਖ਼ਬਰ ਟਵਿਟਰ, ਫੇਸਬੁੱਕ ਅਤੇ ਹੋਰ ਪ੍ਰਸਾਰ ਦੇ ਜ਼ਰੀਆਂ ਦੁਆਰਾ ਦੁਨੀਆਂ ਤੱਕ ਪਹੁੰਚਾ ਰਹੀ ਹੈ।

ਹੁਣੇ ਹੀ ਉਸਨੇ ਇੱਕ ਪ੍ਰੈਸ ਕਾਨਫਰੰਸ ਦਾ ਪ੍ਰਬੰਧ ਕਰ ਕੇ ਆਪਣੀ ਕਥਾ ਅਤੇ ਪੀੜਾ ਪੱਤਰਕਾਰਾਂ ਦੇ ਸਾਹਮਣੇ ਰੱਖੀ। ਸੋਫਿਆ ਦੱਸਦੀ ਹੈ ਕਿ ਨੱਨ ਹੋਣ ਦਾ ਫੈਸਲਾ ਐਵੇਂ ਹੀ ਨਹੀਂ ਲਿਆ ਗਿਆ। ਆਪਣੇ ਪ੍ਰੇਮ ਪ੍ਰਸੰਗ ਵਿੱਚ ਉਸ ਦੇ ਨਾਲ ਕਈ ਵਾਰ ਧੋਖਾ ਹੋਇਆ ਹੈ। ਇਸ ਸਭ ਤੋਂ ਛੁਟਕਾਰਾ ਪਾਉਣ ਦੇ ਲਈ ਉਸਨੇ ਇਹ ਫੈਸਲਾ ਕੀਤਾ ਹੈ। ਹੁਣ ਲਿੰਗਕ ਸੰਬੰਧ, ਦੋਸਤ, ਵਿਆਹ, ਬੱਚੇ ਇਸ ਸਭ ਦੇ ਲਈ ਉਸਦੇ ਮਨ ਵਿੱਚ ਕੋਈ ਉਤਸ਼ਾਹ ਬਾਕੀ ਨਹੀਂ ਰਿਹਾ ਹੈ।

ਭਾਰਤ ਵਾਪਸ ਆਉਣ ਤੋਂ ਪਹਿਲਾਂ ਹੀ ਉਸਨੇ ਆਪਣੇ ਅੰਦਰ ਦੇ ਝੂਠੇ ਸੱਚ ਦਾ ਚੋਲਾ ਉਤਾਰ ਸੁੱਟਿਆ ਸੀ। ਸਿਲੀਕੋਨ ਦੀਆਂ ਨਕਲੀ ਛਾਤੀਆਂ ਵੀ ਉਸਨੇ ਕੱਢ ਦਿੱਤੀਆਂ ਅਤੇ ਸਾਰੇ ਪੱਤਰਕਾਰਾਂ ਨੂੰ ਉਸਨੇ ਦਿਖਾਉਂਦੇ ਹੋਏ ਕਿਹਾ ਕਿ ਹੁਣ ਇਹਨਾਂ ਦਾ ਉਸਦੇ ਲਈ ਕੋਈ ਉਪਯੋਗ ਨਹੀਂ ਹੈ। ਹੁਣ ਕਿਸੇ ਨੂੰ ਵੀ ਉਸ ਦੀਆਂ ਸੁੰਦਰ ਛਾਤੀਆਂ ਦੀ ਖਿਚ ਨਹੀਂ ਰਹੇਗੀ।

**ਮਾਮਲਾ ਇਕੱਲੀ ਦਾ ਨਹੀਂ** : 80 ਦੇ ਦਹਾਕੇ ਦੇ ਮਸ਼ਹੂਰ ਐਕਟਰ ਵਿਨੋਦ ਖੰਨਾ ਨੇ ਵੀ ਇਸ ਪ੍ਰਕਾਰ ਅਧਿਆਤਮ ਦਾ ਰਸਤਾ ਪਕੜਿਆ ਸੀ। ਉਸ ਸਮੇਂ ਉਹ ਕਾਫ਼ੀ ਮਸ਼ਹੂਰ ਸਨ। ਉਨ੍ਹਾਂ ਦੀ ਤੁਲਨਾ ਅਮਿਤਾਭ ਬਚਨ ਨਾਲ ਹੁੰਦੀ ਸੀ, ਪਰੰਤੂ ਆਪਣੀ ਸ਼ੋਹਰਤ ਦੇ ਉੱਚੇ ਸ਼ਿਖਰ ਉੱਤੇ ਪਹੁੰਚਣ ਦੇ ਬਾਅਦ ਉਸਨੇ

ਓਸ਼ੋ ਰਜਨੀਸ਼ ਦਾ ਅਧਿਆਤਮ ਦਾ ਰਸਤਾ ਸਵੀਕਾਰ ਕੀਤਾ।

1980 ਵਿੱਚ ਵਿਨੋਦ ਖੰਨਾ ਅਮਰੀਕਾ ਦੇ ਓਸ਼ੋ ਆਸ਼ਰਮ ਵਿੱਚ ਸਵਾਮੀ ਵਿਨੋਦ ਭਾਰਤੀ ਦੇ ਨਾਂ ਨਾਲ ਰਹਿਣ ਲੱਗਾ ਸੀ। ਉਥੋਂ ਦੇ ਆਸ਼ਰਮ ਵਿੱਚ ਉਹ ਸਾਰੇ ਪ੍ਰਕਾਰ ਦੇ ਕੰਮ ਕਰਦਾ ਸੀ। ਮਾਲੀ ਦਾ ਕੰਮ, ਆਸ਼ਰਮ ਵਿੱਚ ਜੂਠੇ ਭਾਂਡੇ ਧੋਣੇ ਆਦਿ। ਪਰੰਤੂ 1980 ਵਿੱਚ ਉਹ ਸਭ ਛੱਡ ਕੇ ਵਾਪਸ ਆ ਗਿਆ ਅਤੇ ਉਸਨੇ ਦੂਜਾ ਵਿਆਹ ਕਰਾ ਲਿਆ।

1994 ਦੀ ਮਿਸ ਇੰਡੀਆ ਬਰਖਾ ਮਦਾਨ ਨੇ ਵੀ ਬੁੱਧ ਧਰਮ ਸਵੀਕਾਰ ਕਰਕੇ ਸੰਨਿਆਸੀ ਬਣੀ ਸੀ। 1990 ਦੀ 'ਆਸ਼ਕੀ' ਫਿਲਮ ਦੀ ਹੀਰੋਇਨ ਅਨੁ ਅਗਰਵਾਲ ਵੀ ਅਚਾਨਕ ਅਧਿਆਤਮ ਦੇ ਰਸਤੇ ਉੱਤੇ ਚੱਲ ਪਈ ਸੀ। ਕਈ ਰਾਜਾਂ ਨਾਲ ਸੰਬੰਧਿਤ ਲੋਕ, ਕ੍ਰਿਕੇਟਰਸ ਸਿੱਧੇ ਸਿੱਧੇ ਭਾਵੇਂ ਉਦਾਸੀਨ ਜੀਵਨ ਨਾ ਜਿਉਂਦੇ ਹੋਣ, ਪਰ ਉਨ੍ਹਾਂ ਦਾ ਅਧਿਆਤਮਕਤਾ ਦੀ ਖਿੱਚ ਕਿਸੇ ਤੋਂ ਛੁਪੀ ਨਹੀਂ ਹੈ। ਸਚਿਨ ਤੇਂਦੁਲਕਰ ਦੀ ਸੱਤਿਆ ਸਾਈਂ ਬਾਬਾ ਦੀ ਸ਼ਰਧਾ ਵੀ ਕਿਸੇ ਤੋਂ ਛਿਪੀ ਨਹੀਂ ਹੈ। ਮਰਹੂਮ ਸਾਬਕਾ ਪ੍ਰਧਾਨ ਮੰਤਰੀ ਨਰਸਿਮਹਾ ਰਾਓ ਵੀ ਸੱਤਿਆ ਸਾਈਂਬਾਬਾ ਦੇ ਪਰਮ ਭਗਤ ਸਨ।

ਮਹਾਂਨਾਇਕ ਅਮਿਤਾਭ ਬਚਨ ਦੇ ਹੱਥਾਂ ਦੀਆਂ ਵੱਖ-ਵੱਖ ਗ੍ਰਹਿਆਂ ਦੀਆਂ ਅੰਗੂਠੀਆਂ ਵੀ ਉਨ੍ਹਾਂ ਦੀ ਅਧਿਆਤਮਕ ਮਾਨਸਿਕਤਾ ਦੀ ਵਾਕਫੀ ਕਰਾਉਂਦੀਆਂ ਹਨ।

ਇਹ ਸਾਰੇ ਚਰਿੱਤਰ ਆਪਣੇ ਆਪਣੇ ਖੇਤਰ ਵਿੱਚ ਕਾਫੀ ਸਫ਼ਲ ਰਹੇ ਹਨ। ਸੋਫਿਆ ਹਿਆਤ ਦੀ ਤੁਲਨਾ ਇਨ੍ਹਾਂ ਵਿੱਚੋਂ ਕਿਸੇ ਦੇ ਨਾਲ ਨਹੀਂ ਹੋ ਸਕਦੀ ਹੈ। ਸੋਫਿਆ ਹਿਆਸ ਦਾ ਅਧਿਆਤਮਕਤਾ ਦੇ ਰਸਤੇ ਉੱਤੇ ਜਾਣ ਦਾ ਕਾਰਨ ਸਾਫ਼ ਹੈ ਕਿ ਉਸ ਵਿੱਚ ਚੰਗੇ ਬੁਰੇ ਦੀ ਪਛਾਣ ਦੀ ਸਮਝ ਨਹੀਂ ਹੈ।

ਪਰਪੱਕਤਾ ਪ੍ਰਾਪਤ ਕਰਨ ਦੇ ਲਈ ਅਕਲ ਅਤੇ ਸਮਝ ਦਾ ਮਿਲਾਪ ਹੋਣਾ ਜ਼ਰੂਰੀ ਹੈ। ਚੰਗੇ ਬੁਰੇ ਦਾ ਫ਼ਰਕ ਸਮਝਣ ਦੀ ਸਮਝ ਹੋਣੀ ਚਾਹੀਦੀ ਹੈ। ਇਹਨਾਂ ਸਾਰੀਆਂ ਗੱਲਾਂ ਦੀ ਕਮੀ ਹੋਣ ਉੱਤੇ ਹੀ ਇਸ ਤਰ੍ਹਾਂ ਦੇ ਰਸਤੇ ਅਪਨਾਏ ਜਾਂਦੇ ਹਨ। ਅਜਿਹੇ ਭਗਵਾਨ ਦੇ ਨਾਂ ਉੱਤੇ ਦੁਕਾਨਾਂ ਖੋਲ੍ਹੀ ਬੈਠੇ ਲੋਕਾਂ ਦਾ ਚੰਗਾਚੋਖਾ ਲਾਭ ਹੁੰਦਾ ਹੈ। ਨੱਨ, ਸਾਧਵੀ, ਸੰਨਿਆਸ ਆਦਿ ਦਾ ਰਸਤਾ ਸਮਾਜ ਉੱਤੇ ਲੱਦਣ ਦੀ ਕੀ ਲੋੜ ਹੈ?

ਸੰਤੁਲਿਤ ਵਿਚਾਰ, ਸੱਚਾ ਰਸਤਾ ਅਤੇ ਆਪਣੇ ਪਸੰਦੀ ਦਾ ਖੇਤਰ ਵਿੱਚ ਸਖ਼ਤ ਮਿਹਨਤ ਕਰਕੇ ਵੀ ਅਸੀਂ ਸਫ਼ਲਤਾ ਪ੍ਰਾਪਤ ਕਰ ਸਕਦੇ ਹਾਂ। ਕਿਸੇ ਦੇ ਧੋਖਾ ਦੇਣ ਦੀ ਵਜਹ ਤੋਂ ਸੰਨਿਆਸ ਲੈ ਕੇ ਆਤਮਕਲੇਸ਼ ਦਾ ਰਸਤਾ ਅਪਨਾਉਣਾ ਕੋਈ ਹੱਲ ਨਹੀਂ ਹੈ ਅਤੇ ਹੋਣਾ ਵੀ ਨਹੀਂ ਚਾਹੀਦਾ ਹੈ। ਨੱਨ, ਸਾਧਵੀ ਆਦਿ ਕਿਸੇ ਨਾ ਕਿਸੇ ਧਰਮ ਦੁਆਰਾ ਹੀ ਤਿਆਰ ਕੀਤੀ ਗਈ ਸੰਕਲਪਨਾ (ਧਾਰਮਿਕ ਉਦੇਸ਼ ਨਾਲ ਵਿਚਾਰ ਕਰਨਾ) ਹੈ, ਅਤੇ ਜਿਹੜੀ ਮਨੁੱਖ ਦੁਆਰਾ ਹੀ ਤਿਆਰ ਕੀਤੀ ਗਈ ਹੈ। ਇਸ ਵਿੱਚ ਆਤਮ ਉੱਨਤੀ ਦੀ ਰਾਹ ਕਿਧਰੇ ਵੀ ਦਿਖਾਈ ਨਹੀਂ ਦੇਂਦੀ ਹੈ।

ਗੈਰ ਕੁਦਰਤੀ ਢੰਗ ਨਾਲ ਜੀਣਾ, ਆਪਣੀਆਂ ਸਾਰੀਆਂ ਇੱਛਾਵਾਂ ਮਾਰ ਕੇ ਆਪਣੀ ਜ਼ਿੰਦਗੀ ਹੋਰ ਵੀ ਭਿਆਨਕ ਬਣਾਉਣਾ, ਜੀਵਨ ਦੀਆਂ ਸਾਰੀਆਂ ਖੁਸ਼ੀਆਂ ਖ਼ਤਮ ਕਰਨਾ ਹੀ ਜੇਕਰ ਧਰਮ ਹੈ ਤਾਂ ਅਜਿਹੇ ਧਰਮ ਜਾਂ ਉਸਦੀ ਸੰਕਲਪਨਾ ਦੇ ਰਸਤੇ ਨਾ ਜਾਣਾ ਹੀ ਬਿਹਤਰ ਹੋਵੇਗਾ। ਆਪਣੇ ਆਪ ਨੂੰ ਭਗੌੜਾ ਬਣਾ ਕੇ, ਚੰਗਾ ਖਾਣਾ ਪੀਣਾ ਛੱਡ ਦੇਣਾ ਜੇਕਰ ਅਧਿਆਤਮ ਦੇ ਰਸਤੇ ਉੱਚੇ ਚੱਲਣਾ ਹੈ ਤਾਂ ਅਜਿਹੇ ਅਧਿਆਤਮ ਤੋਂ ਦੂਰ ਰਹਿਣਾ ਹੀ ਠੀਕ ਹੈ ਇਸ ਤੋਂ ਕੁਝ ਪ੍ਰਾਪਤ ਨਹੀਂ ਹੋਵੇਗਾ। ਅਜਿਹੇ ਵਿੱਚ ਮਨਸ਼ਾਂਤੀ ਦੀ ਬਜਾਏ ਮਾਨਸਿਕ ਪੀੜਾ ਹੀ ਜ਼ਿਆਦਾ ਹੋ ਸਕਦੀ ਹੈ।

ਕੁਦਰਤ ਨੇ ਸਾਨੂੰ ਬਹੁਤ ਹੀ ਸੁੰਦਰ ਜੀਵਨ ਦਿੱਤਾ ਹੈ। ਉਸਦਾ ਖੁੱਲ੍ਹ ਕੇ ਅਨੰਦ ਲਉ। ਚੰਗਾ, ਯੋਗ, ਸੰਤੁਲਿਤ ਭੋਜਨ, ਭਰਪੂਰ ਕਸਰਤ, ਭਰਪੂਰ ਕੰਮ ਅਤੇ ਆਪਣੇ ਆਪ ਨਾਲ ਵੀ ਖੁਸ਼ੀ ਦੇਣ ਵਾਲੀਆਂ ਗੱਲਾਂ ਕਰੋ। ਭਰਪੂਰ ਪੜ੍ਹਨਾ ਜਾਰੀ ਰੱਖੋ। ਇਸ ਨਾਲ ਵਿਚਾਰਾਂ ਵਿੱਚ ਪਰਪੱਕਤਾ ਆਉਂਦੀ ਹੈ। ਸੁੰਦਰ ਰਹੋ, ਸੁੰਦਰ ਜੀਓ, ਸੁੰਦਰ ਦੱਸੋ, ਲੋੜਵੰਦਾਂ ਦੀ ਮਦਦ ਕਰੋ। ਤੁਸੀਂ ਆਪ ਹੀ ਦੇਖੋਗੇ ਕਿ ਤੁਹਾਨੂੰ ਮਨ ਸ਼ਾਂਤੀ ਦੀ ਖੋਜ਼ ਵਿੱਚ ਕਿਧਰੇ ਜਾਣ ਦੀ ਲੋੜ ਨਹੀਂ ਪਵੇਗੀ। ਉਹ ਖ਼ੁਦ ਤੁਹਾਨੂੰ ਲੱਭਦੇ ਹੋਏ ਤੁਹਾਡੇ ਪਾਸ ਆਵੇਗੀ।

## ਪਿਸ਼ਾਬ ਦੀ ਮਦਦ ਨਾਲ ਗੱਲਬਾਤ ਕਰਦੀਆਂ ਹਨ ਮੱਛੀਆਂ

ਇਨਸਾਨਾਂ ਵਾਂਗ ਜਾਨਵਰਾਂ ਕੋਲ ਇਕ-ਦੂਸਰੇ ਨਾਲ ਗੱਲ ਕਰਨ ਅਤੇ ਹੋਰਨਾਂ ਨੂੰ ਆਪਣੀ ਗੱਲ ਸਮਝਾਉਣ ਲਈ ਸ਼ਬਦਾਂ ਦਾ ਸਹਾਰਾ ਨਹੀਂ ਹੁੰਦਾ ਹੈ। ਕਈ ਜਾਨਵਰ ਆਵਾਜ਼ਾਂ ਕੱਢ ਕੇ ਸਾਥੀ ਜਾਨਵਰਾਂ ਨੂੰ ਸੰਕੇਤ ਦਿੰਦੇ ਹਨ ਪਰ ਅਜਿਹੇ ਜਾਨਵਰ ਵੀ ਹੁੰਦੇ ਹਨ, ਜੋ ਕਿਸੇ ਤਰ੍ਹਾਂ ਦੀ ਆਵਾਜ਼ ਨਹੀਂ ਕੱਢ ਸਕਦੇ। ਅਜਿਹੇ ਜਾਨਵਰ ਵੀ ਕਈ ਤਰੀਕਿਆਂ ਨਾਲ ਇਕ-ਦੂਸਰੇ ਤਕ ਆਪਣੀ ਗੱਲ ਪਹੁੰਚਾਉਂਦੇ ਹਨ ਅਤੇ ਸੰਕੇਤ ਦਿੰਦੇ ਹਨ। ਚਿੜੀ ਗਾਉਂਦੀ ਹੈ, ਸ਼ੇਰ ਦਹਾੜਦੇ ਹਨ ਤੇ ਕੁੱਤੇ ਭੌਂਕਦੇ ਹਨ, ਇਹ ਆਵਾਜ਼ਾਂ ਤਾਂ ਇਨਸਾਨ ਸੁਣ ਸਕਦਾ ਹੈ ਪਰ ਕਈ ਅਜਿਹੇ ਜਾਨਵਰ ਵੀ ਹਨ ਜਿੰਨ੍ਹਾਂ ਦੀ ਆਪਸੀ ਗੱਲਬਾਤ 'ਤੇ ਇਨਸਾਨ ਦੀ ਨਜ਼ਰ ਸ਼ਾਇਦ ਕਦੇ ਨਹੀਂ ਜਾਂਦੀ। ਵਿਗਿਆਨੀਆਂ ਵਲੋਂ ਕੀਤੀ ਗਈ ਖੋਜ਼ ਵਿਚ ਪਤਾ ਲੱਗਾ ਹੈ ਕਿ ਮੱਛੀਆਂ ਦੀ ਇਕ ਨਸਲ ਅਜਿਹੀ ਵੀ ਹੈ, ਜੋ ਕਿ ਪਿਸ਼ਾਬ ਨਾਲ ਸਾਥੀ ਮੱਛੀਆਂ ਨੂੰ ਸੰਕੇਤ ਦਿੰਦੀ ਹੈ। ਸਿਚਿਲਫ ਮੱਛੀ ਦੀ ਇਕ ਨਸਲ ਪਿਸ਼ਾਬ ਵਿਚ ਮੌਜੂਦ ਰਸਾਇਣਾਂ ਦੀ ਮਦਦ ਨਾਲ ਆਪਣੇ ਮੁਕਾਬਲੇਬਾਜ਼ਾਂ ਨੂੰ ਸਿਗਨਲ ਦਿੰਦੀ ਹੈ। ਜਦੋਂ ਵੀ ਕੋਈ ਮੁਕਾਬਲੇਬਾਜ਼ ਹਮਲਾਵਰ ਰੁਖ਼ ਦਿਖਾਉਂਦਾ ਹੈ ਤਾਂ ਇਹ ਮੱਛੀ ਪਿਸ਼ਾਬ ਕਰਕੇ ਆਪਣੇ ਮੁਕਾਬਲੇਬਾਜ਼ ਨੂੰ ਸਾਵਧਾਨ ਕਰਦੀ ਹੈ।

## ਪੈਸੇ ਹੜੱਪਣ ਦੇ ਦੋਸ਼ਾਂ 'ਚ ਪੰਜਾਬੀ ਗ੍ਰਿਫ਼ਤਾਰ

ਕੈਨੇਡਾ ਦੇ ਸ਼ਹਿਰ ਬਰੈਂਪਟਨ ਦੇ ਵਾਸੀ ਦਰਸ਼ਨ ਧਾਲੀਵਾਲ ਨੂੰ ਪੁਲਿਸ ਨੇ ਓਸੇ ਸ਼ਹਿਰ ਦੀ ਇਕ ਬੀਬੀ ਦੀ ਸ਼ਿਕਾਇਤ 'ਤੇ ਗ੍ਰਿਫਤਾਰ ਕੀਤਾ ਹੈ। ਕੈਨੇਡਾ ਵਿਚ ਪੱਤਰਕਾਰ ਤੇ ਅਖਬਾਰ ਦੇ ਸੰਪਾਦਕ ਰਹੇ ਦਰਸ਼ਨ ਧਾਲੀਵਾਲ (40) ਵਿਰੁੱਧ ਕਰਾਮਾਤੀ 'ਠੱਗ ਬਾਬਿਆਂ' ਵਾਂਗ ਜੁਲਾਈ 2016 ਵਿਚ ਇਕ ਔਰਤ ਨੂੰ ਭਰਮਾ ਕੇ ਉਸ ਤੋਂ ਪੈਸੇ ਅਤੇ ਗਹਿਣੇ ਹੜੱਪਣ ਦੇ ਦੋਸ਼ ਹਨ। ਪੁਲਿਸ ਵਲੋਂ ਧਾਲੀਵਾਲ ਦੀ ਤਸਵੀਰ ਜਾਰੀ ਕੀਤੀ ਗਈ ਹੈ ਅਤੇ ਦਿੱਤੀ ਗਈ ਜਾਣਕਾਰੀ ਮੁਤਾਬਿਕ ਦਰਸ਼ਨ ਧਾਲੀਵਾਲ ਆਪਣੇ ਆਪ ਨੂੰ ਗੈਬੀ ਸ਼ਕਤੀਆਂ ਦਾ ਮਾਲਕ ਅਤੇ ਰੱਬ ਦੇ ਨੇੜੇ ਹੋਣ ਦਾ ਦਾਅਵਾ ਕਰਦਾ ਸੀ। ਉਹ ਇਹ ਵੀ ਦਾਅਵਾ ਕਰਦਾ ਰਿਹਾ ਕਿ ਰੱਬ ਨਾਲ ਨੇੜਤਾ ਅਤੇ ਚੰਗੀ ਕਿਸਮਤ ਸਦਕਾ ਅਗਸਤ 2012 ਵਿਚ ਉਸ ਨੇ 10 ਲੱਖ ਡਾਲਰ ਦੀ ਲਾਟਰੀ ਜਿੱਤੀ ਸੀ ਜਿਸ ਦੀ ਚਰਚਾ ਕੈਨੇਡਾ ਤੇ ਪੰਜਾਬੀ ਮੀਡੀਆ ਵਿਚ ਹੁੰਦੀ ਰਹੀ। ਪੁਲਿਸ ਮੁਤਾਬਿਕ ਸ਼ੱਕੀ ਦੋਸ਼ੀ ਨੇ 'ਉਪਾਅ ਕਰਨ ਦੇ ਢਕਵੰਜਾਂ ਨਾਲ ਬੀਬੀ ਤੋਂ 61000 ਦੇ ਕਰੀਬ ਡਾਲਰ ਅਤੇ ਗਹਿਣੇ ਬਟੋਰੇ ਅਤੇ ਡਾਲਰ ਜ਼ਮੀਨ ਵਿਚ ਦੱਬ ਕੇ ਬਲ਼ਾਵਾਂ ਟਾਲਣ ਦੀ ਅਰਦਾਸ ਕਰਨ ਦਾ ਭਰੋਸਾ ਦਿੱਤਾ ਸੀ। ਔਰਤ ਨੇ ਆਪਣੇ ਗਹਿਣੇ ਬਲ਼ਾਵਾਂ ਰਹਿਤ ਕਰਨ ਲਈ ਦੋਸ਼ੀ ਨੂੰ ਦੇ ਦਿੱਤੇ ਜੋ ਵਾਪਿਸ ਨਾ ਮਿਲੇ। ਪੁਲਿਸ ਨੇ ਬੀਤੇ ਬੁੱਧਵਾਰ ਧਾਲੀਵਾਲ ਨੂੰ ਬਰੈਂਪਟਨ ਵਿਖੇ ਅਦਾਲਤ ਵਿਚ ਪੇਸ਼ ਕੀਤਾ ਸੀ। ਧਾਲੀਵਾਲ ਦੇ ਠੱਗੀ ਤੰਤਰ ਨੂੰ ਪੁਲਿਸ ਨੇ 'ਸਪਿਰਚੂਅਲ ਸਕੈਮ' ਦਾ ਨਾਂ ਦਿੱਤਾ ਹੈ ਅਤੇ ਦਾਅਵਾ ਕੀਤਾ ਹੈ ਕਿ ਹੋਰ ਲੋਕ ਵੀ ਉਸ ਦੇ ਸ਼ਿਕਾਰ ਹੋਏ ਹੋ ਸਕਦੇ ਜਿਨ੍ਹਾਂ ਨੂੰ ਪੀਲ ਪੁਲਿਸ ਨਾਲ ਸੰਪਰਕ ਕਰਨ ਦੀ ਅਪੀਲ ਕੀਤੀ ਗਈ ਹੈ।

# ਸਿਹਤ ਲਈ ਸੰਤੁਲਿਤ ਭੋਜਨ ਕਿਉਂ ਜ਼ਰੂਰੀ ?

ਡਾ. ਅਜੀਤਪਾਲ ਸਿੰਘ ਐਮ. ਡੀ.



ਕਿਸ ਬੀਮਾਰੀ 'ਚ ਕੀ ਖਾਈਏ ਇਹ ਜਾਨਣਾ ਅਤੀ ਜਰੂਰੀ ਹੈ। ਇਹ ਸਭ ਪ੍ਰਵਾਨਿਤ ਤੱਥ ਹੈ ਕਿ ਭੋਜਨ ਜੀਵਨ ਲਈ ਜਰੂਰੀ ਹੈ, ਉਸ ਨਾਲ ਸਰੀਰ ਵਿੱਚ ਊਰਜਾ ਪੈਦਾ ਹੁੰਦੀ ਹੈ। ਅਤੇ ਕੰਮਕਾਰ ਕਰਨ ਦੀ ਸ਼ਕਤੀ ਮਿਲਦੀ ਹੈ, ਨਾਲ ਹੀ ਸਰੀਰ ਨੂੰ ਖੁਦ ਆਪਣੀਆਂ ਕ੍ਰਿਆਵਾਂ ਚਾਲੂ ਰਖਣ ਲਈ ਊਰਜਾ ਲਾਜਮੀ ਹੁੰਦੀ ਹੈ। ਇਹ ਊਰਜਾ ਉਸਨੂੰ ਸਹੀ ਭੋਜਨ ਰਾਹੀਂ ਹੀ ਮਿਲਦੀ ਹੈ। ਬੀਮਾਰੀ ਦੀ ਹਾਲਤ 'ਚ ਅਕਸਰ ਸਰੀਰ ਦੀਆਂ ਖੁਰਾਕ ਸਬੰਧੀ ਲੋੜਾਂ ਬਦਲ ਜਾਂਦੀਆਂ ਹਨ। ਇਸ ਲਈ ਮਰੀਜ਼ ਤੇ ਰੋਗ ਦੀ ਅਵਸਥਾ ਅਨੁਸਾਰ ਭੋਜਨ 'ਚ ਤਬਦੀਲੀਆਂ ਕਰਨੀਆਂ ਜ਼ਰੂਰੀ ਹੁੰਦੀਆਂ ਹਨ। ਕੁਝ ਪ੍ਰਮੁੱਖ ਲੋਕਾਂ 'ਚ ਮੋਟੇ ਤੌਰ ਤੇ ਭੋਜਨ ਸਬੰਧੀ ਗੱਲਾਂ ਦਸੀਆਂ ਜਾ ਰਹੀਆਂ ਹਨ ਜਿਹਨਾਂ ਦਾ ਧਿਆਨ ਰੋਗੀਆਂ ਨੂੰ ਤੇ ਉਹਨਾਂ ਦੇ ਘਰ ਦੇ ਮੈਂਬਰਾਂ ਨੂੰ ਰੱਖਣਾ ਚਾਹੀਦਾ ਹੈ:-

**ਦਿਲ ਦੇ ਰੋਗ ਦੌਰਾਨ ਆਹਾਰ**- ਭੋਜਨ ਦੀ ਦਿਲ ਦੇ ਰੋਗਾਂ 'ਚ ਵੱਡੀ ਅਹਿਮੀਅਤ ਹੁੰਦੀ ਹੈ। ਗਲਤ ਆਹਾਰ ਤੇ ਆਦਤ ਕਾਰਨ ਹੀ ਦਿਲ ਦੀਆਂ ਨਾੜਾਂ ਦੇ ਰੋਗ ਜਿਵੇਂ ਦਿਲ ਦੇ ਦੌਰ ਆਦਿ ਪੈਦਾ ਹੁੰਦੇ ਹਨ। ਮਿਸਾਲ ਵਜੋਂ ਵੱਧ ਚਰਬੀ ਭਰਪੂਰ ਭੋਜਨ ਖੂਨ 'ਚ ਕਲੈਸਟ੍ਰੋਲ ਦੀ ਮਾਤਰਾ ਵਧਾ ਦਿੰਦਾ ਹੈ ਜਿਸ ਨਾਲ ਦਿਲ ਦੇ ਰੋਗ ਦੀ ਸੰਭਾਵਨਾ ਵੀ ਵੱਧ ਜਾਂਦੀ ਹੈ। ਮਾਸ ਜਾਂ ਚਰਬੀ ਤੇ ਦੁੱਧ, ਮੱਖਣ, ਘੀ ਦੀ ਵੱਧ ਵਰਤੋਂ ਖੂਨ ਜਮਾਉਣ ਵਾਲੇ ਤੱਤਾਂ ਨੂੰ ਇਕਠਿਆਂ ਕਰਕੇ ਖੂਨ ਦੀਆਂ ਸਪਲਾਈ ਨਾਲੀਆਂ 'ਚ ਕਲਾਟ ਬਣਾਉਣ 'ਚ ਸਹਾਇਕ ਹੁੰਦੀ ਹੈ। ਦਿਲ ਦੇ ਰੋਗੀਆਂ ਨੂੰ ਕਲੈਸਟ੍ਰੋਲ ਵਧਾਉਣ ਵਾਲੇ ਪਦਾਰਥ ਜਿਵੇਂ-ਘਿਉ, ਮਾਸ, ਮੱਖਣ, ਨਾਰੀਅਲ ਦਾ ਤੇਲ ਆਦਿ ਨਹੀਂ ਖਾਣੇ ਚਾਹੀਦੇ। ਇਸ ਤੋਂ ਇਲਾਵਾਂ ਸ਼ਰਾਬ, ਸਿਗਰਟ, ਤੰਬਾਕੂ ਨੂੰ ਵੀ ਬੰਦ ਕਰ ਦੇਣਾ ਚਾਹੀਦਾ ਹੈ ਦਿਲ ਦੀਆਂ ਧਮਨੀਆਂ ਨਾਲ ਸਬੰਧਿਤ ਰੋਗੀਆਂ ਨੂੰ ਕਾਰਬੋਹਾਈਡ੍ਰੇਟ ਭਰਪੂਰ ਆਹਾਰ ਜਿਵੇਂ ਰੋਟੀ, ਚਾਵਲ ਆਦਿ ਖਾਣੇ ਵੱਧ ਅੱਛੇ ਰਹਿੰਦੇ ਹਨ। ਮਾਸਾਹਾਰ 'ਚ ਪ੍ਰੋਟੀਨ ਤੇ ਚਰਬੀ ਦੀ ਮਾਤਰਾ ਵੱਧ ਹੁੰਦੀ ਹੈ। ਉਸ ਨੂੰ ਘੱਟ ਕਰਨਾ ਫਾਇਦੇਮੰਦ ਹੁੰਦਾ ਹੈ। ਭੋਜਨ 'ਚ ਰੇਸ਼ਿਆ (ਫਾਈਬਰੀ) ਦੀ ਮਾਤਰਾ ਵੀ ਹੋਣੀ ਚਾਹੀਦੀ ਹੈ। ਇਹ ਰੇਸ਼ੇ, ਹਰੀਆਂ ਸਬਜੀਆਂ, ਫਲਾਂ ਤੇ ਦਾਲਾਂ ਆਦਿ ਤੋਂ ਹਾਸਲ ਹੁੰਦੇ ਹਨ। ਇਹ ਵੇਖਿਆ ਗਿਆ ਹੈ ਕਿ ਰੇਸ਼ੇ ਹੀ ਦਿਲ ਦੇ ਰੋਗ ਨੂੰ ਘਟ ਕਰਦੇ ਹਨ। ਨਮਕ ਤੇ ਬਲੱਡ ਪ੍ਰੈਸ਼ਰ ਦਾ ਆਪਸੀ ਸਬੰਧ ਹੁੰਦਾ ਹੈ: ਵੱਧ ਬੇਲੋੜਾ ਨਮਕ ਬਲੱਡ ਪ੍ਰੈਸ਼ਰ ਨੂੰ ਵਧਾ ਦਿੰਦਾ ਹੈ। ਹਾਈ ਬਲੱਡ ਦੇ ਰੋਗੀ ਨੂੰ ਖਾਣੇ 'ਚ ਨਮਕ ਦੀ ਮਾਤਰਾ ਬੇਹੱਦ ਘੱਟ ਰਖਣੀ ਚਾਹੀਦੀ ਹੈ। ਉਸਨੂੰ 24 ਘੰਟਿਆਂ 'ਚ 1.5 ਗ੍ਰਾਮ ਤੋਂ ਵੱਧ ਨਮਕ ਨਹੀਂ ਲੈਣਾ ਚਾਹੀਦਾ।

**ਤਪਦਿਕ ਰੋਗੀਆਂ** ਦਾ ਇਲਾਜ ਲੰਮਾ ਸਮਾਂ ਚਲਦਾ ਹੈ। ਮਰੀਜ਼ ਨੂੰ ਦਵਾਈਆਂ ਦੇ ਨਾਲ-ਨਾਲ ਪੋਸ਼ਟਿਕ ਭੋਜਨ ਵੀ ਖਾਣਾ ਚਾਹੀਦਾ ਹੈ। ਰੋਗੀ ਨੂੰ ਆਮ ਲੋਕਾਂ ਨਾਲੋਂ ਵੱਧ ਕੈਲਰੀ ਵਾਲਾ ਭੋਜਨ ਜਿਸ 'ਚ ਪ੍ਰੋਟੀਨ ਤੇ ਵਿਟਾਮਨ ਦੀ ਲੋੜੀਂਦੀ ਮਾਤਰਾ ਹੋਵੇ, ਲੈਣਾ ਚਾਹੀਦਾ ਹੈ। ਸ਼ਾਕਾਹਾਰੀ ਵਿਅਕਤੀ ਨੂੰ ਦੁੱਧ, ਦੁੱਧ ਨਾਲ ਬਣੇ ਪਦਾਰਥ ਦਹੀਂ, ਸੋਆਬੀਨ, ਦਾਲਾਂ ਆਦਿ ਲੋੜੀਂਦੀ ਮਾਤਰਾ 'ਚ ਲੈਣੀਆਂ ਚਾਹੀਦੀਆਂ ਹਨ। ਮਾਸਾਹਾਰੀ ਘੱਟ ਚਰਬੀ ਵਾਲਾ ਮੀਟ ਜਿਵੇਂ ਮੱਛੀ ਤੇ ਆਂਡੇ ਖਾ ਸਕਦੇ ਹਨ। ਇਹਨਾਂ ਵਿੱਚ ਪ੍ਰੋਟੀਨ ਦੀ ਅੱਛੀ ਮਾਤਰਾ ਮਿਲ ਜਾਂਦੀ ਹੈ। ਪਰ ਫੇਫੜਿਆਂ ਦੇ ਤਪਦਿਕ ਰੋਗ 'ਚ ਮੋਟਾਪਾ ਵੀ ਹਾਨੀਕਾਰਕ ਹੁੰਦਾ ਹੈ। ਵਜਣ ਵਧਣ ਤੋਂ ਰੋਕਣਾ ਚਾਹੀਦਾ ਹੈ।

**ਪੀਲੀਆ** (**ਵਾਇਰਲ ਹੈਪੇਟਾਈਟਸ**) ਜਿਗਰ ਦੀ ਇਨਫੈਕਸ਼ਨ ਤੇ ਸੋਜ ਹੀ ਅਕਸਰ ਪੀਲੀਏ ਦਾ ਕਾਰਣ ਹੁੰਦੀ ਹੈ। ਇਹ ਖਤਰਨਾਕ ਰੋਗ ਹੈ। ਰੋਗ 'ਚ ਖੁਰਾਕ ਵੱਲ ਧਿਆਨ ਦੇਣਾ ਮਹੱਤਵਪੂਰਨ ਹੈ। ਪੀਲੀਏ ਦੌਰਾਨ ਮਰੀਜ ਦੀ ਭੁੱਖ ਮਰ ਜਾਂਦੀ ਹੈ, ਉਲਟੀਆਂ ਲਗਦੀਆਂ ਜੀ ਕੱਚਾ ਹੁੰਦਾ ਹੈ। ਇਸ ਰੋਗ 'ਚ ਜਿਗਰ ਕੰਮਜੋਰ ਹੋ ਜਾਂਦਾ ਹੈ। ਇਸ ਕਰਕੇ ਵੱਧ ਚਰਬੀ ਭਰਪੂਰ ਆਹਾਰ ਜਿਵੇਂ-ਘੀ, ਤੇਲ ਘੱਟ ਲੈਣ ਦੇ ਨਾਲ ਹੀ, ਚਾਹ, ਤਲੀਆਂ ਚੀਜਾਂ, ਮਿਸਾਲ, ਸਿਗਰਟ, ਸ਼ਰਾਬ ਬੰਦ ਕਰ ਦੇਣੇ ਚਾਹੀਦੇ ਹਨ। ਆਹਾਰ 'ਚ ਫਲਾਂ ਦਾ ਰਸ, ਗੰਨੇ ਦਾ ਰਸ, ਗੁਲੂਕੋਜ਼ ਆਦਿ ਵੀ ਲਏ ਜਾ ਸਕਦੇ ਹਨ। ਭੋਜਨ 'ਚ ਚੌਲ, ਰੋਟੀ-ਦਾਲ, ਉਬਲੀਆਂ ਹਰੀਆਂ ਸਬਜੀਆਂ ਸ਼ਾਮਲ ਕਰਨੀਆਂ ਚਾਹੀਦੀਆਂ ਹਨ। ਟਾਈਫਾਇਡ ਬੁਖਾਰ ਭਾਰਤ 'ਚ ਹੋਣ ਵਾਲਾ ਇਕ ਆਮ ਬੁਖਾਰ ਹੈ। ਇਸ ਵਿੱਚ ਆਂਤੜੀਆਂ ਕੰਮਜੋਰ ਹੋ ਜਾਂਦੀਆਂ ਹਨ। ਉਹਨਾਂ 'ਚ ਜਖਮ ਭਾਵ ਅਲਸਰ ਵੀ ਬਣ ਜਾਂਦੇ ਹਨ। ਇਸ ਲਈ ਇਸ ਸਮੇਂ ਦੌਰਾਨ ਹਲਕਾ ਭੋਜਨ ਹੀ ਕਰਨਾ ਚਾਹੀਦਾ ਹੈ। ਰੋਗੀ ਨੂੰ ਫਲਾਂ ਦਾ ਰਸ, ਮਿੱਠਾ ਦਹੀਂ, ਦਾਲ ਦਾ ਪਾਣੀ ਆਦਿ ਭਰਪੂਰ ਮਾਤਰਾ 'ਚ ਦੇਣਾ ਚਾਹੀਦਾ ਹੈ। ਆਈਸਕ੍ਰੀਮ ਲਈ ਜਾ ਸਕਦੀ ਹੈ। ਪਰ ਜੇ ਬੁਖਾਰ ਨਾਲ ਦਸਤ ਲੱਗ ਰਹੇ ਹੋਣ ਤਾਂ ਅੰਬ, ਪਪੀਤਾ, ਅਮਰੂਦ ਆਦਿ ਫਲ ਨਹੀਂ ਖਾਣੇ ਚਾਹੀਦੇ। ਟਾਈਫਾਇਡ 'ਚ ਸੇਬ ਖਾਧੇ ਜਾ ਸਕਦੇ ਹਨ, ਇਸ ਤੋਂ ਬਿਨਾਂ ਸਾਬੂਦਾਣਾ, ਦਹੀ ਲਏ ਜਾ ਸਕਦੇ ਹਨ। ਮੂੰਗੀ ਦੀ ਦਾਲ ਵੀ ਲਈ ਜਾ ਸਕਦੀ ਹੈ। ਬੁਖਾਰ ਉਤਰ ਜਾਣ ਪਿਛੋਂ ਹੀ ਰੋਟੀ ਲੈਣੀ ਚਾਹੀਦੀ ਹੈ। ਤਲੀਆਂ ਚੀਜਾਂ ਤੋਂ ਪ੍ਰਹੇਜ ਕਰਨਾ ਚਾਹੀਦਾ ਹੈ। ਵੱਧ ਮਿਰਚਾਂ-ਮਸਾਲੇ ਵੀ ਨਹੀਂ ਖਾਣੇ ਚਾਹੀਦੇ।

**ਪੈਪਟਿਕ ਅਲਸਰ ਤੇ ਐਸਡਿਟੀ 'ਚ ਆਹਾਰ**-ਪੈਪਟਿਕ ਅਸਰ ਦੋ ਪ੍ਰਕਾਰ ਦੇ ਹੁੰਦੇ ਹਨ। ਪਹਿਲਾਂ ਮਿਹਦੇ ਦਾ (ਗੈਸਟਿਕ ਅਲਸਰ) ਅਤੇ ਦੂਜਾ ਗ੍ਰਹਿਣੀ ਦਾ ਅਲਸਰ। ਦੋਨਾਂ 'ਚ ਲਗਭਗ ਆਮ ਸਮਾਨ ਭੋਜਨ ਲਿਆ ਜਾਂਦਾ। ਪੈਪਟਿਕ ਅਲਸਰ 'ਚ ਆਹਾਰ ਲੈਣ ਦਾ ਸਿਧਾਂਤ ਇਹ

ਹੈ ਕਿ ਘੱਟੋ ਘੱਟ ਫਰਕ ਦੇ ਨਾਲ ਵਾਰ ਵਾਰ, ਥੋੜ੍ਹਾ ਥੋੜ੍ਹਾ ਭੋਜਨ ਲਿਆ ਜਾਵੇ। ਇਸ ਨਾਲ ਮਿਹਦੇ 'ਚ ਤੇਜ਼ਾਬੀਆਂ ਨਹੀਂ ਵਧਣੀ ਚਾਹੀਦੀ ਕਿਉਂਕਿ ਵੱਧ ਤੇਜਾਬੀਅਤ ਅਲਸਰ ਲਈ ਘਾਤਕ ਹੁੰਦੀ ਹੈ। ਆਹਾਰ 'ਚ ਦੁੱਧ ਤਰਜੀਹੀ ਤੌਰ 'ਤੇ ਲਿਆ ਜਾਣਾ ਚਾਹੀਦਾ ਹੈ। ਕੇਲਾ, ਸਾਬੂਦਾਣਾ, ਕੱਚਾ ਨਾਰੀਅਲ ਆਦਿ ਖੁਰਾਕੀ ਵਸਤਾਂ ਵਿੱਚ ਸ਼ਾਮਲ ਕੀਤੇ ਜਾਣੇ ਚਾਹੀਦੇ ਹਨ। ਇਸ ਰੋਗ ਵਿੱਚ ਚਾਹ, ਕਾਫੀ, ਅਲਕੋਹਲ, ਬੀਅਰ, ਕੋਲਡ ਡ੍ਰਿੰਕਸ, ਮਿਰਚ-ਮਸਾਲੇ, ਅਚਾਰ, ਤੰਬਾਕੂ ਆਦਿ ਬਿਲਕੁਲ ਛੱਡ ਦੇਣੇ ਚਾਹੀਦੇ। ਅਤੀ ਤੇਜਾਬੀਅਤ ਤੇ ਮਿਹਦੇ ਦੀ ਸੱਜ (ਗੈਸਟ੍ਰਾਇਟਿਸ) 'ਚ ਉਪਰ ਲਿਖੇ ਮੁਤਾਬਕ ਖੁਰਾਕ ਲੈਣੀ ਚਾਹੀਦੀ ਹੈ।

**ਕਬਜ਼ 'ਚ ਕੀ ਖਾਧਾ ਜਾਵੇ**- ਭੋਜਨ 'ਚ ਬਦਲਾਅ ਕਰਕੇ ਕਬਜ਼ ਨੂੰ ਕਾਫੀ ਹੱਦ ਤੱਕ ਠੀਕ ਕੀਤਾ ਜਾ ਸਕਦਾ ਹੈ। ਇਸ ਦੇ ਲਈ ਭੋਜਨ ਵਿੱਚ ਰੇਸ਼ੇ (ਫਾਇਬਰ) ਵਾਲੇ ਖੁਰਾਕੀ ਪਦਾਰਥਾਂ ਨੂੰ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਰੋਗੀ ਨੂੰ ਆਪਣੇ ਭੋਜਨ 'ਚ ਹਰੀਆਂ ਪੱਤੇਦਾਰ ਸਬਜੀਆਂ-ਜਿਵੇਂ ਪਾਲਕ, ਬਾਥੂ, ਮੇਥੀ ਆਦਿ ਭਰਪੂਰ ਮਾਤਰਾ 'ਚ ਸ਼ਾਮਲ ਕਰਨੀਆਂ ਚਾਹੀਦੀਆਂ ਹਨ। ਫਲਾਂ 'ਚ ਪਪੀਤਾ, ਚੀਕੂ, ਅਮਰੂਦ ਜੇ ਮਿਲਣ ਤਾਂ ਰੋਜ ਖਾਧੇ ਜਾਣ। ਭੋਜਨ 'ਚ ਸਲਾਦ ਜਿਵੇਂ ਖੀਰਾ, ਟਮਾਟਰ, ਪਿਆਜ, ਪੱਤਗੋਭੀ, ਗਾਜਰ, ਮੂਲੀ ਆਦਿ ਦੀ ਵੀ ਲੋੜੀਂਦੀ ਮਾਤਰਾ ਹੋਣੀ ਜਰੂਰੀ ਹੈ। ਪਰ ਧਿਆਨ ਰਖਿਆ ਜਾਵੇ ਕਿ ਇਹਨਾਂ ਨੂੰ ਸਿਰਫ ਉਬਾਲ ਕੇ ਖਾਧਾ ਜਾਵੇ ਤਾਂ ਹੋਰ ਵੀ ਬੇਹਤਰ ਹੈ। ਕੋਸਾ ਪਾਣੀ, ਨਿੰਬੂ, ਸ਼ਹਿਦ ਜਾਂ ਨਮਕ ਨਾਲ ਲੈਣਾ ਵੀ ਕਬਜ 'ਚ ਫਾਇਦੇਮੰਦ ਹੁੰਦਾ ਹੈ। ਇਸ ਤੋਂ ਇਲਾਵਾ ਸ਼ਰੀਰਕ ਕਸਰਤ ਕਰਨੀ ਚਾਹੀਦੀ ਹੈ। ਕਬਜ ਦੇ ਰੋਗੀ ਨੂੰ ਚਾਹ, ਕਾਫੀ, ਤਲੇ ਪਦਾਰਥ (ਪੂਰੀ, ਭੁਜੀਆ, ਸਮਸਾ, ਪਕੌੜਾ ਆਦਿ) ਤੇ ਚਾਕਲੇਟ, ਦੁੱਧ ਤੋਂ ਬਣੇ ਪਦਾਰਥਾਂ ਤੋਂ ਪ੍ਰਹੇਜ ਕਰਨਾ ਚਾਹੀਦਾ ਹੈ। ਹਾਂ ਰਾਤ ਨੂੰ ਇਕ ਗਿਲਾਸ ਦੁੱਧ ਮੁਨੱਕਾ ਦੇ ਨਾਲ ਲਿਆ ਜਾ ਸਕਦਾ ਹੈ।

**ਦਸਤ ਜਾਂ ਪੇਚਿਸ (ਡਾਇਰੀਆ) 'ਚ ਆਹਾਰ**- ਇਸ ਰੋਗ ਦਾ ਕਾਰਣ ਦੂਸ਼ਿਤ ਭੋਜਨ ਜਾਂ ਇਨਫੈਕਸ਼ਨ ਹੁੰਦੇ ਹਨ। ਬੱਚਿਆਂ 'ਚ ਪੇਟ ਦੇ ਕੀੜਿਆਂ ਕਾਰਨ ਵੀ ਦਸਤ ਲੱਗ ਜਾਂਦੇ ਹਨ। ਇਸ ਮੁਤਾਬਕ ਹੀ ਆਹਾਰ 'ਚ ਬਦਲਾਅ ਕਰਨਾ ਚਾਹੀਦਾ ਹੈ। ਸਭ ਤੋਂ ਪਹਿਲਾਂ ਇਹ ਖਿਆਲ ਰਖਿਆ ਜਾਵੇ ਕਿ ਰੋਗੀ ਦੇ ਸਰੀਰ 'ਚ ਪਾਣੀ ਜਾਂ ਨਮਕ ਦੀ ਘਾਟ ਨਾ ਆਵੇ। ਇਸ ਪਾਸੇ ਰੋਗੀ ਨੂੰ ਖੂਬ ਪਾਣੀ ਪਿਲਾਉਣ ਤੋਂ ਇਲਾਵਾ ਫਲਾਂ ਦਾ ਰਸ, (ਮੌਸਮੀ, ਸੇਬ, ਸੰਤਰਾ ਆਦਿ), ਨਾਰੀਅਲ ਪਾਣੀ, ਦਾਲ ਦਾ ਪਾਣੀ ਆਦਿ ਦਿੰਦੇ ਰਹੋ। ਖੁਰਾਕ 'ਚ ਪੱਕੇ ਹੋਏ ਫਲ ਕੇਲੇ, ਚਾਵਲ ਤੇ ਦਹੀਂ ਵੀ ਲਿਆ ਜਾ ਸਕਦਾ ਹੈ। ਆਦਤ ਮੁਤਾਬਕ ਚਾਹ ਲਈ ਜਾ ਸਕਦੀ ਹੈ ਪਰ ਖੁਰਾਕ, ਮਿਸਾਲੇ ਤੇ ਖੋਏ ਦੀ ਮਿਠਾਈਆਂ ਤੋਂ ਪ੍ਰਹੇਜ ਕਰਨਾ ਚਾਹੀਦਾ ਹੈ। ਪੀਣ ਵਾਲੇ ਪਾਣੀ ਦਾ ਸ਼ੁੱਧ ਹੋਣਾ ਜਰੂਰੀ ਹੁੰਦਾ ਹੈ। ਇਸ ਵਾਸਤੇ ਉਬਾਲਿਆ ਜਾਂ ਫਿਲਟਰ ਨਾਲ ਪੁਣਿਆ ਪਾਣੀ ਹੀ ਪੀਣਾ ਚਾਹੀਦਾ ਹੈ। ਕਈ ਵਾਰ ਕੁਝ ਖਾਸ ਕਿਸਮ ਦੀਆਂ ਵਸਤਾਂ ਛਡਣ ਨਾਲ ਵੀ ਦਸਤ ਰੁਕ ਜਾਂਦੇ ਹਨ ਜਿਵੇਂ ਸੀਲਿਅਕ ਰੋਗ ਅਤੇ ਸੰਗ੍ਰਹਿਣੀ 'ਚ ਗਲੂਟੇਨ ਰਹਿਤ ਆਹਾਰ ਦੇਣ ਨਾਲ ਦਸਤ ਰੁਕ ਜਾਂਦੇ ਹਨ। ਕੁਝ ਬੱਚਿਆਂ ਨੂੰ ਗੁਲੂਕੋਜ ਪਹੁੰਚਾਉਣ ਵਾਲੇ ਇਨਜਾਇਮ ਦੀ ਘਾਟ ਕਰਕੇ ਦੁੱਧ ਨਹੀਂ ਪਚਦਾ। ਅਜੇਹੇ ਬੱਚਿਆਂ ਨੂੰ ਦੁੱਧ ਪਿਲਾਉਣਾ ਬੰਦ ਕਰਨ ਨਾਲ ਤੇ ਦੁੱਧ ਤੋਂ ਰਹਿਤ ਆਹਾਰ ਦੇਣ ਨਾਲ ਦਸਤ ਬੰਦ ਹੋ ਜਾਂਦੇ ਹਨ। ਅਲਰਜੀ ਕਾਰਣ ਦਸਤ ਲੱਗਣ 'ਤੇ ਅਲਰਜੀ ਕਾਰਨ ਖੁਰਾਕ ਵੱਖ ਕਰਨ 'ਤੇ ਦਸਤ ਲੱਗਣ ਦੀ ਬੀਮਾਰੀ ਠੀਕ ਹੋ ਜਾਂਦੀ ਹੈ।

**ਫਲੂ ਤੇ ਹੋਰ ਬੁਖਾਰਾਂ 'ਚ ਖੁਰਾਕ**:- ਸਭ ਕਿਸਮ ਦੇ ਬੁਖਾਰਾਂ 'ਚ ਸਰੀਰ ਦੀ ਪ੍ਰੋਟੀਨ, ਕਾਰਬੋਹਾਈਡ੍ਰੇਟ, ਵਿਟਾਮਿਨ ਦੀ ਲੋੜ ਪੂਰੀ ਕਰਦੇ ਰਹੇ।

## "ਅਜੀਬ ਵਿਡੰਬਣਾ"

ਕਿਸੇ ਦੂਰ ਮੁਲਕ ਦੀ ਗੱਲ ਹੈ ਕਿ ਕਿਸੇ ਨੇ ਇਕ ਧਾਰਮਿਕ ਅਸਥਾਨ ਦੇ ਸਾਹਮਣੇ ਇੱਕ ਬੀਅਰ ਬਾਰ ਖੋਲ੍ਹ ਲਿਆ। ਉਸ ਧਾਰਮਿਕ ਅਸਥਾਨ ਤੋਂ ਹਰ ਰੋਜ਼ ਉਸ ਬੀਅਰ ਬਾਰ ਦੇ ਖ਼ਿਲਾਫ਼ ਪ੍ਰਾਰਥਨਾ ਕੀਤੀ ਜਾਣ ਲੱਗੀ। ਕਹਿੰਦੇ ਹਨ ਇਕ ਦਿਨ ਅਚਾਨਕ ਉਸ ਬੀਅਰ ਬਾਰ ਨੂੰ ਅੱਗ ਲਗ ਗਈ ਤੇ ਉਹ ਸੜ ਕੇ ਸੁਆਹ ਹੋ ਗਿਆ। ਬੀਅਰ ਦੇ ਮਾਲਕ ਨੇ ਅਦਾਲਤ ਦਾ ਦਰਵਾਜ਼ਾ ਜਾ ਖੜਕਾਇਆ ਕਿ ਇਹਨਾਂ ਦੀ ਪ੍ਰਾਰਥਨਾ ਦੇ ਕਾਰਨ ਮੇਰਾ ਧੰਦਾ ਸੁਆਹ ਹੋ ਗਿਆ, ਪਰ ਜੱਜ ਦੇ ਸਾਹਮਣੇ ਧਾਰਮਿਕ ਅਸਥਾਨ ਦੇ ਲੋਕ ਇਸ ਗੱਲ ਦੀ ਜ਼ੁੰਮੇਵਾਰੀ ਲੈਣ ਤੋਂ ਕੰਨੀ ਕਤਰਾ ਗਏ। ਜੱਜ ਨੇ ਦੁਬਿਧਾ ਵਿਚ ਇਹ ਟਿੱਪਣੀ ਲਿਖੀ ਕਿ "ਇੱਕ ਪਾਸੇ ਉਹ ਬਾਰ ਦਾ ਮਾਲਕ ਹੈ ਜੋ ਪ੍ਰਾਰਥਨਾਂ ਦੀ ਸ਼ਕਤੀ 'ਚ' ਵਿਸ਼ਵਾਸ ਕਰਦਾ ਹੈ, ਤੇ ਦੂਜੇ ਪਾਸੇ ਉਸ ਧਾਰਮਿਕ ਅਸਥਾਨ ਦੇ ਸਾਰੇ ਲੋਕ ਨੇ ਜੋ ਇਸ ਗੱਲ ਤੋਂ ਮੁਨਕਰ ਹਨ। ਸੋ ਅਜੀਬ ਵਿਡੰਬਣਾ ਹੈ।"

ਪੰਜਾਬੀ ਤਰਜਮਾ: ਮਿੰਟੂ ਬਗੜ ਆਸਟ੍ਰੇਲੀਆ


# ਵਿਗਿਆਨ ਜੋਤ

ਨੂੰ ਘਰ ਘਰ ਪਹੁੰਚਾਉਣ ਲਈ
ਇੱਕ ਵਿਸ਼ੇਸ਼ ਸਕੀਮ ਸ਼ੁਰੂ ਕੀਤੀ ਗਈ ਹੈ।

'ਵਿਗਿਆਨ ਜੋਤ' ਦੀ ਦੋ ਸਾਲਾਂ ਦੀ ਮੈਂਬਰਸ਼ਿਪ 150 ਰੁਪਏ ਹੈ। ਜਿਹੜਾ ਸਹਿਯੋਗੀ ਇਸਦੇ ਨਵੇਂ ਪਾਠਕ ਬਣਾਏਗਾ ਉਹਨਾਂ ਨੂੰ ਹੇਠ ਲਿਖੇ ਇਨਾਮ ਦਿੱਤੇ ਜਾਣਗੇ।

ਪੰਜ ਪਾਠਕ ਬਣਾਉਣ ਵਾਲੇ ਨੂੰ
70 ਰੁਪਏ ਮੁੱਲ ਦੀਆਂ ਕਿਤਾਬਾਂ
ਇਨਾਮ ਵਜੋਂ ਭੇਜੀਆਂ ਜਾਣਗੀਆਂ।

ਦਸ ਪਾਠਕ ਬਣਾਉਣ ਵਾਲੇ ਨੂੰ
160 ਰੁਪਏ ਮੁੱਲ ਦੀਆਂ ਕਿਤਾਬਾਂ
ਇਨਾਮ ਵਜੋਂ ਭੇਜੀਆਂ ਜਾਣਗੀਆਂ।

ਵੀਹ ਪਾਠਕ ਬਣਾਉਣ ਵਾਲੇ ਨੂੰ
340 ਰੁਪਏ ਮੁੱਲ ਦੀਆਂ ਕਿਤਾਬਾਂ
ਇਨਾਮ ਵਜੋਂ ਭੇਜੀਆਂ ਜਾਣਗੀਆਂ।

ਪੰਜਾਹ ਪਾਠਕ ਬਣਾਉਣ ਵਾਲੇ ਨੂੰ
1000 ਰੁਪਏ ਮੁੱਲ ਦੀਆਂ ਕਿਤਾਬਾਂ
ਅਤੇ ਇੱਕ ਪ੍ਰਸ਼ੰਸਾ ਪੱਤਰ
ਇਨਾਮ ਵਜੋਂ ਭੇਜੇ ਜਾਣਗੇ।

ਪਾਠਕਾਂ ਦੀ ਇਕੱਠੀ ਲਿਸਟ ਪੂਰੇ ਪਤਿਆਂ ਅਤੇ ਬੈਂਕ ਡਰਾਫਟ ਸਮੇਤ ਹੇਠ ਲਿਖੇ ਪਤੇ 'ਤੇ ਭੇਜੀ ਜਾਵੇ :

**ਅਮਿੱਤ ਮਿੱਤਰ**
ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ,
ਬਰਨਾਲਾ - 148101 (ਪੰਜਾਬ)

ਨੋਟ ✪ ਇਨਾਮ ਵਿਚਲੀਆਂ ਕਿਤਾਬਾਂ ਤੁਹਾਡੀ ਚੋਣ ਅਨੁਸਾਰ ਮੈਗਜ਼ੀਨ ਵਿੱਚ ਛਪੀ ਲਿਸਟ, ਸਿਰਫ਼ ਤਰਕਭਾਰਤੀ ਪ੍ਰਕਾਸ਼ਨ ਜਾਂ ਵਿਸ਼ਵਭਾਰਤੀ ਪ੍ਰਕਾਸ਼ਨ ਵਿੱਚੋਂ ਹੀ ਉਪਲੱਬਧ ਹੋਣਗੀਆਂ ਤੇ ਮਿਲਣਗੀਆਂ।
✪ ਕਿਤਾਬਾਂ ਨੂੰ ਭੇਜਣ ਦਾ ਡਾਕ ਖਰਚ ਅਦਾਰਾ 'ਵਿਗਿਆਨ ਜੋਤ' ਦਾ ਹੋਵੇਗਾ।
✪ ਸਾਰੇ ਚੰਦੇ ਇੱਕੋ ਵੇਲੇ ਹੀ ਭੇਜੇ ਜਾਣ।

# ਸ਼ੁਰੂਆਤੀ ਪੇਜ਼

ਮੇਰਾ ਜਨਮ ਮਧਵਰਗੀ ਕਿਸਾਨ ਪਰਿਵਾਰ ਵਿੱਚ ਹੋਇਆ ਹੈ ਮੈਨੂੰ ਬਚਪਨ ਤੋਂ ਹੀ ਪੜ੍ਹਨ ਦੀ ਰੁਚੀ ਸੀ ਤੇ ਮੈਂ ਪਹਿਲਾਂ ਤੋਂ ਹੀ ਅਖ਼ਬਾਰ ਰਸਾਲਿਆਂ ਨੂੰ ਪੜ੍ਹਦਾ ਸੀ ਇਸ ਦੌਰਾਨ ਕਈ ਸਾਲ ਤੋਂ ਮੈਂ ਤਰਕਸ਼ੀਲ ਮੈਗਜ਼ੀਨ ਪੜ੍ਹ ਰਿਹਾ ਹਾਂ। ਪਿਛਲੇ ਸਾਲ ਨਵੰਬਰ ਦਸੰਬਰ ਮਹੀਨੇ ਵਿੱਚ ਮੈਨੂੰ ਤਰਕਸ਼ੀਲ ਮੈਗਜ਼ੀਨ ਨਹੀਂ ਮਿਲਿਆ ਤੇ ਦੁਕਾਨਦਾਰ ਨੇ ਮੈਨੂੰ ਵਿਗਿਆਨ ਜੋਤ ਮੈਗਜ਼ੀਨ ਦੇ ਦਿੱਤਾ ਉਸ ਅੰਕ ਨੂੰ ਪੜ੍ਹਕੇ ਬਹੁਤ ਵਧੀਆ ਲੱਗਾ ਤੇ ਮੈਂ 2015 ਤੇ 2014 ਦੇ ਸਾਰੇ ਮੈਗਜ਼ੀਨ ਮੰਗਵਾਕੇ 6 ਮਹੀਨੇ ਵਿੱਚ ਪੜ੍ਹ ਲਏ ਤੇ ਮੇਰੇ ਗਿਆਨ ਵਿੱਚ ਬਹੁਤ ਵਾਧਾ ਹੋਇਆ। ਇਸੇ ਦੌਰਾਨ ਮੈਨੂੰ ਮਨ 'ਚ ਡਰ ਤੇ ਮਾਨਸਿਕ ਰੋਗ ਦਾ ਸਿਕਾਰ ਹੋ ਗਿਆ ਮੈਂ ਪਿਛਲੇ ਦੋ ਸਾਲ ਤੇ ਇਲੈਕਟ੍ਰੀਸ਼ਨ ਦਾ ਕੰਮ ਕਰਦਾ ਹਾਂ ਤੇ ਮੇਰੀ ਦੁਕਾਨ ਵੀ ਹੈ। ਮਾਰਚ ਮਹੀਨੇ ਤੋਂ ਲੈ ਕੇ ਅਗਸਤ ਤੱਕ ਸੀਜ਼ਨ ਵਧੀਆ ਚੱਲਦਾ ਹੈ ਤੇ ਉਸਤੋਂ ਬਾਅਦ ਮੰਦਾ ਪੈ ਜਾਂਦਾ ਹੈ। ਮੇਰੇ ਮਨ ਵਿੱਚ ਅਜੀਬ ਜਿਹਾ ਡਰ ਰਹਿੰਦਾ ਸੀ ਮੈਨੂੰ ਸਮਝ ਨਹੀਂ ਸੀ ਆ ਰਹੀ ਕਿ ਅਜਿਹਾ ਕਿਉਂ ਹੈ। ਇਹ ਰੋਗ ਵੱਧਦਾ ਗਿਆ ਤੇ ਮੈਂ ਆਪਣੇ ਜੀਵਨ ਤੋਂ ਅੱਕ ਗਿਆ ਮੈਨੂੰ ਕੁਝ ਵੀ ਚੰਗਾ ਨਾ ਲੱਗਣਾ ਨਾ ਕੰਮ ਨੂੰ ਜੀਅ ਕਰਨਾ। ਵਿਗਿਆਨ ਜੋਤ ਵਿੱਚ ਮੈਂ ਜਿੰਦੀ ਪੇਂਟਰ ਤਰਕਸ਼ੀਲ ਦੇ ਲੇਖਾਂ ਤੋਂ ਕਾਫੀ ਪ੍ਰਭਾਵਿਤ ਹੋਇਆ ਤੇ ਮੈਂ ਮਨ ਵਿੱਚ ਕਈ ਵਾਰ ਸੋਚਿਆ ਕਿ ਜਿੰਦੀ ਨੂੰ ਮਿਲਕੇ ਆਪਣੇ ਮਨ ਦੇ ਡਰ ਦੀ ਗੱਲ ਦੱਸਾ ਪਰ ਹਿੰਮਤ ਨਹੀਂ ਸੀ ਪੈਂਦੀ ਜਦੋਂ ਵੀ ਮੈਨੂੰ ਕੋਈ ਟੈਨਸ਼ਨ ਹੋ ਜਾਣੀ ਤਾਂ ਮੈਂ ਦਿਨੇ ਹੀ ਦਾਰੂ ਪੀ ਲੈਣੀ ਜਿੰਨਾ ਚਿਰ ਦਾਰੂ ਪੀਤੀ ਹੋਸਲਾ ਰਹਿਣਾ ਫੇਰ ਉਸ ਤਰ੍ਹਾਂ ਦਾ ਡਰ ਹੋ ਜਾਣਾ ਫੇਰ ਇੱਕ ਦਿਨ ਮੈਂ ਦਾਰੂ ਪੀ ਕੇ ਹਿੰਮਤ ਕਰਕੇ ਜਿੰਦੀ ਨੂੰ ਫੋਨ ਤੇ ਗੱਲ ਦੱਸੀ। ਉਸਨੇ ਮੈਨੂੰ ਮਾਨਸਿਕ ਰੋਗਾਂ ਦੇ ਮਾਹਿਰ ਡਾਕਟਰ ਨੂੰ ਮਿਲਣ ਦੀ ਸਲਾਹ ਦਿੱਤੀ ਪਰ ਫੋਨ ਤੇ ਗੱਲ ਕਰਕੇ ਮੈਨੂੰ ਤਸੱਲੀ ਨਾ ਹੋਈ। ਮੈਂ ਉਸਨੂੰ ਉਸ ਨਾਲ ਮੁਲਾਕਾਤ ਕਰਨਾ ਚਾਹੁੰਦਾ ਸੀ। ਇਸ ਦੌਰਾਨ ਮੇਰੇ ਤਾਏ ਦੇ ਛੋਟੇ ਲੜਕੇ ਦੀ ਮੌਤ ਹੋ ਗਈ ਉਹ ਦਾਰੂ ਬਹੁਤ ਪੀਂਦਾ ਸੀ। ਇਹ ਜੂਨ ਮਹੀਨੇ ਦੀ ਗੱਲ ਹੈ। ਉਸਤੋਂ 2 ਮਹੀਨਿਆਂ ਦੇ ਅੰਦਰ ਹੀ ਉਸਦੇ ਵੱਢੇ ਭਰਾ ਦੀ ਵੀ ਦਾਰੂ ਪੀਣ ਨਾਲ ਹੀ ਮੌਤ ਹੋ ਗਈ। ਮੇਰੇ ਤਾਏ ਦੇ ਲੜਕਿਆਂ ਨੇ ਕਿਹਾ ਇਹ ਆਪਣੇ ਟੱਬਰ ਤੇ ਕਿਸੇ ਕਰੋਪੀ ਦਾ ਕਹਿਰ ਹੈ ਤੇ ਉਹਨਾਂ ਨੇ ਸਾਡੇ ਟਿੱਬੀ ਵਾਲੇ ਖੂਹ ਤੇ ਕਿਸੇ ਪੀਰ ਦੀ ਮਟੀ ਸਾਡੇ ਤਾਏ ਨੇ ਢਾਹ ਦਿੱਤੀ ਸੀ ਇਹ ਉਸੇ ਪੀਰ ਦੀ ਕਰੋਪੀ ਹੈ ਤੇ ਆਪਾਂ ਦੋਨੋ ਘਰ ਰਲ ਕੇ ਇਹ ਮਟੀ ਦੁਬਾਰਾ ਬਣਾ ਦੇਈਏ ਉਹ ਵੀ ਸਾਂਝੀ ਜਗਾ ਤੇ ਪਰ ਮੈਂ ਨਹੀਂ ਮੰਨਿਆ ਮੈਂ ਕਿਹਾ ਕਿ ਤੁਸੀਂ ਆਪਣੀ ਜਗਾ 'ਚ ਬਣਾ ਦਿਉ ਮੈਂ ਨਹੀਂ ਇਸ ਚੀਜ਼ ਨੂੰ ਮੰਨਦਾ। ਮੈਂ ਸਾਫ਼ ਜਵਾਬ ਦੇ ਦਿੱਤਾ ਕਿਉਂਕਿ ਮੇਰੇ ਤੇ ਤਰਕਸ਼ੀਲਤਾ ਦਾ ਅਸਰ ਸੀ। ਇਸ ਤੋਂ ਬਾਅਦ ਸਤੰਬਰ ਮਹੀਨੇ ਤੋਂ ਮੇਰਾ ਸੀਜਨ ਘਟ ਗਿਆ ਤੇ ਮੈਂ ਆਪਣੇ ਆਪ ਨੂੰ ਬਹੁਤ ਜ਼ਿਆਦਾ ਮਾਨਸਿਕ ਰੋਗ ਦਾ ਸ਼ਿਕਾਰ ਬਣ ਗਿਆ ਦੁਕਾਨ ਤੇ ਜਾਣ ਨੂੰ ਮੇਰਾ ਜੀ ਨਾ ਕਰੇ ਘਰੇ ਹੀ ਪਿਆ ਰਹਿੰਦਾ ਸੀ। ਘਰਵਾਲੀ ਨੇ ਕਿਹਾ ਕਿ ਬਿਜਲੀ ਦਾ ਕੰਮ ਘਟ ਗਿਆ ਹੈ ਤਾਂ ਕੋਈ ਹੋਰ ਕੰਮ ਕਰ ਲੈ। ਪਰ ਮੇਰਾ ਕਿਸੇ ਕੰਮ ਨੂੰ ਮਨ ਨਾ ਕਰੇ। ਮੈਂ ਪੂਰੀ ਤਰ੍ਹਾਂ ਮਾਨਸਿਕ ਰੋਗੀ ਬਣ ਗਿਆ ਇਸ ਦੋਰਾਨ ਮੈਂ ਹਿੰਮਤ ਕਰਕੇ ਜਿੰਦੀ ਪੇਂਟਰ ਨੂੰ ਮਿਲਣ ਫਗਵਾੜੇ ਗਿਆ ਤੇ ਮੈਂ ਉਸਨੂੰ ਦੱਸਿਆ ਕਿ ਮੈਂ ਜ਼ਿੰਦਗੀ ਤੋਂ ਅੱਕ ਚੁੱਕਿਆ ਹਾਂ ਤੇ ਮੈਂ ਖੁਦਕੁਸ਼ੀ ਕਰਨਾ ਚਾਹੁੰਦਾ ਹਾਂ। ਜਿੰਦੀ ਪੇਂਟਰ ਨੇ ਮੈਨੂੰ ਸਮਝਾਇਆ ਕਿ ਇਹ ਤੈਨੂੰ ਦਿਮਾਗੀ ਬੀਮਾਰੀ ਸਾਈਜੋਫਰੀਨੀਆ ਹੈ ਜਿਸ ਨਾਲ ਮਨ ਵਿੱਚ ਡਰ ਤੇ ਮਾੜੀ ਸੋਚ ਮਨ ਵਿੱਚ ਆਉਣ ਲੱਗਦੀ ਹੈ ਤੇ ਤੂੰ ਕਿਸੇ ਮਾਨਸਿਕ ਰੋਗਾਂ ਦੇ ਮਾਹਿਰ ਡਾਕਟਰ ਨੂੰ ਮਿਲ ਕੇ ਇਲਾਜ ਕਰਵਾ ਠੀਕ ਹੋ ਜਾਵੇਗਾ। ਇਸੇ ਦੋਰਾਨ ਮੈਂ ਡਾ. ਸ਼ਿਆਮ ਸੁੰਦਰ ਦੀਪਤੀ ਦੀ ਕਿਤਾਬ (ਮਨ ਮਾਹੌਲ ਤੇ ਮਨੋਰੋਗ) ਕਿਤਾਬ ਪੜ੍ਹਨ ਲਈ ਖਰੀਦੀ ਜਿਸ ਤੋਂ ਮੈਨੂੰ ਆਪਣੀ ਗੰਭੀਰ ਮਾਨਸਿਕ ਰੋਗ ਉਦਾਸੀ ਰੋਗ ਬਾਰੇ ਪਤਾ ਲੱਗਾ। ਮੈਂ ਸਮਰਾਲਾ ਸਿਵਲ ਹਸਪਤਾਲ ਜਾਕੇ ਡਾਕਟਰ ਨੂੰ ਇਹ ਗੱਲ ਦੱਸੀ ਤੇ ਉਸਨੇ ਮੇਰਾ ਚੈਕਅੱਪ ਕੀਤਾ ਤੇ ਮੇਰਾ ਬਲੱਡ ਪ੍ਰੈਸਰ ਵੱਧਣ ਤੇ ਕੋਲੈਸਟਰੋਲ ਵੱਧਣ ਬਾਰੇ ਟੈਸਟ ਕਰਵਾਉਣ ਲਈ ਕਿਹਾ ਜਦੋਂ ਮੈਂ ਟੈਸਟ ਕਰਵਾਇਆ ਤੇ ਮੇਰਾ ਬਲੱਡ ਪ੍ਰੈਸਰ ਵੀ ਵੱਧ ਸੀ ਤੇ ਕੋਲੈਸਟਰੋਲ ਵੀ ਵਧਿਆ ਹੋਇਆ ਸੀ। ਉਸਨੇ ਮੈਨੂੰ ਇਸਦੀ ਦਵਾਈ ਦੇ ਦਿੱਤੀ, ਪਰ ਮੇਰੇ ਮਾਨਸਿਕ ਰੋਗ ਨੂੰ ਨਹੀਂ ਪਛਾਣਿਆ। ਪੰਦਰਾ ਦਿਨ ਦਵਾਈ ਖਾਧੀ ਪਰ ਉਸਦਾ ਕੋਈ ਅਸਰ ਮੇਰੇ ਤੇ ਨਹੀਂ ਹੋਇਆ ਤੇ ਮੈਨੂੰ ਵੀ ਆਪਣਾ ਇਲਾਜ ਸਹੀ ਹੁੰਦਾ ਨਹੀਂ ਲੱਗਿਆ। ਮੇਰੀ ਘਰਵਾਲੀ ਥੋੜੀ ਵਹਿਮੀ ਹੈ ਤੇ ਉਹ ਕਹਿਣ ਲੱਗੀ ਕਿ ਮੇਰੇ ਤੇ ਟੂਣੇ ਦਾ ਅਸਰ ਹੈ ਮੈਨੂੰ ਕਿਸੇ ਬਾਬੇ ਕੋਲ ਲੈ ਕੇ ਗਈ ਤੇ ਉਸ ਬਾਬੇ ਨੇ ਕਿਹਾ ਕਿ ਇਸਦਾ ਕੰਮ ਬੰਨ੍ਹਿਆ ਹੋਇਆ ਹੈ।



ਮੈਂ ਤਰਕਸ਼ੀਲ ਵਿਚਾਰਾਂ ਦਾ ਹੋਣ ਕਰਕੇ ਇਸ ਗੱਲ ਨੂੰ ਨਹੀਂ ਮੰਨਦਾ ਸੀ ਪਰ ਘਰਵਾਲੀ ਨੂੰ ਕਿਹਾ ਕਿ ਤੂੰ ਵੀ ਕੋਸ਼ਿਸ਼ ਕਰ ਲੈ। ਪਰ ਬਾਬੇ ਨੇ ਕੋਸ਼ਿਸ਼ ਕੀਤੀ ਤੇ ਮੈਂ ਠੀਕ ਨਾ ਹੋਇਆ ਇਸੇ ਦੌਰਾਨ ਮੇਰੀ ਘਰਵਾਲੀ ਨੇ ਰਿਸ਼ਤੇਦਾਰਾਂ ਕੋਲ ਗੱਲ ਕੀਤੀ ਕਿ ਇਹ ਤਰਕਸ਼ੀਲ ਕਿਤਾਬਾਂ ਪੜ੍ਹਦਾ ਹੈ ਇਹ ਉਸ ਦਾ ਅਸਰ ਹੈ। ਲੇਕਨ ਉਸਨੂੰ ਨਹੀਂ ਪਤਾ ਸੀ ਕਿ ਤਰਕਸ਼ੀਲ ਕਿਤਾਬਾਂ ਪੜ੍ਹਨ ਨਾਲ ਮੈਨੂੰ ਆਪਣੇ ਮਾਨਸਿਕ ਰੋਗ ਬਾਰੇ ਪਤਾ ਲੱਗਾ ਹੈ। ਇਸ ਤੋਂ ਬਾਅਦ ਮੈਂ ਫ਼ੈਸਲਾ ਕੀਤਾ ਕਿ ਮੈਂ ਕਿਸੇ ਚੰਗੇ ਉਘੇ ਤਰਕਸ਼ੀਲ ਆਗੂ ਨੂੰ ਮਿਲ ਕੇ ਆਪਣੇ ਇਲਾਕੇ ਦੇ ਕਿਸੇ ਚੰਗੇ ਮਾਨਸਿਕ ਰੋਗਾਂ ਦੇ ਡਾਕਟਰ ਤੋਂ ਇਲਾਜ਼ ਕਰਾਵਾਂ ਕਿਉਂਕਿ ਮੈਂ ਤਰਕਸ਼ੀਲ ਮੈਗਜ਼ੀਨਾਂ ਵਿੱਚ ਕਈ ਹੱਡ ਬੀਤੀਆਂ ਪੜ੍ਹੀਆਂ ਸਨ ਜਿਸ ਵਿੱਚ ਉਨ੍ਹਾਂ ਜ਼ਿਕਰ ਕੀਤਾ ਸੀ ਕਿ ਅਸੀਂ ਏਧਰ ਉਧਰ ਇਲਾਜ ਕਰਾਕੇ ਬਹੁਤ ਪੈਸੇ ਦੀ ਬਰਬਾਦੀ ਕੀਤੀ ਹੈ। ਮੈਂ ਇਹ ਪੈਸੇ ਦੀ ਬਰਬਾਦੀ ਨਹੀਂ ਕਰਨਾ ਚਾਹੁੰਦਾ ਸੀ ਤੇ ਇਸ ਲਈ ਚੰਗੇ ਡਾਕਟਰ ਦੀ ਭਾਲ ਵਿੱਚ ਸੀ। ਇਸ ਦੌਰਾਨ ਮੈਂ ਆਪਣੇ ਸਹੁਰੇ ਪਿੰਡ ਬਤਾਲਾ ਨੇੜੇ ਅਪੜ ਗਿਆ ਤੇ ਮੈਂ ਉਹਨਾਂ ਨੂੰ ਦੱਸਿਆ ਕਿ ਮੈਨੂੰ ਟੈਨਸ਼ਨ ਰਹਿੰਦੀ ਹੈ। ਤੇ ਮੇਰੇ ਸਹੁਰੇ ਨੇ ਦੱਸਿਆ ਕਿ ਮੇਰੇ ਖਾਸ ਦੋਸਤ ਨੂੰ ਟੈਨਸ਼ਨ ਦੀ ਬੀਮਾਰੀ ਸੀ ਤੇਰੇ ਵਾਂਗ ਤੇ ਉਸਨੇ ਖਮਾਣੋ ਤੋਂ ਰਾਮ ਹਸਪਤਾਲ ਤੇ ਦਵਾਈ ਖਾਧੀ ਤੇ ਉਹ ਬਿਲਕੁਲ ਠੀਕ ਹੈ। ਉਹਨਾਂ ਦੇ ਕਹਿਣ ਤੇ ਮੈਂ ਉਸ ਡਾਕਟਰ ਨੂੰ

ਮਿਲਕੇ ਸਾਰੀ ਗੱਲ ਦੱਸੀ ਤੇ ਉਸਨੇ ਦੱਸਿਆ ਕਿ ਤੈਨੂੰ ਉਦਾਸੀ ਰੋਗ ਹੈ।

ਤੇ ਮੈਨੂੰ ਹਫ਼ਤੇ ਦੀ ਦਵਾਈ ਦਿੱਤੀ ਤੇ ਹਫਤੇ ਦੀ ਫੇਰ ਦਿੱਤੀ ਤੇ ਡਾਕਟਰ ਨੇ ਕਿਹਾ ਕਿ ਪੰਦਰਾ ਦਿਨਾਂ ਬਾਅਦ ਫ਼ਰਕ ਪਊਗਾ। ਮੈਂ ਸੁਣਿਆ ਹੋਇਆ ਸੀ ਕਿ ਮਾਨਸਿਕ ਰੋਗ ਦੀ ਦਵਾਈ ਲੰਬਾ ਸਮਾਂ ਖਾਣੀ ਪੈਂਦੀ ਹੈ। ਜਿਸ ਤਰ੍ਹਾਂ ਡਾਕਟਰ ਨੇ ਕਿਹਾ ਸੀ ਮੈਨੂੰ 15 ਦਿਨਾਂ ਬਾਅਦ ਫ਼ਰਕ ਮਹਿਸੂਸ ਹੋਇਆ ਤੇ ਮੇਰੇ 'ਚ ਜੋ ਆਤਮ ਵਿਸ਼ਵਾਸ ਟੁੱਟ ਚੁੱਕਿਆ ਸੀ ਉਹ ਫੇਰ ਤੋਂ ਜਾਗਿਆ। ਦਵਾਈ ਖ਼ਤਮ ਹੋਣ ਤੋਂ ਦਵਾਈ ਵਿੱਚ ਨਾਗਾ ਪੈ ਗਿਆ। 3 ਨਵੰਬਰ ਨੂੰ ਮੇਰੀ ਦਵਾਈ ਖਤਮ ਹੋਈ ਤੇ ਮੈਥੋਂ ਦਵਾਈ ਲੈਣ ਨਹੀਂ ਜਾ ਸਕਿਆ। ਦਵਾਈ ਖ਼ਤਮ ਹੋਣ ਤੋਂ ਤਿੰਨ ਦਿਨ ਬਾਅਦ ਮੈਨੂੰ ਆਪਣੇ ਵਿੱਚ ਬਹੁਤ ਫਰਕ ਦਿਸਿਆ ਜੋ ਕੋਈ ਗੱਲ ਕਹਿਣ ਤੇ ਡਰਦਾ ਸੀ। ਮੇਰੇ ਮਨ 'ਚੋਂ ਡਰ ਬਿਲਕੁਲ ਖ਼ਤਮ ਹੋ ਗਿਆ। ਤੇ ਅੱਜ ਮੈਂ ਬਿਲਕੁੱਲ ਠੀਕ ਹਾਂ ਤੇ ਦਵਾਈ ਲਗਾਤਾਰ ਲੈ ਰਿਹਾ ਹਾਂ। ਮੈਨੂੰ ਜ਼ਿੰਦਗੀ ਨਾਲ ਪਿਆਰ ਹੋ ਗਿਆ ਹੈ। ਹਰੇਕ ਕੰਮ ਆਤਮ ਵਿਸ਼ਵਾਸ ਨਾਲ ਕਰਦਾ ਹਾਂ। ਅੱਜ ਦਾ ਕੰਮ ਕੱਲ ਤੇ ਨਹੀਂ ਛੱਡਦਾ ਹਾਂ ਜੋ ਮਨ 'ਚ ਗੱਲ ਹੁੰਦੀ ਹੈ ਹਿੰਮਤ ਨਾਲ ਕਹਿ ਦਿੰਦਾ ਹਾਂ ਕਿਸੇ ਨਾਲ ਵੀ ਕਿਸੇ ਮੁੱਦੇ ਤੇ ਬਹਿਸ ਕਰ ਸਕਦਾ ਹਾਂ। ਇਹ ਸਭ ਤਰਕਸ਼ੀਲ ਸਾਹਿਤ ਦਾ ਅਸਰ ਹੈ ਜਿਸ ਨਾਲ ਮੈਂ ਆਪਣੇ ਮਾਨਸਿਕ ਰੋਗ ਨੂੰ ਪਛਾਣਿਆ ਤੇ ਸਾਧਾਂ ਸਿਆਣਿਆਂ ਦੇ ਚੱਕਰ ਵਿੱਚ ਨਹੀਂ ਫਸਿਆ। ਮੈਂ ਜ਼ਿੰਦੀ ਪੇਂਟਰ ਦਾ ਵੀ ਧੰਨਵਾਦੀ ਹਾਂ ਜਿਸ ਦੇ ਲੇਖਾਂ ਨੇ ਮੇਰੇ ਤੇ ਅਸਰ ਪਾਇਆ। ਵੈਸੇ ਤਾਂ ਮੈਂ ਇਹ ਗੱਲਾਂ ਪਹਿਲਾਂ ਵੀ ਜਾਣਦਾ ਸੀ ਕਿ ਦੁਕਾਨਦਾਰੀ ਵਿੱਚ ਮੰਦਾ ਚੰਗਾ ਚੱਲਦਾ ਰਹਿੰਦਾ ਹੈ, ਦੁੱਖ-ਸੁੱਖ ਹਰੇਕ ਦੇ ਹਿੱਸੇ ਆਉਂਦੇ ਹਨ ਚਾਹੇ ਉਹ ਰੱਬ ਨੂੰ ਮੰਨਦਾ ਹੈ ਜਾਂ ਨਹੀਂ।

ਦੋਸਤੋ ਅੰਤ ਵਿੱਚ ਮੈਂ ਇਹੀ ਕਹਿਣਾ ਚਾਹਾਂਗਾ ਕਿ ਮਾਨਸਿਕ ਰੋਗ ਨੂੰ ਪਛਾਣੋ ਇਹ ਕੋਈ ਟੂਣਾ ਟਾਮਣ ਜਾਂ ਕੀਤੇ ਕਰਾਏ ਦਾ ਅਸਰ ਨਹੀਂ ਇਹ ਤਾਂ ਆਪਣੇ ਦਿਮਾਗ ਤੇ ਮਨ ਦੀ ਕਮਜ਼ੋਰੀ ਹੈ ਜਿਸ ਨੂੰ ਅਸੀਂ ਡਾਕਟਰੀ ਇਲਾਜ ਨਾਲ ਹੀ ਠੀਕ ਕਰ ਸਕਦੇ ਹਾਂ ਜੇ ਆਪਾਂ ਮਾਨਸਿਕ ਤੌਰ ਤੇ ਤੰਦਰੁਸਤ ਹਾਂ ਤਾਂ ਜ਼ਿੰਦਗੀ ਦੀ ਕੋਈ ਔਕੜ ਰਾਹ ਨਹੀਂ ਰੋਕ ਸਕਦੀ। ਸੋ ਆਪਣੇ ਆਪ ਨੂੰ ਸਮਝ ਕੇ ਆਪਣੇ ਰੋਗ ਨੂੰ ਪਛਾਣ ਕਿ ਉਸਦਾ ਇਲਾਜ ਡਾਕਟਰ ਤੋਂ ਕਰਵਾਓ; ਬਾਬਿਆਂ ਦੇ ਚੱਕਰ 'ਚ ਫਸਣ ਦੀ ਲੋੜ ਨਹੀਂ। ਜਿੰਨੀਆਂ ਹੋ ਸਕੇ ਤਰਕਸ਼ੀਲ ਕਿਤਾਬਾਂ ਪੜ੍ਹੋ

**ਸੁਖਵਿੰਦਰ ਸਿੰਘ ਸਵੈਚ**
ਮੋਬਾ : 99145-61744

## ਆਕਸਫੈਮ

ਹਰ ਸਾਲ ਵਾਂਗ 'ਸੰਸਾਰ ਆਰਥਿਕ ਮੰਚ' ਦੀ ਸਲਾਨਾ ਬੈਠਕ ਸ਼ੁਰੂ ਹੋਣ ਤੋਂ ਠੀਕ ਪਹਿਲਾਂ 'ਆਕਸਫੈਮ' ਨੇ ਇੱਕ ਰਿਪੋਰਟ ਜਾਰੀ ਕਰਕੇ ਸੰਸਾਰ ਦੇ ਧਨਾਢਾਂ, ਸਰਮਾਏਦਾਰਾਂ ਬੌਧਿਕ ਚਾਕਰਾਂ ਨੂੰ ਸਾਵਧਾਨ ਕਰਨ ਦੇ ਨਾਲ-ਨਾਲ ਦੁਨੀਆਂ ਨੂੰ ਹੈਰਾਨ ਕੀਤਾ ਹੈ ਤੇ ਮੌਜੂਦਾ ਸਰਮਾਏਦਾਰਾਂ ਨਿਜ਼ਾਮ ਦੇ ਹੋਰ ਵਧੇਰੇ ਪਰਜੀਵੀ, ਨਿਘਾਰਮੁਖੀ ਤੇ ਮਨੁੱਖਦੋਖੀ ਹੋਣ ਦਾ ਸਬੂਤ ਦਿੱਤਾ ਹੈ।



ਆਕਸਫੈਮ ਨੇ ਨਵੀਂ ਜਾਰੀ ਕੀਤੀ ਰਿਪੋਰਟ ਵਿੱਚ ਕਿਹਾ ਹੈ ਕਿ ਸੰਸਾਰ ਦੇ ਸਿਖਰਲੇ 8 ਧਨਾਢਾਂ ਕੋਲ ਹੇਠਲੀ ਅੱਧੀ ਅਬਾਦੀ, ਭਾਵ 360 ਕਰੋੜ ਅਬਾਦੀ ਜਿੰਨੀ ਦੌਲਤ ਹੈ। ਇਹ ਵੀ ਦੱਸ ਦੇਈਏ ਕਿ ਆਕਸਫੈਮ ਹਰ ਸਾਲ ਅਜਿਹੀ ਰਿਪੋਰਟ ਜਾਰੀ ਕਰਦੀ ਹੈ ਇਸ ਮੁਤਾਬਕ 2010 'ਚ ਸਿਖਰਲੇ 388 ਕੋਲ ਹੇਠਲੀ ਅੱਧੀ ਅਬਾਦੀ ਜਿੰਨੀ ਦੌਲਤ ਸੀ। 2014 'ਚ 85 ਕੋਲ, 2015 ਚ 80 ਕੋਲ ਤੇ 2016 'ਚ 62 ਕੋਲ ਅੱਧੀ ਅਬਾਦੀ ਜਿੰਨੀ ਦੌਲਤ ਸੀ ਤੇ ਹੁਣ ਸਿਰਫ 8 ਜਣਿਆਂ ਕੋਲ ਹੇਠਲੀ ਅੱਧੀ ਅਬਾਦੀ ਜਿੰਨੀ ਦੌਲਤ ਹੈ।

2010 ਤੋਂ ਬਾਅਦ ਹੇਠਲੀ ਅੱਧੀ ਅਬਾਦੀ ਦੀ ਦੌਲਤ ਵਧਣ, ਸਥਿਰ ਰਹਿਣ ਦੀ ਥਾਂ 40 ਤੋਂ ਵੱਧ ਫੀਸਦੀ ਘਟ ਗਈ ਹੈ, ਮਤਲਬ ਇਹ ਅਬਾਦੀ ਹੋਰ ਗਰੀਬ ਹੋ ਗਈ ਹੈ।

'ਆਕਸਫੈਮ' ਦੇ ਇਹਨਾਂ ਰਿਪੋਰਟਾਂ ਜਾਰੀ ਕਰਨ ਦਾ ਮਕਸਦ ਨਿਜ਼ਾਮ ਦੇ ਮਨੁੱਖਦੋਖੀ ਪੱਖ ਨੂੰ ਉਘਾੜਨਾ ਨਹੀਂ ਹੈ, ਸਗੋਂ ਧਨਾਢਾਂ ਨੂੰ 'ਸਮਝਾਉਣਾ' ਹੈ ਕਿ ਭਾਈ ਆਪਣਾ ਲਾਲਚ ਥੋੜਾ ਘਟਾ ਲਵੋ, ਲੋਕਾਂ ਨੂੰ ਵੀ ਕੁੱਝ ਬੁਰਕੀਆਂ ਪਾ ਦਿਓ ਨਹੀਂ ਤਾਂ ਇੱਕ ਦਿਨ ਲੋਕਾਂ ਦੇ ਹੜ੍ਹ ਨੇ ਤੁਹਾਡਾ ਤਖ਼ਤ ਉਲਟਾ ਦੇਣਾ ਹੈ।

ਇਹ ਰਿਪੋਰਟ ਉਸ ਵੇਲੇ ਸਾਹਮਣੇ ਆਈ ਹੈ ਜਦੋਂ ਪੰਜਾਬ (ਭਾਰਤ) ਵਿੱਚ ਚੋਣਾਂ ਰਾਹੀਂ "ਬਦਲ" ਲੱਭਣ ਦੇ ਯਤਨ ਕੀਤੇ ਜਾ ਰਹੇ ਹਨ, ਜਦਕਿ ਸੰਸਾਰ ਦਾ ਇਤਿਹਾਸ ਗਵਾਹ ਹੈ ਕਿ ਕਿਸੇ ਵੀ ਦੇਸ਼ ਵਿੱਚ ਚੋਣਾਂ ਰਾਹੀਂ ਅਜਿਹੀ ਮਨੁੱਖ ਵਿਰੋਧੀ ਸਮਾਜ ਦਾ ਬਦਲ ਨਹੀਂ ਉਸਾਰਿਆ ਜਾ ਸਕਿਆ ਸਗੋਂ ਇਸਦਾ ਇੱਕੋ-ਇੱਕ ਇਨਕਲਾਬੀ ਰਾਹ ਹੀ ਹੈ। ਦਿਨੋਂ-ਦਿਨ ਵਧ ਰਿਹਾ ਇਹ ਪਾੜਾ ਇਹ ਸਾਬਤ ਕਰਦਾ ਹੈ ਕਿ ਮੌਜੂਦਾ ਨਿਜ਼ਾਮ ਕੋਲ ਲੋਕਾਂ ਨੂੰ ਦੇਣ ਲਈ ਹੁਣ ਕੁੱਝ ਵੀ ਨਹੀਂ ਹੈ ਤੇ ਇਹ ਆਪਣੀ ਕਬਰ ਵੱਲ ਵਧ ਰਿਹਾ ਹੈ। ਲੋਕਾਂ ਨੂੰ ਵੀ ਇਸਦਾ ਬਦਲ ਵੋਟ ਮਸ਼ੀਨਾਂ ਦੇ ਬਟਣਾਂ ਦੀ ਥਾਂ ਸੂਹੇ ਇਨਕਲਾਬੀ ਝੰਡਿਆਂ ਵਿੱਚੋਂ ਹੀ ਲੱਭਣਾ ਪੈਣਾ ਹੈ। ਨਾਲ ਹੀ ਇਹ ਰਿਪੋਰਟ ਸਮਾਜ ਦੇ ਸੰਵੇਦਨਸ਼ੀਲ, ਊਰਜ਼ਾਵਾਨ ਨੌਜਵਾਨਾਂ ਲਈ ਵੰਗਾਰ ਵੀ ਹੈ ਕਿ ਇਸ ਹਨੇਰਗਰਦੀ ਦੇ ਦੌਰ ਵਿੱਚ ਅਸੀਂ ਆਪਣੇ ਨਿੱਜੀ, ਸੁਰੱਖਿਅਤ ਤੇ ਨਿੱਘੇ ਘੁਰਨੇ ਲੱਭਣ ਦੀ 'ਅਸਫਲ ਦੌੜ ਵਿੱਚ ਕਿੰਨਾ ਚਿਰ ਸਮਾਜ ਪ੍ਰਤੀ ਬਣਦੇ ਆਪਣੇ ਫਰਜਾਂ ਤੋਂ ਲੁਕਦੇ ਰਹਾਂਗੇ।

## ਸੰਘੀਆਂ ਦੀ ਦੇਸ਼ ਭਗਤੀ

ਭਾਰਤ ਵਿੱਚ ਪਾਕਿਸਤਾਨ ਦੀ ਖੁਫ਼ੀਆ ਏਜੰਸ਼ੀ ਆਈ. ਐੱਸ. ਆਈ ਦੇ ਜਿਹੜੇ ਜਾਸੂਸ ਫੜੇ ਗਏ ਹਨ ਜੇ ਉਨ੍ਹਾਂ ਵਿੱਚੋਂ ਕੋਈ ਮੁਸਲਮਾਨ ਜਾਂ ਖੱਬੇ ਪੱਖੀ ਵਿਦਿਆਰਥੀ ਹੁੰਦਾ ਤਾਂ ਮੀਡੀਆ ਵਿੱਚ ਤੂਫ਼ਾਨ ਆ ਜਾਣਾ ਸੀ। ਅੱਤਵਾਦ ਵਿਰੋਧੀ ਸੈੱਲ ਨੇ ਜਿਨ੍ਹਾਂ ਗਿਆਰਾਂ ਵਿਅਕਤੀਆਂ ਨੂੰ ਆਈ. ਐੱਸ. ਆਈ ਲਈ ਜਾਸੂਸੀ ਕਰਨ ਲਈ ਫੜ੍ਹਿਆ ਹੈ। ਇਨ੍ਹਾਂ ਵਿੱਚੋਂ ਕਈ ਸੰਘੀ ਹਨ। ਇਹ ਆਪਣਾ ਟੈਲੀਫ਼ੋਨ ਐਕਸਚੇਂਜ਼ ਚਲਾਉਂਦੇ ਸਨ।

ਇਨ੍ਹਾਂ ਕੋਲੋਂ 40 ਸਿਮ ਬਾਕਸ ਅਤੇ 3000 ਸਿਮ ਕਾਰਡ ਫੜ੍ਹੇ ਹਨ। ਇਨ੍ਹਾਂ ਵਿੱਚੋਂ ਇੱਕ ਬੀ. ਜੇ. ਪੀ ਦੇ ਨੇਤਾ ਦਾ ਭਾਈ ਹੈ। ਇਨ੍ਹਾਂ ਉੱਪਰ ਜਾਸੂਸੀ ਕਰਨ ਅਤੇ ਮਨੀਲੈਂਡਰਿੰਗ ਦਾ ਦੋਸ਼ ਲੱਗਿਆ ਹੈ। ਇਹ ਫ਼ੌਜੀ ਅਫ਼ਸਰਾਂ ਕੋਲੋਂ ਜਾਣਕਾਰੀ ਪ੍ਰਾਪਤ ਕਰਕੇ ਪਾਕਿਸਤਾਨੀ ਏਜੰਸ਼ੀਆਂ ਨੂੰ ਦਿੰਦੇ ਸਨ।

# ਸ਼ੰਕਾ ਨਵਿਰਤੀ

## ਮੇਘ ਰਾਜ ਮਿੱਤਰ

**ਪ੍ਰਸ਼ਨ : ਜੀਵ ਉਤਪਤੀ ਦਾ ਸਿਧਾਂਤ ਕੀ ਹੈ?**

ਉੱਤਰ : ਬਹੁਤ ਸਾਰੇ ਵਿਗਿਆਨੀਆਂ ਨੇ ਆਪਣੀਆਂ ਸਾਰੀਆਂ ਜ਼ਿੰਦਗੀਆਂ ਖੋਜ਼ ਪੜਤਾਲ ਦੇ ਕੰਮਾਂ ਵਿੱਚ ਬਤੀਤ ਕੀਤੀਆਂ ਹਨ। ਇਨ੍ਹਾਂ ਵਿੱਚੋਂ ਇੱਕ ਵਿਗਿਆਨੀ ਚਾਰਲਸ ਡਾਰਵਿਨ ਹੋਏ ਹਨ। ਉਹਨਾਂ ਨੇ ਆਪਣੀ ਜ਼ਿੰਦਗੀ ਦੇ ਕਈ ਵਰ੍ਹੇ ਸਮੁੰਦਰੀ ਜਹਾਜ ਰਾਹੀ ਵੱਖ-ਵੱਖ ਦੀਪਾਂ ਦੀ ਯਾਤਰਾ ਕਰਦੇ ਸਮੇਂ ਬਹੁਤ ਸਾਰੇ ਜਾਨਵਰਾਂ ਅਤੇ ਪੌਦਿਆਂ ਦੇ ਮ੍ਰਿਤਕ ਸਰੀਰ, ਚੁੰਜਾਂ, ਪੰਜੇ ਅਤੇ ਹੱਡੀਆਂ ਇਕੱਠੀਆਂ ਕੀਤੀਆਂ ਤੇ ਆਪਣੇ ਘਰ ਲਿਜਾ ਕੇ ਕਈ ਸਾਲ ਉਨ੍ਹਾਂ ਨੂੰ ਵੇਖਦਾ ਪਰਖਦਾ ਰਿਹਾ। ਉਸਨੇ ਨਤੀਜਾ ਕੱਢਿਆ ਕਿ ਜੀਵਾਂ ਦਾ ਵਿਕਾਸ ਹੋਇਆ ਹੈ। ਹਰੇਕ ਜੀਵ ਕਿਸੇ ਹੋਰ ਜੀਵ ਵਿੱਚ ਆਈ ਤਬਦੀਲੀ ਨਾਲ ਹੀ ਹੋਂਦ ਵਿੱਚ ਆਇਆ ਹੈ। ਉਸਨੇ ਜੀਵਾਂ ਦੇ ਸਰੀਰ ਵਿੱਚ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਪੁੱਜਦਿਆ ਬਹੁਤ ਸਾਰੀਆਂ ਤਬਦੀਲੀਆਂ ਨੋਟ ਕੀਤੀਆਂ। ਹਜ਼ਾਰਾਂ ਲੱਖਾਂ ਸਾਲਾਂ ਬਾਅਦ ਇਹ ਤਬਦੀਲੀਆਂ ਜੀਵਾਂ ਦੀ ਇੱਕ ਹੋਰ ਨਸਲ ਨੂੰ ਜਨਮ ਦਿੰਦੀਆਂ ਵੇਖਿਆ। ਇਸ ਤੋਂ ਉਸਨੇ ਨਤੀਜਾ ਕੱਢਿਆ ਕਿ ਜੀਵਾਂ ਦਾ ਵਿਕਾਸ ਹੋਇਆ ਹੈ। ਇਸ ਸਿਧਾਂਤ ਨੂੰ ਜੀਵ ਉੱਤਪਤੀ ਦਾ ਸਿਧਾਂਤ ਕਿਹਾ ਜਾਂਦਾ ਹੈ।

**ਪ੍ਰਸ਼ਨ : ਪਹਿਲਾਂ ਮੁਰਗੀ ਆਈ ਜਾਂ ਅੰਡਾ?**

ਉੱਤਰ : ਬਹੁਤ ਸਾਰੇ ਸਾਥੀ ਜਾਂ ਆਮ ਪਾਠਕ ਇਸ ਗੱਲ ਦੀ ਜਾਣਕਾਰੀ ਲੈਣਾ ਚਾਹੁੰਦੇ ਹਨ ਕਿ ਪਹਿਲਾਂ ਮੁਰਗੀ ਆਈ ਜਾਂ ਅੰਡਾ। ਮੈਂ ਇਸ ਸੁਆਲ ਦਾ ਜੁਆਬ ਪਹਿਲਾਂ ਹੀ ਆਪਣੀ ਕਿਤਾਬ ਬਾਬਾ 'ਰਾਮ ਦੇਵ ਤਰਕ ਦੀ ਕਸੌਟੀ ਵਿੱਚ' ਦੇ ਚੁੱਕਿਆ ਹਾਂ ਸੰਖੇਪ ਵਿੱਚ ਇੱਥੇ ਫਿਰ ਦੁਹਰਾ ਰਿਹਾ ਹਾਂ। ਮੁਰਗੇ ਦੇ ਸੈੱਲ ਦਾ ਡੀ. ਐਨ. ਏ. ਅਤੇ ਮੁਰਗੀ ਦੇ ਸੈੱਲ ਦਾ ਡੀ. ਐਨ.ਏ. ਦੇ ਮਿਲਣ ਨਾਲ ਇੱਕ ਮੁੱਢਲਾ ਸੈੱਲ ਬਣਦਾ ਹੈ ਜਿਸਨੂੰ ਜਾਈਗੋਟ ਕਿਹਾ ਜਾਂਦਾ ਹੈ ਸੋ ਜੋ ਵੀ ਗਿਣਨਯੋਗ ਤਬਦੀਲੀਆਂ ਹੋ ਸਕਦੀਆਂ ਹਨ। ਉਹ ਇਸ ਮੁੱਢਲੇ ਸੈੱਲ ਵਿੱਚ ਹੀ ਹੋ ਸਕਦੀਆਂ ਹਨ। ਇਹ ਸੈੱਲ ਅੰਡੇ ਵਿੱਚ ਹੀ ਬਣਦਾ ਹੈ। ਇਸ ਲਈ ਅੰਡਾ ਚੂਚੇ ਨਾਲੋਂ ਪਹਿਲਾਂ ਹੋਂਦ ਵਿੱਚ ਆਉਂਦਾ ਹੈ। ਅੱਜ ਵੀ ਵਿਗਿਆਨੀ ਮੁਰਗੀਆਂ ਦੀ ਨਸਲਾਂ ਵਿੱਚ ਸੁਧਾਰ ਕਰਨ ਲਈ ਇਸੇ ਵਿਧੀ ਨੂੰ ਵਰਤੋਂ ਵਿੱਚ ਲਿਆਉਂਦੇ ਹਨ। ਜੋ ਵੀ ਤਬਦੀਲੀ ਉਹਨਾਂ ਨੂੰ ਚਾਹੀਦੀ ਹੁੰਦੀ ਹੈ ਉਹ ਅੰਡੇ ਦੇ ਮੁੱਢਲੇ ਸੈੱਲ ਵਿੱਚ ਹੀ ਕੀਤੀ ਜਾਂਦੀ ਹੈ। ਇਸ ਵਿਧੀ ਨੂੰ ਵਰਤਦੇ ਹੋਏ ਵਿਗਿਆਨੀਆਂ ਨੇ ਮੁਰਗੀਆਂ ਦੀਆਂ 175 ਦੇ ਕਰੀਬ ਨਸਲਾਂ ਤਿਆਰ ਕੀਤੀਆਂ ਹਨ। ਇਹ ਸਾਰੀਆਂ ਤਬਦੀਲੀਆਂ ਅੰਡੇ ਵਿੱਚ ਹੀ ਕੀਤੀਆਂ ਗਈਆਂ ਹਨ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਮੁਰਗੀ ਨਾਲੋਂ ਪਹਿਲਾਂ ਅੰਡਾ ਹੋਂਦ ਵਿੱਚ ਆਇਆ ਹੈ।

**ਪ੍ਰਸ਼ਨ : ਧਰਤੀ ਪੱਛਮ ਤੋਂ ਪੂਰਬ ਵੱਲ ਇੱਕ ਹਜ਼ਾਰ ਕਿੱਲੋਮੀਟਰ ਪ੍ਰਤੀ ਘੰਟੇ ਦੇ ਹਿਸਾਬ ਨਾਲ ਗਤੀ ਕਰਦੀ ਹੈ। ਜੇ ਕੋਈ ਹੈਲੀਕਾਪਟਰ ਧਰਤੀ ਤੋਂ ਉੱਪਰ ਉੱਠਕੇ ਰੁੱਕ ਜਾਵੇ ਤਾਂ ਕੀ ਧਰਤੀ ਇੱਕ ਹਜ਼ਾਰ ਕਿੱਲੋਮੀਟਰ ਅੱਗੇ ਚਲੀ ਜਾਵੇਗੀ?**

ਉੱਤਰ : ਇਹ ਠੀਕ ਹੈ ਕਿ ਧਰਤੀ ਪੱਛਮ ਤੋਂ ਪੂਰਬ ਵੱਲ ਇੱਕ ਹਜ਼ਾਰ ਕਿੱਲੋਮੀਟਰ ਪ੍ਰਤੀ ਘੰਟੇ ਦੇ ਹਿਸਾਬ ਨਾਲ ਗਤੀ ਕਰਦੀ ਹੈ ਪਰ ਇਸਦੇ ਨਾਲ ਹੀ ਇਸਦਾ ਵਾਯੂਮੰਡਲ ਗਤੀ ਕਰਦਾ ਹੈ ਇਸ ਲਈ ਕੋਈ ਹੈਲੀਕਾਪਟਰ ਤੱਦ ਹੀ ਰੁਕਿਆ ਸਮਝਿਆ ਜਾਏਗਾ ਕਿ ਜੇ ਉਹ ਹਜ਼ਾਰ ਕਿੱਲੋਮੀਟਰ ਪ੍ਰਤੀ ਘੰਟੇ ਦੇ ਹਿਸਾਬ ਨਾਲ ਪੂਰਬ ਤੋਂ ਪੱਛਮ ਵੱਲ ਨੂੰ ਗਤੀ ਕਰੇਗਾ। ਜਿੱਥੋਂ ਤੱਕ ਧਰਤੀ ਦਾ ਵਾਯੂਮੰਡਲ ਤੇ ਗਰੂਤਵਾ ਖਿੱਚ ਹੈ ਉੱਥੇ ਤੱਕ ਹਰ ਚੀਜ਼ ਧਰਤੀ ਦੇ ਨਾਲ ਹੀ ਗਤੀ ਕਰਦੀ ਹੈ। ਪੁਲਾੜ ਵਿੱਚ ਅਜਿਹਾ ਅਸੰਭਵ ਹੈ।

**ਪ੍ਰਸ਼ਨ : ਕੀ ਤਰਕਸ਼ੀਲ ਸੁਸਾਇਟੀ ਕਦੇ ਆਪ ਇਲੈਕਸ਼ਨ ਲੜੇਗੀ?**

ਉੱਤਰ : ਭਾਵੇਂ ਤਰਕਸ਼ੀਲ ਸੁਸਾਇਟੀ ਦਾ ਖੇਤਰ ਲੋਕਾਂ ਦੀ ਚੇਤਨਾ ਹੀ ਹੈ। ਪਰ ਜੇ ਸਰਕਾਰਾਂ ਲੋਕ ਚੇਤਨਾ ਦੇ ਕੰਮਾਂ ਵਿੱਚ ਸਹਿਯੋਗ ਨਹੀਂ ਦੇਣਗੀਆਂ ਜਾਂ ਵਿਰੋਧ ਕਰਨਗੀਆਂ ਤਾਂ ਹੋ ਸਕਦਾ ਕਿਸੇ ਸਮੇਂ ਤਰਕਸ਼ੀਲ ਸੁਸਾਇਟੀ ਸਿਆਸਤ ਵਿੱਚ ਵੀ ਆ ਜਾਵੇ। ਇਹ ਫੈਸਲੇ ਸਮੂਹ ਮੈਂਬਰਾਂ ਦੇ ਸਹਿਯੋਗ ਨਾਲ ਹੀ ਕੀਤੇ ਜਾਣਗੇ।

**ਪ੍ਰਸ਼ਨ : ਕੀ ਕੋਈ ਧਾਰਮਿਕ ਵਿਅਕਤੀ ਵੀ ਤਰਕਸ਼ੀਲ ਹੋ ਸਕਦਾ ਹੈ?**

ਉੱਤਰ : ਧਰਮ ਆਪਦੇ ਰੂਪ ਵਿੱਚ ਹੀ ਇੱਕ ਵੱਡਾ ਵਹਿਮ ਹੈ। ਜੇ ਇਹ ਕਹਿ ਲਿਆ ਜਾਵੇ ਕਿ ਸਮੂਹ ਵਹਿਮ-ਭਰਮ ਵੀ ਕਿਸੇ ਨਾ ਕਿਸੇ ਰੂਪ ਵਿੱਚ ਧਰਮ ਦੇ ਚੇਲਿਆਂ ਵੱਲੋਂ ਫੈਲਾਏ ਜਾਂਦੇ ਹਨ। ਇਸ ਲਈ ਕੋਈ ਧਾਰਮਿਕ ਵਿਅਕਤੀ ਤਰਕਸ਼ੀਲ ਹੋ ਹੀ ਨਹੀਂ ਸਕਦਾ

**ਪ੍ਰਸ਼ਨ : ਕੀ ਕੋਈ ਵਿਅਕਤੀ ਜੋ ਧਾਰਮਿਕ ਹੋਵੇ ਅਤੇ ਵਹਿਮਾਂ ਭਰਮਾਂ ਤੇ ਫੋਕੇ ਰੀਤੀ ਰਿਵਾਜਾਂ ਨੂੰ ਨਾ ਮੰਨਦਾ ਹੋਵੇ ਕੀ ਉਹ ਤਰਕਸ਼ੀਲ ਹੋ ਸਕਦਾ ਹੈ?**

ਉੱਤਰ : ਇਸ ਸੁਆਲ ਦਾ ਉੱਤਰ ਵੀ ਨਾਂ ਵਿੱਚ ਹੈ। ਉਪਰੋਕਤ ਸੁਆਲ ਤੋਂ ਹੀ ਇਹ ਸਪੱਸ਼ਟ ਹੋ ਜਾਂਦਾ ਹੈ।

**ਪ੍ਰਸ਼ਨ : ਕੀ ਜੀਵਨ ਬਲ ਭਾਵ ਆਤਮਾ ਦੀ ਫੋਟੋ ਲਈ ਜਾ ਸਕਦੀ ਹੈ। ਹੁਣ ਤੱਕ ਬਹੁਤ ਸਾਰੇ ਲੋਕਾਂ ਨੇ ਆਤਮਾ ਦੀ ਫੋਟੋ ਲੈਣ ਦਾ ਦਾਅਵਾ ਕੀਤਾ ਹੈ?**

ਉੱਤਰ : ਫੋਟੋ ਸਿਰਫ ਉਸ ਚੀਜ਼ ਦੀ ਹੀ ਲਈ ਜਾ ਸਕਦੀ ਹੈ ਜਿਸਦਾ ਕੋਈ ਆਕਾਰ, ਭਾਰ, ਰੰਗ-ਰੂਪ ਹੋਵੇ। ਜਿਸ ਨੂੰ ਵਿਗਿਆਨਕ ਭਾਸ਼ਾ ਵਿੱਚ ਪਦਾਰਥ ਕਿਹਾ ਜਾਂਦਾ ਹੈ। ਇਸ ਲਈ ਫੋਟੋ ਪਦਾਰਥ ਦੀ ਹੀ ਲਈ ਜਾ ਸਕਦੀ ਹੈ। ਆਤਮਾ ਜਾਂ ਜੀਵਨ ਬਲ ਆਦਿ ਦੀ ਕੋਈ ਹੋਂਦ ਨਹੀਂ ਹੁੰਦੀ ਇਹ ਸਭ ਝੂਠੇ ਵਰਤਾਰੇ ਹਨ। ਕਈ ਵਿਗਿਆਨਕ ਵੀ ਇਨ੍ਹਾਂ ਨੂੰ ਫੈਲਾਉਣ ਦਾ ਕਾਰਨ ਬਣਦੇ ਹਨ।

**ਪ੍ਰਸ਼ਨ : ਕੀ ਭੁਚਾਲਾਂ ਦਾ ਪਤਾ ਕੁਝ ਸਮਾਂ ਪਹਿਲਾਂ ਲੱਗ ਸਕਦਾ ਹੈ?**

ਉੱਤਰ : ਭੁਚਾਲ ਧਰਤੀ ਹੇਠਾਂ ਬਣੀਆਂ ਟੈਕਟੋਨਿਕ ਪਲੇਟਾਂ ਦੇ ਇੱਕ ਦੂਜੇ ਨਾਲ ਘਸਰਨ ਕਾਰਨ ਆਉਂਦੇ ਹਨ। ਇਹ ਧਰਤੀ ਦੀਆਂ ਡੂੰਘਾਈਆਂ ਤੇ ਵਾਪਰਦਾ ਹੈ। ਭੁਚਾਲ ਆਉਣ ਨਾਲ ਧੁਨੀ ਤਰੰਗਾ ਪੈਦਾ ਹੁੰਦੀਆਂ ਹਨ। ਜਾਨਵਰਾਂ ਵਿੱਚ ਧੁਨੀ ਤਰੰਗਾਂ ਨੂੰ ਸੁਣਨ ਦੀ ਸਮੱਰਥਾ ਵੱਧ ਹੁੰਦੀ ਹੈ। ਭੁਚਾਲ ਆਉਣ ਤੋਂ ਪਹਿਲਾਂ ਕਈ ਥਾਵਾਂ ਤੇ ਧਰਤੀ ਅੰਦਰ ਤ੍ਰੇੜਾਂ ਵੀ ਪੈ ਜਾਂਦੀਆਂ ਹਨ। ਧਰਤੀ ਦੀਆਂ ਖੁੱਡਾਂ ਅੰਦਰ ਰਹਿਣ ਵਾਲੇ ਜਾਨਵਰਾਂ ਦੀਆਂ ਗਤੀਵਿਧੀਆਂ ਵੱਧ ਜਾਂਦੀਆਂ ਹਨ। ਅਜਿਹੀਆਂ ਕੁਝ ਨਿਸ਼ਾਨੀਆਂ ਤੇ ਆਧਾਰ ਤੇ ਵਿਗਿਆਨੀਆਂ ਨੂੰ ਭੁਚਾਲ ਆਉਣ ਦਾ ਅੰਦਾਜਾ ਹੋ ਜਾਂਦਾ ਹੈ। ਭੁਚਾਲ ਬਾਰੇ ਜ਼ਿਆਦਾ ਜਾਣਕਾਰੀ ਮੈਗਜ਼ੀਨ ਦੇ ਇਸ ਅੰਕ ਵਿੱਚ ਇੱਕ ਵੱਖਰੇ ਲੇਖ ਰਾਹੀਂ ਦਿੱਤੀ ਜਾ ਰਹੀ ਹੈ।

**ਪ੍ਰਸ਼ਨ : ਪਦਾਰਥ ਤੋਂ ਪਹਿਲਾਂ ਕੀ ਸੀ?**

ਉੱਤਰ : ਵਿਗਿਆਨੀਆਂ ਦਾ ਖ਼ਿਆਲ ਹੈ ਕਿ ਸਾਡੇ ਬ੍ਰਹਿਮੰਡ ਦਾ ਮੌਜੂਦਾ ਰੂਪ ਕਿਸੇ ਹੋਰ ਰੂਪ ਵਿੱਚੋਂ ਪੈਦਾ ਹੋਇਆ ਹੈ। ਮਾਦਾ ਸਦਾ ਸੀ ਅਤੇ ਸਦਾ ਰਹੇਗਾ। ਸਾਡਾ ਮੌਜੂਦਾ ਬ੍ਰਹਿਮੰਡ, ਬ੍ਰਹਿਮੰਡ ਦੇ ਕਿਸੇ ਪਹਿਲਾ ਮੌਜੂਦ ਬ੍ਰਹਿਮੰਡ ਤੋਂ ਹੀ ਹੋਂਦ ਵਿੱਚ ਆਇਆ ਹੈ।

**ਪ੍ਰਸ਼ਨ : ਪਦਾਰਥ ਦੀ ਸਿਰਜਣਾ ਕਿਵੇਂ ਹੋਈ?**

ਉੱਤਰ : ਪਦਾਰਥ ਸਦਾ ਸੀ ਅਤੇ ਸਦਾ ਰਹੇਗਾ। ਇਹ ਕੋਈ ਜ਼ਰੂਰੀ ਨਹੀਂ ਹੁੰਦਾ ਕਿ ਕਿਸੇ ਚੀਜ਼ ਦੀ ਕੋਈ ਸਿਰਜਣਾ ਹੋਈ ਹੋਵੇ। ਸਿਰਜਣਾ ਦਾ ਸੰਕਲਪ ਸਿਰਫ਼ ਸਿਰਜਣਹਾਰ ਦੀ ਮੌਜੂਦਗੀ ਦਿਖਾਉਣ ਲਈ ਹੀ ਕੀਤਾ ਗਿਆ ਹੈ। ਪਰ ਜੇ ਸਿਰਜਣਹਾਰ ਦੇ ਚੇਲਿਆਂ ਨੂੰ ਪੁੱਛਿਆ ਜਾਵੇ ਕਿ ਸਿਰਜਣਹਾਰ ਦੀ ਸਿਰਜਣਾ ਕਿਸਨੇ ਕੀਤੀ ਤਾਂ ਉਹ ਕਹਿਣਗੇ ਕਿ ਉਹ ਤਾਂ ਆਪ ਹੀ ਸਿਰਜਣਹਾਰ ਹੈ। ਇਸ ਲਈ

ਪਦਾਰਥ ਖ਼ੁਦ ਹੀ ਪੈਦਾ ਹੁੰਦਾ ਰਹਿੰਦਾ ਹੈ। ਰੂਪ ਬਦਲਦਾ ਰਹਿੰਦਾ ਹੈ। ਇਸ ਲਈ ਇਹ ਸਦਾ ਸੀ ਸਦਾ ਹੀ ਰਹੇਗਾ। ਰੂਪ ਭਾਵੇਂ ਇਸਦਾ ਕੋਈ ਵੀ ਹੋਵੇ।

**ਪ੍ਰਸ਼ਨ : ਕੀ ਸਮਾਧੀ ਰਾਹੀਂ ਗਿਆਨ ਪ੍ਰਾਪਤ ਹੋ ਸਕਦਾ ਹੈ?**

ਉੱਤਰ : ਸਮਾਧੀ ਸਿਰਫ ਸਮੇਂ ਦੀ ਬਰਬਾਦੀ ਹੈ। ਸਧਾਰਨ ਸੋਚ ਪ੍ਰਕਿਰਿਆ ਰਾਹੀਂ ਵੀ ਅਸੀਂ ਸਾਡੇ ਮਨ ਵਿੱਚ ਪਈਆਂ ਕੁਝ ਗੱਲਾਂ ਕੁਰੇਦ ਸਕਦੇ ਹਾਂ।

**ਪ੍ਰਸ਼ਨ : ਕੀ ਵਿਗਿਆਨਕ ਤਰੀਕੇ ਨਾਲ ਪ੍ਰਮਾਤਮਾ ਦੇ ਸੰਕਲਪ ਨੂੰ ਅਸਿੱਧ ਕੀਤਾ ਜਾ ਸਕਦਾ ਹੈ?**

ਉੱਤਰ : ਅਸਿੱਧ ਸਿਰਫ ਉਸ ਗੱਲ ਨੂੰ ਕੀਤਾ ਜਾ ਸਕਦਾ ਹੈ ਜੋ ਸਿੱਧ ਹੋ ਚੁੱਕੀ ਹੋਵੇ। ਪ੍ਰਮਾਤਮਾ ਦੀ ਹੋਂਦ ਨੂੰ ਕੋਈ ਵਿਅਕਤੀ ਨਾ ਤਾਂ ਸਿੱਧ ਕਰ ਸਕਿਆ ਹੈ ਤੇ ਨਾ ਹੀ ਕਰ ਸਕੇਗਾ। ਕਿਉਂਕਿ ਉਸਦੀ ਹੋਂਦ ਹੈ ਹੀ ਨਹੀਂ। ਇਸ ਲਈ ਜੋ ਚੀਜ਼ ਸਿੱਧ ਹੀ ਨਹੀਂ ਹੁੰਦੀ ਉਸਨੂੰ ਅਸਿੱਧ ਕਿਵੇਂ ਕੀਤਾ ਜਾ ਸਕੇਗਾ?

**ਪ੍ਰਸ਼ਨ : ਕੀ ਸ਼ੇਰਾਂਵਾਲੀ ਦਾ ਸ਼ੇਰ ਸਾਕਾਹਾਰੀ ਜਾਂ ਮਾਸਾਹਾਰੀ ਹੁੰਦਾ ਸੀ?**

ਉੱਤਰ : ਪਿਛਲੇ ਸਮੇਂ ਵਿੱਚ ਕੁਝ ਅਜਿਹੀਆਂ ਸਖਸ਼ੀਅਤਾਂ ਧਰਤੀ ਉੱਪਰ ਪੈਦਾ ਹੋਈਆਂ ਹਨ। ਜਿੰਨ੍ਹਾਂ ਨੇ ਸਮਾਜ ਭਲਾਈ ਦੇ ਕੰਮ ਵਧੀਆ ਢੰਗ ਨਾਲ ਕੀਤੇ




ਸਨ। ਲੋਕਾਂ ਨੇ ਉਨ੍ਹਾਂ ਨੂੰ ਦੇਵੀ-ਦੇਵਤਿਆਂ ਦੇ ਰੂਪ ਵਿੱਚ ਪੂਜਣਾ ਸ਼ੁਰੂ ਕਰ ਦਿੱਤਾ ਹੈ। ਅਜਿਹੇ ਦੇਵੀ ਦੇਵਤਿਆਂ ਵਿੱਚ ਕੋਈ ਕਰਾਮਾਤੀ ਸ਼ਕਤੀ ਨਹੀਂ ਸੀ। ਨਾ ਹੀ ਹੋ ਸਕਦੀ ਹੈ। ਇਸ ਲਈ ਅਸੀਂ ਤਰਕਸ਼ੀਲ ਸਮਝਦੇ ਹਾਂ ਕਿ ਸ਼ੇਰ ਦੀ ਸਵਾਰੀ ਕਰਨ ਵਾਲੀ ਕੋਈ ਇਸਤਰੀ ਜਾਂ ਪੁਰਸ਼ ਦੀ ਹੋਂਦ ਤਾਂ ਹੋ ਸਕਦੀ ਹੈ, ਤੇ ਕਈ ਵਾਰ ਮਾਵਾਂ ਦੇ ਪੇਟ ਵਿੱਚ ਦੋ ਜੁੜਵੇਂ ਬੱਚੇ ਪੈਦਾ ਹੋ ਜਾਂਦੇ ਹਨ। ਇੱਕ ਵਿਕਸਿਤ ਹੋ ਜਾਂਦਾ ਹੈ ਦੂਜਾ ਅਧੂਰਾ ਰਹਿ ਜਾਂਦਾ ਹੈ। ਅਧੂਰੇ ਰਹਿ ਚੁੱਕੇ ਬੱਚੇ ਦੇ ਕੁੱਝ ਅੰਗ ਦੂਸਰੇ ਬੱਚੇ ਦੇ ਸਰੀਰ ਵਿੱਚ ਵਿਕਸਿਤ ਹੋਣਾ ਸ਼ੁਰੂ ਹੋ ਜਾਂਦੇ ਹਨ। ਇਸ ਲਈ ਚਾਰ ਜਾਂ ਵੱਧ ਭੁਜਾਵਾਂ ਵਾਲੇ ਬੱਚਿਆਂ ਦੀ ਹੋਂਦ ਵੀ ਸੰਭਵ ਹੈ। ਪ੍ਰਾਚੀਨ ਸਮੇਂ ਵਿੱਚ ਗਿਆਨ ਦੀ ਘਾਟ ਕਾਰਨ ਸਾਡੇ ਭੋਲੇ-ਭਾਲੇ ਲੋਕਾਂ ਨੇ ਅਜਿਹੇ ਬੱਚਿਆਂ ਨੂੰ ਕਰਾਮਾਤੀ ਸਮਝਣਾ ਸ਼ੁਰੂ ਕਰ ਦਿੱਤਾ। ਸ਼ੇਰਾਂ ਦੀ ਸਰੀਰਕ ਬਣਤਰ ਮਾਸਾਹਾਰੀ ਹੋਣ ਕਾਰਨ ਇੱਕ ਵਿਸ਼ੇਸ ਕਿਸਮ ਦੀ ਹੋ ਜਾਂਦੀ ਹੈ।

ਜਿਸ ਨਾਲ ਉਹ ਮਾਸਾਹਾਰੀ ਹੀ ਬਣ ਜਾਂਦੇ ਹਨ। ਜਿਵੇਂ ਦੰਦ ਤੇ ਪੰਜੇ ਮਾਸ ਫਾੜਨ ਲਈ ਵਿਕਸਿਤ ਹੋ ਜਾਂਦੇ ਹਨ। ਇਸੇ ਤਰ੍ਹਾਂ ਪੇਟ ਅੰਦਰਲੀ ਭੋਜਨ ਪ੍ਰਨਾਲੀ ਮਾਸ ਵਾਸਤੇ ਹੀ ਵਿਕਸਿਤ ਹੋ ਜਾਂਦੀ ਹੈ। ਇਸ ਲਈ ਸ਼ੇਰ ਸ਼ਾਕਾਹਾਰੀ ਹੋ ਹੀ ਨਹੀਂ ਸਕਦਾ।

## ਦੁਨੀਆਂ ਦੇ ਉਹ ਮਹਾਨ ਨਾਸਤਿਕ ਲੋਕ ਜਿੰਨਾਂ ਨੇ ਮਨੁੱਖੀ ਸੱਭਿਅਤਾ ਦੇ ਵਿਕਾਸ ਨੂੰ ਗਤੀ ਪ੍ਰਦਾਨ ਕੀਤੀ

1. ਅਚਾਰਿਆ ਦਾ ਕਹਿਣਾ ਸੀ ਰੱਬ ਇੱਕ ਵਿਚਾਰ ਪ੍ਰਣਾਲੀ ਹੈ। ਇਸ ਨਾਲ ਮਨੁੱਖਤਾ ਦਾ ਕੋਈ ਭਲਾ ਨਹੀਂ ਹੋਣ ਵਾਲਾ।
2. ਅਜੀਤ ਕੇਸਕਮਲ (523 ਈ:ਪੂ:) ਅਜੀਤ ਕੇਸਕਮਲ ਬੁੱਧ ਦੇ ਸਮੇਂ ਕਾਲੀਨ ਵਿਖਿਆਤ ਤੀਰਥਕਰ ਸੀ ਤਿਰੀਪਟੀਕਾ ਵਿੱਚ ਅਜੀਤ ਦੇ ਵਿਚਾਰ ਕਈ ਜਗ੍ਹਾ ਆਉਂਦੇ ਹਨ, ਉਨ੍ਹਾਂ ਦਾ ਕਹਿਣਾ ਸੀ- "ਦਾਨ, ਯੱਗ, ਹਵਨ ਨਹੀਂ... ਲੋਕ ਪਰਲੋਕ ਨਹੀਂ।"
3. ਸੁਕਰਾਤ (466-366 ਈ: ਪੂ:) ਈਸ਼ਵਰ ਕੇਵਲ ਸੋਸਣ ਦਾ ਨਾਮ ਹੈ।
4. ਈਵਨ ਰੋਸ਼ਦ (1126-1198) ਇਨ੍ਹਾਂ ਦਾ ਜਨਮ ਸਪੇਨ ਦੇ ਮੁਸਲਿਮ ਪਰਿਵਾਰ ਵਿੱਚ ਹੋਇਆ ਸੀ, ਰੋਸ਼ਦ ਦੇ ਦਾਦਾ ਜਾਮਾ ਮਸਜਿਦ ਦਾ ਈਮਾਮ ਸੀ, ਇਨ੍ਹਾਂ ਨੂੰ ਕੁਰਾਨ ਕੰਠਸਤ ਸੀ। ਇਨ੍ਹਾਂ ਨੇ ਅੱਲਾ ਦੇ ਅਸਤਿਤਵ ਨੂੰ ਨਕਾਰ ਦਿੱਤਾ ਅਤੇ ਇਸਲਾਮ ਨੂੰ ਰਾਜਨੀਤਿਕ ਗਿਰੋਹ ਕਿਹਾ ਸੀ। ਜਿਸ ਕਾਰਨ ਮੁਸਲਿਮ ਧਰਮ ਗੁਰੂ ਇਨ੍ਹਾਂ ਦੀ ਜਾਨ ਪਿੱਛੇ ਪੈ ਗਏ ਸੀ। ਰੋਸ਼ਦ ਨੇ ਦਰਸ਼ਨ ਬੁੱਧੀ ਪ੍ਰਦਾਨ ਹਥਿਆਰ ਨਾਲ ਇਸਲਾਮ ਦੇ ਮਜ਼ਹਬੀ ਬਾਦਸ਼ਾਸਤਰੀਆਂ ਦੀ ਚੰਗੀ ਤਰ੍ਹਾਂ ਖਬਰ ਲਈ।
5. ਕੋਪਰਨਿਕਸ (1473-1543) ਇਨ੍ਹਾਂ ਨੇ ਧਰਮ ਗੁਰੂਆਂ ਦੀ ਪੋਲ ਖੋਲ੍ਹੀ ਸੀ ਧਰਮ ਗੁਰੂ ਇਹ ਕਹਿ ਕੇ ਮੂਰਖ ਬਣਾ ਰਹੇ ਸਨ ਕਿ ਸੂਰਜ ਪ੍ਰਿਥਵੀ ਦੇ ਚੱਕਰ ਲਗਾਉਂਦਾ ਹੈ। ਕੋਪਰਨਿਕਸ ਨੇ ਆਪਣੇ ਪ੍ਰਯੋਗ ਨਾਲ ਇਹ ਸਿੱਧ ਕਰ ਦਿੱਤਾ ਕਿ ਪ੍ਰਿਥਵੀ ਦੇ ਨਾਲ-ਨਾਲ ਸੌਰ ਮੰਡਲ ਦੇ ਸਾਰੇ ਗ੍ਰਹਿ ਸੂਰਜ ਦੇ ਚੱਕਰ ਲਗਾਉਂਦੇ ਹਨ ਜਿਸ ਕਾਰਨ ਧਰਮ ਗੁਰੂ ਇੰਨੇ ਖਫਾ ਹੋ ਗਏ ਕਿ ਕੋਪਰਨਿਕਸ ਦੇ ਸਾਰੇ ਸਹਾਇਕ ਵਿਗਿਆਨੀਆਂ ਨੂੰ ਕਠੋਰ ਦੰਡ ਦੇਣਾ ਸ਼ੁਰੂ ਕਰ ਦਿੱਤਾ।
6. ਮਾਰਟਿਨ ਲੂਥਰ (1483-154) ਇਨ੍ਹਾਂ ਨੇ ਜਰਮਨੀ ਵਿੱਚ ਅੰਧਵਿਸ਼ਵਾਸ, ਪਾਖੰਡ ਅਤੇ ਧਰਮ ਗੁਰੂਆਂ ਦੇ ਅੱਤਿਆਚਾਰਾਂ ਦੇ ਖਿਲਾਫ਼ ਅੰਦੋਲਨ ਕੀਤਾ ਇਨ੍ਹਾਂ ਨੇ ਕਿਹਾ ਸੀ "ਵਰਤ, ਤੀਰਥ ਯਾਤਰਾ, ਜਪ, ਦਾਨ ਆਦਿ ਸਭ ਵਿਅਰਥ ਹਨ।
7. ਸਰ ਫਰੈਂਸਿਸ ਬੈਕਨ (1561-1626) ਅੰਗਰੇਜ਼ੀ ਦੇ ਲੇਖਾ ਦੇ ਲਈ ਪ੍ਰਸਿੱਧ, 23 ਸਾਲਾਂ ਦੀ ਉਮਰ ਵਿੱਚ ਹੀ ਪਾਰਲੀਮੈਂਟ ਦੇ ਮੈਂਬਰ ਬਣੇ, ਬਾਅਦ ਵਿੱਚ ਲਾਰਡ ਚਾਂਸਲਰ ਵੀ ਬਣੇ ਉਨ੍ਹਾਂ ਦਾ ਕਹਿਣਾ ਸੀ, "ਨਾਸਤਿਕਤਾ ਵਿਅਕਤੀ ਨੂੰ ਵਿਚਾਰ, ਦਰਸ਼ਨ, ਸ਼ਭਾਵਿਕ ਨਿਯਮ ਪਾਲਨ ਦੇ ਵੱਲ ਲੈ ਜਾਂਦੀ ਹੈ ਇਹ ਸਾਰੀਆਂ ਚੀਜ਼ਾਂ ਉੱਪਰਲੀ ਨੈਤਿਕ ਗੁਣਾਂ ਦੀ ਪੱਥ ਦਾਰਸ਼ਿਕਾ ਹੋ ਜਾਂਦੀ ਹੈ।
8. ਵੈਜਾਮਿਨ ਫਰੈਂਕਲਿਨ (1706-1790) ਇਨ੍ਹਾਂ ਦਾ ਕਹਿਣਾ ਸੀ ਸੰਸਾਰਿਕ ਨਾਲ ਮਨੁੱਖ ਧਰਮ ਤੋਂ ਨਹੀਂ ਬਲਕਿ ਇਨ੍ਹਾਂ ਦੇ ਨਾ ਹੋਣ ਨਾਲ ਸੁਰੱਖਿਅਤ ਹੈ।
9. ਚਾਰਲਜ ਡਾਰਵਿਨ (1809-1882) ਇਨ੍ਹਾਂ ਨੇ ਈਸ਼ਵਰਵਾਦ ਅਤੇ ਧਾਰਮਿਕ ਗੁੱਟਾਂ ਤੇ ਕਰਾਰੀ ਸੱਟ ਮਾਰੀ, ਇਨ੍ਹਾਂ ਦਾ ਕਹਿਣਾ ਸੀ ਮੈਂ ਕਿਸੇ ਈਸ਼ਵਰਵਾਦ ਵਿੱਚ ਵਿਸ਼ਵਾਸ ਨਹੀਂ ਰੱਖਦਾ ਨਾ ਹੀ ਅਗਲੇ ਜਨਮ ਵਿੱਚ।
10. ਕਾਰਲ ਮਾਰਕਸ (1818-1883) ਕਾਰਲ ਮਾਰਕਸ ਦਾ ਕਹਿਣਾ ਸੀ "ਈਸ਼ਵਰ ਦਾ ਜਨਮ ਇੱਕ ਗਹਿਰੀ ਸਾਜ਼ਿਸ਼ ਨਾਲ ਹੋਇਆ" ਅਤੇ "ਧਰਮ ਦਾ ਅਫੀਮ ਹੈ" ਉਨ੍ਹਾਂ ਦੀ ਨਜ਼ਰ ਵਿੱਚ ਧਰਮ ਵਿਗਿਆਨ ਵਿਰੋਧੀ, ਪ੍ਰਗਤੀ ਯੋਧੀ ਅਤੇ ਅੰਨਅਥਕਾਰੀ ਹੈ। ਇਸਦਾ ਤਿਆਗ ਹੀ ਜਨਹਿਤ ਵਿੱਚ ਹੈ।
11. ਪੈਰੀਆਰ (1879-1973) ਇਨ੍ਹਾਂ ਦਾ ਜਨਮ ਤਾਮਿਲਨਾਡੂ ਵਿੱਚ ਹੋਇਆ ਇਨ੍ਹਾਂ ਨੇ ਜਾਤੀਵਾਦ ਈਸ਼ਵਰਵਾਦ ਪਾਖੰਡ ਅੰਧਵਿਸ਼ਵਾਸ ਦਾ ਜ਼ੋਰਦਾਰ ਖੰਡਨ ਕੀਤਾ।
12. ਐਲਬਰਟ ਆਈਨਸਟਾਇਨ (1879-1955) ਵਿਸ਼ਵਵਿਖਿਆਤ ਵਿਗਿਆਨਿਕ ਦਾ ਕਹਿਣਾ ਸੀ "ਵਿਅਕਤੀ ਦਾ ਨੈਤਿਕ ਆਚਰਣ ਮਨੁੱਖੀ ਰੂਪ ਤੋਂ ਹਮਦਰਦੀ ਸਿੱਖਿਆ ਅਤੇ ਸਮਾਜਿਕ ਬੰਧਨ ਤੇ ਨਿਰਭਰ ਹੋਣਾ ਚਾਹੀਦਾ ਹੈ ਇਸਦੇ ਲਈ ਧਾਰਮਿਕ ਆਧਾਰ ਦੀ ਕੋਈ ਜ਼ਰੂਰਤ ਨਹੀਂ ਹੈ। ਮੌਤ ਦੇ ਬਾਅਦ ਸਜ਼ਾ ਦਾ ਡਰ ਅਤੇ ਇਨਾਮ ਦੀ ਲਾਲਸਾ ਨੂੰ ਕਾਬੂ ਕਰਨ ਲਈ ਮਨੁੱਖ ਦੀ ਹਾਲਤ ਪਤਲੀ ਹੁੰਦੀ ਹੈ।

# ਮਹੱਤਵਪੂਰਨ ਕਿਤਾਬਾਂ ਜੋ ਤੁਹਾਡੇ ਜੀ



ਵਨ ਨੂੰ ਨਵੀਂ ਸੇਧ ਦੇ ਸਕਦੀਆਂ ਹਨ










## ਤਰਕਭਾਰਤੀ ਪ੍ਰਕਾਸ਼ਨ

ਪੁਰਾਣੀ ਸਬਜ਼ੀ ਮੰਡੀ,
ਕੱਚਾ ਕਾਲਜ ਰੋਡ,
ਬਰਨਾਲਾ-148101

ਤੁਸੀਂ ਕੋਈ ਵੀ ਪੁਸਤਕ ਫ਼ੋਨ ਕਰਕੇ ਜਾਂ ਡਾਕ ਰਾਹੀਂ ਮੰਗਵਾ ਸਕਦੇ ਹੋ, ਸਾਡਾ ਫ਼ੋਨ ਨੰਬਰ ਹੈ
ਮੋ. 78377 18723 ਜਾਂ @AFGI-BDAGDD

# ਪਦਾਰਥ ਤੋਂ ਬਿਨਾਂ ਚੇਤਨਾ ਨਹੀਂ ਹੋ ਸਕਦੀ

ਪ੍ਰਾਪਤ ਵਿਗਿਆਨ ਦੇ ਗਿਆਨ ਅਨੁਸਾਰ ਪ੍ਰਕਾਸ਼ ਦੇ ਸੂਖਮ ਕਣ ਫੋਟੋਨ, ਪਰਮਾਣੂ (ਐਟਮ) ਦੇ ਕੇਂਦਰੇ ਅਤੇ ਗੋਲਾਈ 'ਚ ਘੁੰਮ ਰਹੇ ਇਲੈਕਟ੍ਰਾਨ ਖੋਖਲੇਪਣ 'ਚੋਂ ਹੋ ਕੇ ਨਿਕਲ ਜਾਂਦੇ ਹਨ। ਪ੍ਰਕਾਸ਼ ਦੇ ਕਣ ਜਦੋਂ ਕਿਸੇ ਦੂਸਰੇ ਕਣ ਨਾਲ ਟਕਰਾਉਂਦੇ ਹਨ ਤਾਂ ਜਾਂ ਤਾਂ ਉਹ ਵਾਪਸ ਸੁੱਟ ਦਿੱਤੇ ਜਾਂਦੇ ਹਨ ਜਾਂ ਉਸੇ ਕਣ 'ਚ ਸਮਾ ਜਾਂਦੇ ਹਨ ਅਤੇ ਉਹਨਾਂ ਦੀ ਵੱਖਰੀ ਹੋਂਦ ਨਹੀਂ ਰਹਿੰਦੀ। ਸ਼ਕਤੀ (ਗੁਰੂਤਾ ਖਿੱਚ ਅਤੇ ਪ੍ਰਕਾਸ਼) ਵੀ ਪਦਾਰਥ ਦਾ ਹੀ ਰੂਪ ਹੈ। ਜੇ ਰੱਬ ਕਣ ਕਣ 'ਚ ਸਮਾਇਆ ਹੋਇਆ ਹੈ ਤਾਂ ਜਾਂ ਤਾਂ ਰੱਬ ਨਹੀਂ ਅਤੇ ਜਾਂ ਕਣ ਨਹੀਂ। ਕਣ ਇਕੱਲਾ ਜਿੰਦਾ ਰਹਿੰਦਾ ਹੈ। ਸ਼ਕਤੀ (ਊਰਜਾ) ਦੇ ਮੇਲ ਨਾਲ ਕਣ (ਐਟਮ) ਆਪਣਾ ਰੂਪ ਬਦਲਣ ਲੱਗਦਾ ਹੈ। ਕਣ ਸਾਹਮਣੇ ਦਿਸਦਾ ਹੈ ਪਰ ਰੱਬ ਕਲਪਨਾ ਹੈ। ਬ੍ਰਹਿਮੰਡ 'ਚ ਕੋਈ ਵੀ ਸ਼ਕਤੀ (ਊਰਜਾ) ਜਦ ਪਦਾਰਥ ਦੇ ਕਣਾਂ ਨਾਲ ਟਕਰਾਉਂਦੀ ਹੈ ਤਾਂ ਕੋਈ ਪ੍ਰਤੀਕਿਰਿਆ ਜ਼ਰੂਰ ਹੁੰਦੀ ਹੈ। ਜਦ ਗੁਰੂਤਾ ਖਿੱਚ ਪਦਾਰਥ ਨਾਲ ਟਕਰਾਉਂਦੀ ਹੈ ਤਾਂ ਉਸਨੂੰ ਆਪਣੇ ਕੇਂਦਰ ਵੱਲ ਖਿੱਚਦੀ ਹੈ। ਜਦ ਗਰਮੀ ਪਦਾਰਥ 'ਚ ਜਾਂਦੀ ਹੈ ਤਾਂ ਐਟਮ ਦੀ ਗੋਲਾਈ 'ਚ ਘੁੰਮਣ ਵਾਲੇ ਇਲੈਕਟ੍ਰਾਨ ਉਤੇਜਿਤ ਹੋ ਜਾਂਦੇ ਹਨ। ਜੇ ਤਾਪਮਾਨ ਜਿਆਦਾ ਹੋਵੇ ਤਾਂ ਇਲੈਕਟ੍ਰਾਨ ਗਰਮੀ ਨੂੰ ਪ੍ਰਕਾਸ਼ (ਫੋਟੋਨ) ਦੇ ਰੂਪ ਵਿੱਚ ਬਾਹਰ ਸੁੱਟ ਦਿੰਦੇ ਹਨ। ਜੇ ਗਰਮੀ ਕਰੋੜਾਂ ਡਿਗਰੀ ਹੋਵੇ ਤਾਂ ਇਲੈਕਟ੍ਰਾਨ ਐਨਾ ਉਤੇਜਿਤ ਹੋ ਜਾਂਦਾ ਹੈ ਕਿ ਐਟਮ ਦੇ ਕੇਂਦਰ ਨੂੰ ਇਕੱਲਾ ਛੱਡ ਕੇ ਭੱਜ ਜਾਂਦਾ ਹੈ। ਜੇ ਰੱਬ ਕਣ ਕਣ ਵਿੱਚ ਹੈ ਤਾਂ ਇਸ ਦੀ ਕਿਸੇ ਕਣ ਉੱਪਰ ਕੋਈ ਪ੍ਰਤੀਕਿਰਿਆ ਕਿਉਂ ਨਹੀਂ ਹੁੰਦੀ। ਬ੍ਰਹਿਮੰਡ 'ਚ ਸੱਭ ਕੁੱਝ ਅਨੁਸ਼ਾਸ਼ਿਤ ਢੰਗ ਨਾਲ ਹੋ ਰਿਹਾ ਹੈ। ਜੇ ਰੱਬ ਕਣ ਕਣ 'ਚ ਵਿਆਪਕ ਹੋ ਕੇ ਕੋਈ ਕ੍ਰਿਆ ਜਾਂ ਪ੍ਰਤੀਕਿਰਿਆ ਨਹੀਂ ਕਰਦਾ ਤਾਂ ਉਸਦੀ ਹੋਂਦ ਕਿਵੇਂ ਸਾਬਤ ਕੀਤੀ ਜਾ ਸਕਦੀ ਹੈ। ਉਂਜ ਦੇਖਿਆ ਜਾਵੇ ਤਾਂ ਉਸਦੀ ਹੋਂਦ ਦੀ ਲੋੜ ਵੀ ਕੀ ਹੈ। ਕਿਹਾ ਜਾਂਦਾ ਹੈ ਕਿ ਸੱਭ ਕੁੱਝ ਰੱਬ ਦੀ ਇੱਛਾ ਅਨੁਸਾਰ ਹੀ ਹੋ ਰਿਹਾ ਹੈ। ਜੇ ਰੱਬ ਸਰਵ ਵਿਆਪਕ ਹੈ ਤਾਂ ਉਸਨੂੰ ਇੱਛਾ ਕਰਨ ਦੀ ਕੀ ਜ਼ਰੂਰਤ ਹੈ। ਸਰਵ ਵਿਆਪਕ ਤਾਂ ਸੱਭ ਜਗ੍ਹਾ ਹੀ ਕ੍ਰਿਆ ਕਰ ਸਕਦਾ ਹੈ। ਇੱਛਾ ਤਾਂ ਇੱਕ ਥਾਂ ਰਹਿਣ ਵਾਲਾ ਕਰਦਾ ਹੈ ਕਿ ਉਸਨੇ ਫਲਾਣੇ ਫਲਾਣੇ ਥਾਂ ਜਾਣਾ ਹੈ। ਸਰਵ ਵਿਆਪਕ ਹਰਕਤ ਨਹੀਂ ਕਰ ਸਕਦਾ। ਆਦਮੀ ਉੱਥੇ ਹੱਥ ਹਿਲਾ ਸਕਦਾ ਹੈ, ਜਿੱਥੇ ਉਸਦਾ ਹੱਥ ਨਹੀਂ। ਸਰਵ ਵਿਆਪਕ ਦੀ ਕ੍ਰਿਆ ਸਾਰੇ ਕਣਾਂ 'ਚ ਇੱਕੋ ਤਰ੍ਹਾਂ ਦੀ ਹੋਣੀ ਚਾਹੀਦੀ ਹੈ, ਵੱਖੋ ਵੱਖਰੀ ਨਹੀਂ। ਪਰ ਬ੍ਰਹਿਮੰਡ 'ਚ ਪਦਾਰਥ ਦੀਆਂ ਕ੍ਰਿਆਵਾਂ ਵੱਖੋ ਵੱਖ ਹਨ। ਪਦਾਰਥ ਦੇ ਅਨੰਤ ਰੂਪ ਹਨ।

ਰੱਬ ਨੂੰ ਸਰਬ ਸ਼ਕਤੀਮਾਨ ਕਿਹਾ ਜਾਂਦਾ ਹੈ ਭਾਵ ਉਹ ਕੁੱਝ ਵੀ ਕਰ ਸਕਦਾ ਹੈ, ਤਾਂ ਕੀ ਰੱਬ ਨਵੇਂ ਪਦਾਰਥ ਦਾ ਨਿਰਮਾਣ ਕਰ ਸਕਦਾ ਹੈ। ਵਿਗਿਆਨ ਦੱਸਦਾ ਹੈ ਕਿ ਬ੍ਰਹਿਮੰਡ 'ਚ ਮੁੱਢ ਕਦੀਮ ਤੋਂ ਜਿੰਨਾ ਪਦਾਰਥ ਸੀ, ਉੱਨਾ ਹੀ ਅੱਜ ਹੈ ਅਤੇ ਇਹ ਐਨਾ ਹੀ ਰਹੇਗਾ। ਪਦਾਰਥ ਨੂੰ ਘਟਾਇਆ, ਵਧਾਇਆ ਨਹੀਂ ਜਾ ਸਕਦਾ। ਪਦਾਰਥ ਰੂਪ ਬਦਲਦਾ ਹੈ ਪਰ ਉਸਦੀ ਮਾਤਰਾ ਉੱਨੀ ਹੀ ਰਹਿੰਦੀ ਹੈ। ਸ਼ੂਨਯ (ਜ਼ੀਰੋ), ਸੁੰਨ ਸਮਾਧ (ਕੁੱਝ ਵੀ ਨਹੀਂ) ਤੋਂ ਪਦਾਰਥ ਨਹੀਂ ਬਣ ਸਕਦਾ। ਜਦ ਰੱਬ ਪਦਾਰਥ ਬਨਾਉਣ ਦੇ ਸਮਰੱਥ ਨਹੀਂ ਤਾਂ ਕੀ ਉਹ ਨਵੀਆਂ ਆਤਮਾਵਾਂ ਬਣਾ ਸਕਦਾ ਹੈ ? ਨਹੀਂ ਬਣਾ ਸਕਦਾ। ਕੀ ਉਹ ਇਸ ਸ੍ਰਿਸ਼ਟੀ ਨੂੰ ਛੱਡ ਕੇ ਕਿਸੇ ਹੋਰ ਦੁਨੀਆਂ 'ਚ ਜਾ ਸਕਦਾ ਹੈ ? ਕਹਿੰਦੇ ਹਨ ਕਿ ਉਹ ਇਸੇ ਦੁਨੀਆਂ 'ਚ ਹੀ ਵਿਆਪਕ ਹੈ ਅਤੇ ਦੂਸਰੇ ਗ੍ਰਹਿਆਂ 'ਤੇ ਨਹੀਂ। ਕੀ ਰੱਬ ਆਪਣੇ ਵਰਗੇ ਹੋਰ ਰੱਬ ਬਣਾ ਸਕਦਾ ਹੈ ਜਾਂ ਖੁਦਕਸ਼ੀ ਕਰ ਸਕਦਾ ਹੈ ? ਇਸਦਾ ਜਵਾਬ ਵੀ ਨਾਂਹ 'ਚ ਹੀ ਮਿਲਦਾ ਹੈ। ਪਿਛਲੇ 400 ਸਾਲ 'ਚ ਹੋਏ ਵਿਗਿਆਨਕ ਵਿਕਾਸ ਅਨੁਸਾਰ ਪਦਾਰਥ 'ਚ ਸੁਭਾਵਿਕ ਨਿਯਮਾਂ ਅਨੁਸਾਰ ਹੀ ਸੱਭ ਕੁੱਝ ਹੋ ਰਿਹਾ ਹੈ। ਇਸਦੇ ਉਲਟ ਨਾ ਕੁੱਝ ਹੋਇਆ ਹੈ ਅਤੇ ਨਾ ਹੀ ਹੋਵੇਗਾ।

ਰੱਬ ਦੇ ਮਾਮਲੇ 'ਚ ਆਦਿ ਗੁਰੂ ਸ਼ੰਕਰਾਚਾਰੀਆ ਨੂੰ ਮੰਨਣ ਵਾਲੇ ਸਨਾਤਨ ਧਰਮੀ ਹਿੰਦੂ ਵਿਸ਼ਵਾਸ਼ ਕਰਦੇ ਹਨ ਕਿ ਰੱਬ ਸਰਵ ਵਿਆਪਕ ਸੂਖਮ ਬ੍ਰਹਮ ਹੈ। ਸ੍ਰਿਸ਼ਟੀ ਬ੍ਰਹਮ ਦੀ ਮਾਇਆ ਹੈ। ਮਾਇਆ ਦਾ ਅਰਥ ਹੈ, ਜੋ ਨਹੀਂ ਹੈ ਭਾਵ ਭਰਮ। ਜੱਗ ਨੂੰ ਝੂਠ ਮੰਨਣ ਵਾਲਿਆਂ ਨੂੰ ਸਮਝਾਉਣ ਦਾ ਕੋਈ ਵੀ ਫਾਇਦਾ ਨਹੀਂ। ਜੱਗ ਨੂੰ ਝੂਠ ਕਹਿਣ ਵਾਲੇ ਖੁਦ ਵੀ ਝੂਠ 'ਚ ਹੀ ਜਿਉਂ ਰਹੇ ਹਨ। ਸਨਾਤਨ ਧਰਮੀ ਕਹਿੰਦੇ ਹਨ ਕਿ ਜਿਵੇਂ ਮੱਕੜੀ ਜਾਲਾ ਬੁਣਦੀ ਹੈ ਅਤੇ ਫਿਰ ਜਾਲਾ ਨਿਗਲ ਜਾਂਦੀ ਹੈ। ਇਸੇ ਤਰ੍ਹਾਂ ਬ੍ਰਹਮ ਦੁਨੀਆਂ ਸਿਰਜਦਾ ਹੈ ਅਤੇ ਫਿਰ ਇਸਨੂੰ ਨਿਗਲ ਜਾਂਦਾ ਹੈ। ਭਾਵ ਬ੍ਰਹਮ, ਚੇਤਨਾ, ਸ੍ਰਿਸ਼ਟੀ, ਪਦਾਰਥ। ਸਵਾਲ ਪੈਦਾ ਹੁੰਦਾ ਹੈ ਕਿ ਪਦਾਰਥ ਚੇਤਨਾ ਤੋਂ ਕਿਵੇ ਪੈਦਾ ਹੋਇਆ ? ਚੇਤਨਾ ਪਦਾਰਥ ਨੂੰ ਕਿੱਥੋਂ ਲੈ ਕੇ ਆਈ ? ਚੇਤਨਾ ਪਦਾਰਥ ਵਿੱਚ ਕਿਵੇਂ ਬਦਲੀ ? ਕੀ ਅੱਜ ਵੀ ਆਤਮਾ ਪਦਾਰਥ ਵਿੱਚ ਬਦਲਦੀ ਹੈ ? ਇਹ ਵਿਚਾਰਧਾਰਾ ਕਲਪਿਤ ਅਤੇ ਤਰਕਹੀਣ ਹੈ। ਉਹਨਾਂ ਮੁਤਾਬਿਕ ਪਦਾਰਥ ਜੜ੍ਹ ਹੈ ਅਤੇ ਆਤਮਾ ਚੇਤਨਾ। ਅੱਜ ਦੇ ਵਿਗਿਆਨ ਅਨੁਸਾਰ ਪਦਾਰਥ ਕਦੇ ਵੀ ਜੜ੍ਹ ਨਹੀਂ ਹੁੰਦਾ। ਹਰ ਇੱਕ ਕਣ ਵਿੱਚ ਚੇਤਨਾ ਹੈ, ਗਤੀ ਹੈ ਅਤੇ ਉਹ ਹਰ ਸਮੇਂ ਪਰਿਵਰਤਨਸ਼ੀਲ ਹੈ। ਵਿਗਿਆਨ ਅਨੁਸਾਰ ਕਿਸੇ ਜੀਵ ਵਿੱਚ ਆਤਮਾ ਦੀ ਕੋਈ ਜ਼ਰੂਰਤ ਨਹੀਂ। ਅਸਲ ਵਿੱਚ ਮਨ, ਬੁੱਧੀ ਅਤੇ ਵਿਵੇਕ ਨੂੰ ਹੀ ਲੋਕ ਆਤਮਾ ਮੰਨ ਕੇ ਚੱਲਦੇ ਹਨ। ਆਤਮਾ ਦੀ ਕੋਈ ਵੱਖਰੀ ਹੋਂਦ ਨਹੀਂ ਹੈ। ਗ੍ਰੰਥਾਂ ਵਿੱਚ ਪਰਮਾਤਮਾ ਨੂੰ ਸਤ, ਚਿੱਤ, ਆਨੰਦ ਕਿਹਾ ਗਿਆ ਹੈ। ਆਨੰਦ ਪ੍ਰਾਪਤ ਕਰਨ ਲਈ ਆਤਮਾ ਨੂੰ ਪਰਮਾਤਮਾ ਵਿੱਚ ਲੀਨ ਕਰਨ ਵਾਲਾ ਮੁਕਤੀ ਦਾ ਰਾਹ ਦੱਸਿਆ ਗਿਆ ਹੈ। ਜਦੋਂ ਨਾ ਆਤਮਾ ਹੈ ਅਤੇ ਨਾ ਹੀ ਪਰਮਾਤਮਾ, ਫਿਰ ਮੋਖਸ਼ (ਮੁਕਤੀ) ਵੀ ਇੱਕ ਮਨਘੜਤ ਕਲਪਨਾ ਤੋਂ ਵੱਧ ਕੁੱਝ ਵੀ ਨਹੀਂ। ਇਸੇ ਤਰ੍ਹਾਂ ਸਾਡੇ



ਅਮਰਜੀਤ ਢਿੱਲੋਂ ਦਬੜੀਖਾਨਾ



ਸਾਹਮਣੇ ਦਿਸਦਾ ਪਸਾਰਾ ਜਿਸਨੂੰ ਅਸੀਂ ਕੁਦਰਤ ਕਹਿੰਦੇ ਹਾਂ ਦੇ ਵੀ ਆਪਣੇ ਹੀ ਨਿਯਮ ਹਨ। ਇਹ ਨਿਯਮ ਕਿਸੇ ਦੇ ਬਣਾਇਆਂ ਨਹੀਂ ਬਣਦੇ, ਇਹ ਸਮੇਂ ਦੇ ਗਤੀਚੱਕਰ ਨਾਲ ਆਪਣੇ ਆਪ ਹੀ ਬਣਦੇ ਹਨ। ਜਦੋਂ ਕੋਈ ਸ਼ਕਤੀ (ਮਨੁੱਖ) ਇਹਨਾਂ 'ਚ ਖਲਲ ਪਾਉਣ ਦੀ ਕੋਸ਼ਿਸ਼ ਕਰਦਾ ਹੈ ਤਾਂ ਵਿਆਪਕ ਤਬਾਹੀ ਹੁੰਦੀ ਹੈ ਕਿਉਂਕਿ ਕੁਦਰਤ ਅੰਨ੍ਹੀ ਅਤੇ ਬੋਲੀ ਹੈ। ਇਸ 'ਚ ਮਨੁੱਖੀ ਭਾਵਨਾਵਾਂ ਲਈ ਕੋਈ ਥਾਂ ਨਹੀਂ। ਕੁਦਰਤ ਵਿਚ ਚਮਤਕਾਰ ਨਹੀਂ ਵਾਪਰਦੇ ਜਿਵੇਂ ਕਿ ਧਾਰਮਿਕ ਲੋਕ ਡਰਾਉਂਦੇ ਹਨ। ਸਭ ਕੁਝ ਕਾਰਨ ਅਤੇ ਕਾਰਜ ਦੇ ਨਿਯਮ ਤਹਿਤ ਹੋ ਰਿਹਾ ਹੈ। ਕੋਈ ਕਾਰਜ ਬਿਨਾਂ ਕਿਸੇ ਕਾਰਨ ਦੇ ਨਹੀਂ ਹੋ ਸਕਦਾ।

ਜੇ ਸੱਚੀਮੁੱਚੀਂ ਕੋਈ ਦਿਆਲੂ ਰੱਬ ਹੁੰਦਾ ਤਾਂ ਭਾਰਤ ਸਭ ਤੋਂ ਖੁਸ਼ਹਾਲ ਮੁਲਕ ਹੋਣਾ ਸੀ ਕਿਉਂਕਿ ਦੁਨੀਆਂ 'ਚ ਸਭ ਤੋਂ ਵੱਧ ਧਾਰਮਿਕ ਸਥਾਨ ਇਥੇ ਹਨ ਅਤੇ ਸਭ ਤੋਂ ਵੱਧ ਪੂਜਾ ਪਾਠ ਵੀ ਇਥੇ ਹੀ ਕੀਤੇ ਜਾਂਦੇ ਹਨ। ਹੁਣ ਹਾਲਤ ਇਹ ਹੈ ਕਿ ਬੇਘਰਿਆਂ, ਭੁੱਖਿਆਂ ਅਤੇ ਅਨਪੜ੍ਹਾਂ ਦੀ ਦੌੜ 'ਚ ਭਾਰਤ ਪਹਿਲੇ ਨੰਬਰ 'ਤੇ ਹੈ। ਐਸ਼ੋ-ਇਸ਼ਰਤ ਦੀ ਚਕਾਂਚੌਂਧ ਭਰੀ ਦੁਨੀਆਂ ਦਾ ਦੂਜਾ ਹਨੇਰਾ ਪੱਖ ਇਹ ਹੈ ਕਿ ਭਾਰਤ ਦੀ 18 ਕਰੋੜ ਅਬਾਦੀ ਝੁੱਗੀਆਂ 'ਚ ਰਹਿੰਦੀ ਹੈ ਅਤੇ 18 ਕਰੋੜ ਫੁੱਟਪਾਥਾਂ 'ਤੇ ਸੌਂਦੀ ਹੈ। ਕੌਮੀ ਨਮੂਨਾ ਸਰਵੇਖਣ ਅਨੁਸਾਰ ਪੇਂਡੂ ਭਾਰਤ ਦੀ ਰੋਜਾਨਾ ਉਪਭੋਗ 19 ਰੁਪੈ,ਸ਼ਹਿਰੀ ਭਾਰਤ 'ਚ 30 ਰੁਪੈ ਅਤੇ ਪਿੰਡਾਂ ਦੀ 10% ਅਬਾਦੀ ਰੋਜਾਨਾ ਸਿਰਫ 9 ਰੁਪੈ 'ਤੇ ਗੁਜ਼ਾਰਾ ਕਰਦੀ ਹੈ। ਨੈਸ਼ਨਲ ਕਮਿਸ਼ਨ ਦੀ ਰਿਪੋਰਟ ਅਨੁਸਾਰ ਸਾਲ 2004-05 ਵਿਚ ਭਾਰਤ ਦੀ 85 ਕਰੋੜ ਆਬਾਦੀ (77%) ਸਿਰਫ 20 ਰੁਪੈ ਰੋਜ਼ਾਨਾ ਤੋਂ ਵੀ ਘੱਟ 'ਤੇ ਗੁਜ਼ਾਰਾ ਕਰ ਰਹੀ ਸੀ। ਇਹਨਾਂ 'ਚੋਂ 22 ਫੀ ਸਦੀ ਲੋਕ 11 ਰੁਪੈ ਤੋਂ 15 ਰੁਪੈ ਵਿਚ ਅਤੇ 36% ਲੋਕ 15 ਤੋਂ 20 ਰੁਪੈ 'ਚ ਗੁਜ਼ਾਰਾ ਕਰ ਰਹੇ ਸਨ। ਮਨੁੱਖੀ ਵਿਕਾਸ ਸੂਚਕ ਅੰਕ ਅਨੁਸਾਰ ਭਾਰਤ 2007 'ਚ 127ਵੇਂ ਸਥਾਨ 'ਤੇ ਸੀ। ਭਾਰਤ ਵਾਸੀਆਂ ਦੀ ਔਸਤ ਉਮਰ ਚੀਨ ਦੇ ਮੁਕਾਬਲੇ 7 ਸਾਲ ਅਤੇ ਸ਼੍ਰੀ ਲੰਕਾ ਦੇ ਮੁਕਾਬਲੇ 11 ਸਾਲ ਘੱਟ ਹੈ। ਹਰ ਰੋਜ 9 ਹਜ਼ਾਰ ਭਾਰਤੀ ਬੱਚੇ ਭੁੱਖ ਅਤੇ ਕੁਪੋਸ਼ਨ ਕਾਰਨ ਮਰਦੇ ਹਨ। 5 ਸਾਲ ਤੋਂ ਘੱਟ ਉਮਰ ਦੇ 5 ਕਰੋੜ ਭਾਰਤੀ ਬੱਚੇ ਕੁਪੋਸ਼ਨ ਦਾ ਸ਼ਿਕਾਰ ਹਨ। 63% ਭਾਰਤੀ ਬੱਚੇ ਰੋਜ਼ਾਨਾ ਭੁੱਖੇ ਸੌਂਦੇ ਹਨ। 10 ਕਰੋੜ ਦੇ ਕਰੀਬ ਭਾਰਤੀ ਬੱਚੇ ਹੋਟਲਾਂ 'ਚ ਭਾਂਡੇ ਮਾਂਜਣ ਅਤੇ ਮੂੰਗਫਲੀ ਵੇਚਣ ਆਦਿ ਕੰਮ ਕਰਦੇ ਹਨ। ਕੌਮਾਂਤਰੀ ਖਾਦ ਨੀਤੀ ਖੋਜ ਸੰਸਥਾ ਦੀ 2007 ਦੀ ਰਿਪੋਰਟ ਮੁਤਾਬਿਕ ਭੁੱਖਮਰੀ ਦੇ ਮਾਮਲੇ 'ਚ ਦੁਨੀਆਂ ਦੇ 118 ਦੇਸ਼ਾਂ 'ਚ ਭਾਰਤ ਦਾ 97 ਵਾਂ ਨੰਬਰ ਹੈ। ਸੰਸਾਰ ਭੁੱਖ ਸੂਚਕ ਅੰਕ 2008 ਅਨੁਸਾਰ ਦੁਨੀਆਂ ਦੇ 88 ਮੁਲਕਾਂ 'ਚ ਭਾਰਤ ਦਾ 66ਵਾਂ ਸਥਾਨ ਹੈ। ਪੂਰੇ ਸੰਸਾਰ 'ਚ (2008) 86 ਕਰੋੜ ਲੋਕ ਭੁੱਖ ਅਤੇ ਕੁਪੋਸ਼ਨ ਦਾ ਸ਼ਿਕਾਰ ਹਨ, ਇਹਨਾਂ 'ਚ 36 ਕਰੋੜ ਲੋਕ ਇਕੱਲੇ ਭਾਰਤ 'ਚ ਹਨ। ਪੂਰੇ ਸੰਸਾਰ ਅਤੇ ਭਾਰਤ 'ਚ ਇਸਦਾ ਕਾਰਨ ਅਨਾਜ ਭੰਡਾਰ ਦੀ ਕਮੀ ਨਹੀਂ ਸਗੋਂ ਵਧਦੀ ਮਹਿੰਗਾਈ ਅਤੇ ਆਮ ਲੋਕਾਂ ਦੀ ਘਟਦੀ ਖਰੀਦ ਸ਼ਕਤੀ ਹੈ। ਵਿਕਸਤ ਦੇਸ਼ਾਂ ਦੇ ਲੋਕ ਆਪਣੀ ਆਮਦਨ ਦਾ 10 ਤੋਂ 20 ਫੀ ਸਦੀ ਹਿੱਸਾ ਆਪਣੀ ਖੁਰਾਕ 'ਤੇ ਖਰਚ ਕਰਦੇ ਪਰ ਭਾਰਤ ਦੇ ਲੋਕ ਮਹਿੰਗਾਈ ਕਾਰਨ ਆਪਣੀ ਆਮਦਨ ਦਾ 60 ਫੀ ਸਦੀ ਹਿੱਸਾ ਆਪਣੀ ਖੁਰਾਕ 'ਤੇ ਖਰਚ ਕਰਦੇ ਹਨ। ਘੱਟ ਆਮਦਨ ਵਾਲੇ ਭਾਰਤੀ ਲੋਕ ਆਪਣੀ ਆਮਦਨ ਦਾ 75 ਫੀ ਸਦੀ ਆਪਣੀ ਖੁਰਾਕ 'ਤੇ ਖਰਚ ਕਰਦੇ ਹਨ ਫਿਰ ਵੀ ਉਹਨਾਂ ਨੂੰ ਲੋੜੀਂਦੀ ਖੁਰਾਕ ਨਹੀਂ ਮਿਲਦੀ। ਭਾਰਤ 'ਚ ਜਣੇਪੇ ਦੌਰਾਨ ਮਰਨ ਵਾਲੀਆਂ ਔਰਤਾਂ ਦੀ ਗਿਣਤੀ ਦੁਨੀਆਂ 'ਚ ਸਭ ਤੋਂ ਵੱਧ ਹੈ। ਇਸਦਾ ਕਾਰਨ ਵੀ ਖੁਰਾਕ ਦੀ ਕਮੀ ਅਤੇ ਕੁਪੋਸ਼ਨ ਹੈ।

ਕਿਰਤ ਮੰਡੀ 'ਚ ਕਿਰਤ ਦਾ ਸ਼ਕਤੀ ਮੁੱਲ ਘਟਾ ਕੇ ਪੂੰਜੀਪਤੀ ਆਪਣਾ ਮੁਨਾਫਾ ਵਧਾਉਂਦੇ ਹਨ। ਕਿਰਤੀ ਦੀ ਲੁੱਟ ਕਰਨ ਵਾਲੇ ਉਹ ਹੀ ਪੂੰਜੀਪਤੀ ਮੰਦਰ ਅਤੇ ਹੋਰ ਧਾਰਮਿਕ ਸਥਾਨਾਂ ਲਈ ਖੁੱਲ੍ਹ ਕੇ ਮਾਇਆ ਭੇਜਦੇ ਹਨ। ਇਹਨਾਂ ਧਾਰਮਿਕ ਸਥਾਨਾਂ ਵਲੋਂ ਕਿਰਤੀਆਂ ਨੂੰ ਕਿਸਮਤਵਾਦੀ ਬਣਾਉਣ ਲਈ ਅਗਲੇ ਪਿਛਲੇ ਜਨਮ ਅਤੇ ਪਰਲੋਕ ਦੇ ਫਲਸਫੇ 'ਚ ਉਲਝਾਇਆ ਜਾਂਦਾ ਹੈ ਤਾਂ ਕਿ ਕਿਰਤੀ ਲੋਕ ਆਪਣੇ ਹੱਕ ਨਾ ਮੰਗਣ। ਸਿਰਫ ਤਰਕਸ਼ੀਲ ਫਲਸਫਾ ਅਤੇ ਵਿਗਿਆਨਕ ਸੋਚ ਦੇ ਧਾਰਨੀ ਬਣ ਕੇ ਹੀ ਕਿਰਤੀ ਆਪਣੀ ਹੁੰਦੀ ਲੁੱਟ ਪ੍ਰਤੀ ਜਾਗਰੂਕ ਹੋ ਸਕਦੇ ਹਨ।

ਸ਼ਹੀਦ ਭਗਤ ਸਿੰਘ ਨੇ ਇਸੇ ਲਈ ਹੀ ਕਿਹਾ ਸੀ ਕਿ ਜਿਹਨਾਂ ਚਿਰ ਅਸਮਾਨਾਂ 'ਚ ਸਾਡਾ ਕੋਈ ਮਾਲਕ ਬੈਠਾ ਹੈ ਉਨਾਂ ਚਿਰ ਗੁਲਾਮੀ ਦੀ ਜ਼ਿੰਦਗੀ ਹੀ ਬਤੀਤ ਕਰਦੇ ਰਹਾਂਗੇ।

'ਤੇਰੀ ਸੋਚ 'ਤੇ ਕੋਈ ਸਵਾਰ ਹੋਇਐ ਤੂੰ ਅਜ਼ਾਦ ਹੈਂ ਕਦੋਂ ਗੁਲਾਮ ਬੰਦੇ। ਤੇਰੀ ਸੁਬਾਹ 'ਤੇ ਧੂਫ ਦਾ ਹੈ ਕਬਜ਼ਾ ਘੇਰੀ ਆਰਤੀਆਂ ਨੇ ਤੇਰੀ ਸ਼ਾਮ ਬੰਦੇ। ਆਪਣੇ ਬੱਚਿਆਂ ਲਈ ਤੂੰ ਕਰੇਂ ਸਰਫਾ ਧਾਰਮਿਕ ਸਥਾਨਾਂ ਲਈ ਮਾਇਆ ਹੈ ਆਮ ਬੰਦੇ। ਬਣ ਕੇ ਕਿਰਤ ਦਾ ਰਾਖਾ ਹੁਣ ਕਰਦੇ ਦੂਰੋਂ ਲੋਟੂਆਂ ਤਾਈਂ ਸਲਾਮ ਬੰਦੇ।'

# ਧਾਰਮਿਕ ਕੱਟੜਵਾਦ ਦਾ ਨਵਾਂ ਚਿਹਰਾ



ਵਿਸ਼ਨੂੰ ਰਾਜ ਗਾਡੀਆ- ਕੱਲ੍ਹ ਕ੍ਰਿਸ਼ਮਿਸ ਦਾ ਦਿਨ ਸੀ ਧਾਰਮਿਕ ਕੱਟੜਵਾਦ ਤੁਲਸੀ ਦੇ ਬੂਟੇ ਨੂੰ ਆਧਾਰ ਬਣਾ ਕੇ ਈਸਾਈਅਤ ਦਾ ਕਿਵੇਂ ਵਿਰੋਧ ਕਰਦਾ ਹੈ। ਮੇਰੇ ਘਰ ਤੁਲਸੀ ਦੇ 10-12 ਬੂਟੇ ਹਰ ਵੇਲੇ ਹਰੇ ਭਰੇ ਰਹਿੰਦੇ ਹਨ। ਜਿਆਦਾ ਠੰਡ ਵਿੱਚ ਪੂਜਾ ਕਰਨ ਵਾਲੇ ਲੋਕਾਂ ਦੇ ਘਰਾਂ ਵਿੱਚ ਤਾਂ ਤੁਲਸੀ ਮੁਰਝਾ ਜਾਂਦੀ ਹੈ ਪਰ ਮੇਰੇ ਘਰੋਂ ਨਹੀਂ। ਨਾ ਤਾਂ ਮੈਂ ਤੁਲਸੀ ਦੀ ਪੂਜਾ ਕਰਦਾ ਹਾਂ ਨਾ ਹੀ ਉਸ ਉੱਪਰ ਲਾਲ ਕੱਪੜਾ ਪਾਉਂਦਾ ਹਾਂ ਨਾ ਹੀ ਉਸਦੇ ਹੇਠਾਂ 'ਧੂਫ਼ ਜਾਂ ਅੱਗਰਬੱਤੀ' ਜਲਾਉਂਦਾ ਹਾਂ। ਫੇਰ ਵੀ ਮੇਰੇ ਘਰੇ ਬੂਟੇ ਜਿਉਂਦੇ ਰਹਿੰਦੇ ਹਨ।

ਗਰਮੀ ਦੀ ਰੁੱਤ ਵਿੱਚ ਸਾਡੇ ਇਲਾਕੇ ਵਿੱਚ ਤਾਪਮਾਨ 50 ਡਿਗਰੀ ਸੈਲਸੀਅਸ਼ ਤੱਕ ਪਹੁੰਚ ਜਾਂਦਾ ਹੈ। ਪਰ ਫਿਰ ਵੀ ਮੇਰੇ ਬੂਟੇ ਨਹੀਂ ਮੁਰਝਾਉਂਦੇ। ਇਸਦਾ ਕਾਰਨ ਸਪੱਸ਼ਟ ਹੈ। ਮੈਂ ਤੁਲਸੀ ਦੇ ਦਵਾਈ ਵਾਲੇ ਗੁਣਾਂ ਤੋਂ ਜਾਣੂ ਹਾਂ। ਧਾਰਮਿਕ ਵਿਅਕਤੀ ਠੰਡ ਦੇ ਦਿਨਾਂ ਵਿੱਚ ਹਰ ਰੋਜ਼ ਪਾਣੀ ਦੀ ਇੱਕ ਗੜਬੀ ਪਾ ਦਿੰਦਾ ਹੈ। ਜਦੋਂ ਕਿ ਤੁਲਸੀ ਨੂੰ ਚਾਰ ਦਿਨਾਂ ਵਿੱਚ ਇੱਕ ਵਾਰ ਪਾਣੀ ਦੇਣਾ ਹੁੰਦਾ ਹੈ। ਗਰਮੀ ਵਿੱਚ ਦੋ ਤਿੰਨ ਵਾਰ ਪਾਣੀ ਦੇਣ ਦੀ ਲੋੜ ਹੁੰਦੀ ਹੈ। ਇਸ ਤਰ੍ਹਾਂ ਧਾਰਮਿਕ ਵਿਅਕਤੀ ਤੁਲਸੀ ਦੇ ਬੂਟੇ ਨੂੰ ਵੀ ਠੀਕ ਢੰਗ ਨਾਲ ਪਾਣੀ ਵੀ ਨਹੀਂ ਦੇ ਸਕਦੇ। ਕ੍ਰਿਸ਼ਮਿਸ ਟ੍ਰੀ ਨਾਲ ਤੁਲਸੀ ਦੀ ਤੁਲਨਾ ਕਿਸੇ ਢੰਗ ਨਾਲ ਵੀ ਠੀਕ ਨਹੀਂ। ਤੁਲਸੀ ਕਦੋਂ ਕਹਿੰਦੀ ਹੈ ਕਿ ਕੋਈ ਈਸਾਈ ਉਸਦੀ ਵਰਤੋਂ ਨਾ ਕਰੇ ਨਾ ਹੀ ਕ੍ਰਿਸ਼ਮਿਸ ਟ੍ਰੀ ਕਹਿੰਦਾ ਹੈ ਕਿ ਕੋਈ ਹਿੰਦੂ ਉਸਨੂੰ ਨਾ ਸਜਾਏ।

ਤੁਲਸੀ ਹਿੰਦੂ ਦੀ, ਕ੍ਰਿਸ਼ਮਿਸ ਟ੍ਰੀ ਈਸਾਈ ਦਾ, ਇਹ ਵੰਡ ਸਾਡਾ ਕੱਟੜਵਾਦ ਹੈ। ਇਹ ਸੰਪਰਦਾਇਕਤਾ ਦਾ ਨਵਾਂ ਚਿਹਰਾ ਹੈ।

## ਵਿਗਿਆਨ ਗਲਪ ਰਚਨਾ

# ਪਾਣੀ ਦੇ ਪੁਤਲੇ

ਡਾ. ਡੀ. ਪੀ. ਸਿੰਘ
(drdpsn@gmail.com)

'ਦੂਧੀਆ ਰਾਹ' ਆਕਾਸ਼ਗੰਗਾ ਦੀ ਇਕ ਗੁੱਠੇ ਮੌਜੂਦ ਸੁਨਿਹਰੀ ਤਾਰੇ ਦੇ ਗਿਰਦ ਸਦੀਆਂ ਤੋਂ ਚੱਕਰ ਲਗਾ ਰਿਹਾ ਹੈ ਨੀਲ ਗ੍ਰਹਿ। ਇਕ ਦਿਨ ਅਚਾਨਕ ਹੀ ਇਕ ਅਜਬ ਪੁਲਾੜੀ ਵਾਹਣ, ਨੀਲੇ ਗ੍ਰਹਿ ਦੇ ਅੰਬਰ ਵਿਚ ਆ ਪ੍ਰਗਟ ਹੋਇਆ। ਗ੍ਰਹਿ ਵਾਸੀਆਂ ਨੇ ਪੁਲਾੜੀ ਵਾਹਣ ਨਾਲ ਸੰਪਰਕ ਦੀਆਂ ਅਨੇਕ ਕੋਸ਼ਿਸ਼ਾਂ ਕੀਤੀਆਂ। ਪਰ ਸਫਲ ਨਾ ਹੋ ਸਕੇ। ਫਿਰ ਅਚਾਨਕ ਹੀ ਇਹ ਪੁਲਾੜੀ ਵਾਹਣ ਗਾਇਬ ਹੋ ਗਿਆ। ਨੀਲ ਗ੍ਰਹਿ ਦੇ ਵਾਸੀ ਅੱਜ ਵੀ ਇਸ ਘਟਨਾ ਤੋਂ ਹੈਰਾਨ-ਪ੍ਰੇਸ਼ਾਨ ਹਨ । ਪੁਲਾੜੀ ਵਾਹਣ ਦੇ ਅਚਾਨਕ ਪ੍ਰਗਟ ਹੋਣ ਤੇ ਭੇਦ-ਭਰੇ ਢੰਗ ਨਾਲ ਗਾਇਬ ਹੋ ਜਾਣ ਬਾਰੇ ਭਿੰਨ ਭਿੰਨ ਕਿਆਸੇ ਅੱਜ ਵੀ ਜਾਰੀ ਹਨ। ਕੋਈ ਇਸ ਨੂੰ ਕਿਸੇ ਸੁਪਰ-ਪਾਵਰ ਦਾ ਜਾਸੂਸੀ ਵਾਹਣ ਦੱਸਦਾ ਹੈ ਤੇ ਕੋਈ ਉੱਨਤ ਤਕਨਾਲੋਜੀ ਦਾ ਮੁਜੱਸਮਾ। ਕੁਝ ਇਸ ਨੂੰ ਅਣਪਛਾਤੀ ਉੱਡਣ ਵਸਤੂ ਕਹਿੰਦੇ ਹਨ। ਪਰ ਕੁਝ ਗ੍ਰਹਿ ਵਾਸੀਆਂ ਦਾ ਵਿਚਾਰ ਹੈ ਕਿ ਇਹ ਪਰ-ਗ੍ਰਹਿ ਵਾਸੀਆਂ ਵਲੋਂ ਭੇਜਿਆ ਵਾਹਣ ਹੋ ਸਕਦਾ ਹੈ। ਇਸ ਦੇ ਗਾਇਬ ਹੋ ਜਾਣ ਬਾਰੇ ਵੀ ਤਰ੍ਹਾਂ ਤਰ੍ਹਾਂ ਦੇ ਚਰਚੇ ਹਨ। ਕੁਝ ਗ੍ਰਹਿ ਵਾਸੀਆਂ ਦਾ ਖਿਆਲ ਹੈ ਕਿ ਸੁਪਰ-ਪਾਵਰ ਨੇ ਇਸ ਨੂੰ ਵਾਪਸ ਬੁਲਾ ਲਿਆ ਹੈ। ਕੁਝ ਹੋਰਨਾਂ ਦਾ ਖਿਆਲ ਹੈ ਕਿ ਪਰ-ਗ੍ਰਹਿ ਵਾਸੀ, ਸਾਡੇ ਗ੍ਰਹਿ ਦੀ ਜਾਣਕਾਰੀ ਲੈ ਕੇ ਵਾਪਸ ਚਲੇ ਗਏ ਹਨ ਅਤੇ ਹੋ ਸਕਦਾ ਹੈ ਕਿ ਉਹ ਵੱਡੀ ਤਦਾਦ ਵਿਚ ਆ ਕੇ ਸਾਡੇ ਉੱਤੇ ਹਮਲਾ ਕਰ ਦੇਣ। ਇਹ ਭਵਿੱਖਮਈ ਖਤਰੇ ਦੀ ਚੇਤਾਵਨੀ ਵੀ ਹੋ ਸਕਦੀ ਹੈ। "ਨੀਲ ਗ੍ਰਹਿ ਖਤਰੇ ਦੀ ਮਾਰ ਹੇਠ ਹੈ" ਇਹ ਸੋਚ ਸਭ ਦੇ ਮਨ ਉੱਤੇ ਭਾਰੂ ਹੁੰਦੀ ਜਾ ਰਹੀ ਹੈ। ਗੱਲ ਕੀ ਜਿੰਨੇ ਮੂੰਹ ਉਨ੍ਹੀਆਂ ਗੱਲਾਂ। ਸੱਚ ਕੀ ਹੈ? ਸ਼ਾਇਦ ਕੋਈ ਨਹੀਂ ਸੀ ਜਾਣਦਾ।

ਪੁਲਾੜੀ ਵਾਹਣ ਦੇ ਮੁੱਖ ਹਾਲ ਵਿਚ .....'ਸੁਨਿਹਰੀ ਤਾਰੇ ਦੇ ਖਿੱਤੇ ਦੀ ਕੋਈ ਖ਼ਬਰ?'

'ਜੀ। ਇਸ ਖਿੱਤੇ ਦਾ ਨੀਲ ਗ੍ਰਹਿ ਹੀ ਵਿਸ਼ੇਸ਼ ਹੈ।'

'ਨੀਲ ਗ੍ਰਹਿ?'

'ਇਹ ਗ੍ਰਹਿ, ਨੀਲੇ ਪਰਦੇ ਨਾਲ ਢੱਕਿਆ ਹੋਇਆ ਹੈ।'

'ਨੀਲਾ ਪਰਦਾ?'

'ਦਰਅਸਲ ਇਹ ਪਰਦਾ ਪਾਰਦਰਸ਼ੀ ਦ੍ਰਵ ਦਾ ਬਣਿਆ ਹੋਇਆ ਹੈ।

ਪਰ ਸੁਨਿਹਰੀ ਤਾਰੇ ਦੀ ਰੌਸ਼ਨੀ, ਇਸ ਗ੍ਰਹਿ ਉੱਤੇ, ਅਜੀਬ ਮਾਇਆ-ਜਾਲ ਪੈਦਾ ਕਰ ਰਹੀ ਹੈ। ਜਿਸ ਕਾਰਣ ਇਹ ਦ੍ਰਵ ਨੀਲੀ ਭਾਹ ਮਾਰਦਾ ਹੈ।'

'ਇਹ ਦ੍ਰਵ ਹੈ ਕੀ?'

'ਸਥਾਨਕ ਭਾਸ਼ਾ ਵਿਚ ਇਸ ਦ੍ਰਵ ਦਾ ਨਾਂ ਹੈ ਪਾਣੀ । ਇਹ, ਗ੍ਰਹਿ ਵਿਖੇ ਮੌਜੂਦ ਗੈਸਾਂ ਤੋਂ ਬਣਿਆ ਹੈ। ਗ੍ਰਹਿ ਦਾ 70 ਪ੍ਰਤਿਸ਼ਤ ਭਾਗ ਨੀਲੀ ਭਾਹ ਮਾਰਦੇ ਪਾਣੀ ਨਾਲ ਢੱਕਿਆ ਹੋਇਆ ਹੈ। ਜਿਸ ਕਾਰਣ ਪੁਲਾੜ ਤੋਂ ਦੇਖਿਆਂ ਇਹ ਗ੍ਰਹਿ ਨੀਲਾ ਨਜ਼ਰ ਆਉਂਦਾ ਹੈ।'

'ਕੋਈ ਜੀਵਨ ਹੋਂਦ?'

'ਜੀ। ਪਾਣੀ ਵਿਚ ਵੀ ਹੈ ਤੇ ਉਸ ਦੇ ਬਾਹਰ ਵੀ।'

'ਕਿਹੋ ਜਿਹੇ ਨੇ ਉਹ?'

'ਪਾਣੀ ਦੇ ਬਣੇ ਹੋਏ ਨੇ ਉਹ ਸੱਭ।'

'ਪਾਣੀ?'

'ਹਾਂ ਪਾਣੀ।'

'ਅਜੀਬ ਗੱਲ ਹੈ ਇਹ....ਕੋਈ ਪਾਣੀ ਦਾ ਬਣਿਆ ਕਿਵੇਂ ਹੋ ਸਕਦਾ ਹੈ?'

'ਇਹੋ ਹੀ ਸੱਚ ਹੈਂ। ਸਾਡੇ ਮਾਹਿਰਾਂ ਨੇ, ਗ੍ਰਹਿ ਦੀਆਂ ਅਨੇਕ ਥਾਵਾਂ ਤੋਂ ਭਿੰਨ ਭਿੰਨ ਜੀਵਾਂ ਨੂੰ ਚੁੱਕ ਕੇ ਉਨ੍ਹਾਂ ਦੀ ਜਾਂਚ ਕੀਤੀ। ਪਾਣੀ ਦੇ ਵਾਸੀ ਜੀਵ ਤਾਂ 90 ਪ੍ਰਤਿਸ਼ਤ ਪਾਣੀ ਦੇ ਹੀ ਬਣੇ ਹੋਏ ਹਨ ਤੇ ਥਲ-ਵਾਸੀ ਲਗਭਗ 75 ਪ੍ਰਤਿਸ਼ਤ ਪਾਣੀ ਦੇ। ਹੋਰ ਤਾਂ ਹੋਰ ਥਲ-ਵਾਸੀ ਜੀਵਾਂ ਦਾ ਖੂਨ 90 ਪ੍ਰਤਿਸ਼ਤ ਪਾਣੀ ਹੀ ਹੈ ਤੇ ਫੇਫੜੇ 80 ਪ੍ਰਤਿਸ਼ਤ ਪਾਣੀ।' 'ਤਦ ਤਾਂ ਪਾਣੀ ਦੇ ਪੁਤਲੇ ਹੋਏ ਉਹ।.........ਪਰ ਗ੍ਰਹਿ ਤੋਂ ਬਿਜਲ-ਚੁੰਬਕੀ ਸਿਗਨਲ ਕੌਣ ਭੇਜ ਰਿਹਾ ਹੈ? ਤੇ ਉਹ ਕੌਣ ਹੈ ਜੋ ਤਾਰਿਆਂ ਵੱਲ ਸੁਨੇਹੇ ਭੇਜ ਰਿਹਾ ਹੈ?' 'ਇਥੋਂ ਦੇ ਵਾਸੀ ਬਿਜਲ-ਚੁੰਬਕੀ ਤਰੰਗਾਂ ਦੀ ਵਰਤੋਂ ਤਾਂ ਕਰਦੇ ਹਨ, ਪਰ ਇਹ ਤਰੰਗਾਂ ਉਨ੍ਹਾਂ ਵਿਚੋਂ ਨਹੀਂ ਨਿਕਲਦੀਆਂ। ਇਹ ਸਿਗਨਲ ਤਾਂ ਵਿਸ਼ੇਸ਼ ਮਸ਼ੀਨਾਂ ਤੋਂ ਪੈਦਾ ਹੋ ਰਹੇ ਹਨ।'

'ਤਾਂ ਫਿਰ ਉਹ ਮਸ਼ੀਨਾਂ ਕਿਸ ਨੇ ਬਣਾਈਆਂ?

ਅਸੀਂ ਤਾਂ ਉਹ ਮਸ਼ੀਨਾਂ ਬਣਾਉਣ ਵਾਲਿਆਂ ਨੂੰ ਮਿਲਣਾ ਚਾਹੁੰਦੇ ਹਾਂ।'

'ਉਨ੍ਹਾਂ ਹੀ ਮਸ਼ੀਨਾਂ ਬਣਾਈਆਂ ਹਨ।'

'ਉਨ੍ਹਾਂ..... ਪਾਣੀ ਦੇ ਪੁਤਲਿਆਂ ਨੇ?'

'ਜੀ! ਮੈਂ ਇਹੋ ਹੀ ਤਾਂ ਕਹਿ ਰਿਹਾ ਹਾਂ।......... ਪਾਣੀ ਦੇ ਪੁਤਲਿਆਂ ਨੇ ਹੀ ਮਸ਼ੀਨਾਂ ਬਣਾਈਆਂ ਹਨ।'

'ਬੜੀ ਅਜੀਬ ਗੱਲ ਹੈ! ਭਲਾ ਪਾਣੀ ਦਾ ਪੁਤਲਾ ਮਸ਼ੀਨ ਕਿਵੇਂ ਬਣਾ ਸਕਦਾ ਹੈ?.......ਪਾਣੀ ਦਾ ਪੁਤਲਾ ਅਤੇ ਉਹ ਵੀ ਮਕਾਨਕੀ ਸੂਝ ਵਾਲਾ?..... ਅਜਿਹਾ ਕਿਵੇਂ ਸੰਭਵ ਹੈ?'

'ਇਹੋ ਹੀ ਸੱਚ ਹੈ। ਸੁਨਿਹਰੀ ਤਾਰੇ ਵਾਲੇ ਖੇਤਰ ਵਿਚ ਇਹੋ ਹੀ ਸੂਝਵਾਨ ਜੀਵ ਹਨ ਤੇ ਉਹ ਵੀ ਲਗਭਗ ਸਾਰੇ ਦੇ ਸਾਰੇ ਹੀ ਪਾਣੀ ਦੇ ਬਣੇ ਹੋਏ।' 'ਹੋ ਸਕਦਾ ਹੈ ਉਹ 'ਜ਼ੀਟਾ ਸਟਾਰ ਸਿਸਟਮ' ਦੇ ਜੀਵਾਂ ਵਰਗੇ ਹੋਣ। ਜੋ ਆਕਸੀਜਨ ਦੀ ਹੋਂਦ ਵਿਚ ਜਿਉਂਦੇ ਨੇ, ਕਾਫੀ ਸੂਝ-ਬੂਝ ਵਾਲੇ ਵੀ ਹੁੰਦੇ ਨੇ ਅਤੇ ਆਪਣੇ ਜੀਵਨ ਕਾਲ ਦੌਰਾਨ ਪਾਣੀ ਵਾਲੀ ਅਵਸਥਾ ਵਿਚੋਂ ਗੁਜ਼ਰਦੇ ਨੇ।'

'ਨਹੀਂ! ਉਹ ਤਾਂ ਪਾਣੀ ਦੇ ਪੁਤਲੇ ਵਜੋਂ ਹੀ ਪੈਦਾ ਹੁੰਦੇ ਹਨ ਤੇ ਉਸੇ ਹੀ ਰੂਪ ਵਿਚ ਮਰਦੇ ਨੇ। ਮਾਹਿਰਾਂ ਨੇ ਉਨ੍ਹਾਂ ਦੀਆਂ ਕਈ ਪੀੜ੍ਹੀਆਂ ਦੀ ਜਾਂਚ ਕੀਤੀ ਹੈ।'

'ਹੂੰ!.....ਸ਼ਾਇਦ ਉਹ ਇੰਨਾਂ ਵਧੇਰੇ ਪਾਣੀ ਦੇ ਨਾ ਹੀ ਬਣੇ ਹੋਣ।......ਹੋ ਸਕਦਾ ਹੈ ਉਹ 'ਆਰਕਟੂ ਤਾਰਾ ਮੰਡਲ' ਦੇ ਵਾਸੀਆਂ ਵਰਗੇ ਹੋਣ। ਸ਼ਾਇਦ ਉਨ੍ਹਾਂ ਦਾ ਦਿਮਾਗ ਇਲੈੱਕਟ੍ਰਾਨ ਪਲਾਜ਼ਮਾ ਦਾ ਬਣਿਆ ਹੋਵੇ।'

'ਨਹੀਂ। ਬੇਸ਼ਕ ਉਨ੍ਹਾਂ ਦੇ ਦਿਮਾਗ ਦੀ ਸ਼ਕਲ ਤਾਂ ਆਰਕਟੂ ਮੰਡਲ ਦੇ ਵਾਸੀਆਂ ਵਰਗੀ ਹੀ ਹੈ ਪਰ ਮਾਹਿਰਾਂ ਦੀ ਜਾਂਚ ਤੋਂ ਪਤਾ ਲੱਗਾ ਹੈ ਕਿ ਉਨ੍ਹਾਂ ਦਾ ਦਿਮਾਗ ਤਾਂ ਲਗਭਗ 80 ਪ੍ਰਤਿਸ਼ਤ ਪਾਣੀ ਹੀ ਹੈ।'

'ਕੀ ਕੋਈ ਦਿਮਾਗ ਨਹੀਂ ਹੈ ਉਨ੍ਹਾਂ ਵਿਚ?'



'ਓਹ! ਉਨ੍ਹਾਂ ਦਾ ਦਿਮਾਗ ਤਾਂ ਹੈ ਪਰ ਹੈ ਇਹ ਪਾਣੀ ਦਾ ਬਣਿਆ ਹੋਇਆ ਹੀ।'

'ਅੱਛਾ! .........ਤਾਂ ਫਿਰ ਉਹ ਸੋਚਦੇ ਕਿਵੇਂ ਨੇ?'

'ਸ਼ਾਇਦ ਤੁਸੀਂ ਸਮਝੇ ਨਹੀਂ।...... ਸੱਚ ਤਾਂ ਇਹ ਹੈ ਕਿ ਇਨ੍ਹਾਂ ਪਾਣੀ ਦੇ ਪੁਤਲਿਆਂ ਵਿਚ ਦਿਮਾਗ ਹੀ ਸੋਚਣ ਦਾ ਕੰਮ ਕਰਦਾ ਹੈ।'

'ਪਾਣੀ ਦੇ ਸੂਝਵਾਨ ਪੁਤਲੇ?....

ਤੂੰ ਮੈਨੂੰ ਪਾਣੀ ਦੇ ਬਣੇ ਸੂਝਵਾਨ ਪੁਤਲਿਆਂ ਦੀ ਹੋਂਦ ਦਾ ਯਕੀਨ ਦੁਆ ਰਿਹਾ ਹੈਂ।'

'ਹਾਂ! ਪਾਣੀ ਦੇ ਸੂਝਵਾਨ ਪੁਤਲੇ, ਮਿਹਨਤੀ, ਸੋਚਣਯੋਗ, ਚੇਤੰਨ, ਪਿਆਰ ਦੇ ਅਹਿਸਾਸ ਵਾਲੇ, ਸੁਪਨਸਾਜ਼, ਪੂਰੇ ਦੇ ਪੂਰੇ ਪਾਣੀ ਦੇ ਬਣੇ ਹੋਏ।' 'ਓਹ! ਮਾਈ ਲਾਰਡ! ਕਿੰਨੇ ਅਜੀਬ ਹਾਲਾਤ ਨੇ?.........ਪਾਣੀ ਦੇ ਪੁਤਲੇ ....ਪਾਣੀ ਦੇ ਦਿਮਾਗ ਵਾਲੇ......।'

'ਸ਼ੁਕਰ ਹੈ ਆਖਰ ਤੁਸੀਂ ਮੇਰੀ ਗੱਲ ਸਮਝ ਹੀ ਗਏ।.....ਹੋਰ ਤਾਂ ਹੋਰ ਪਾਣੀ ਦੇ ਇਹ ਪੁਤਲੇ ਪਿਛਲੇ ਪੰਜਾਹ ਸਾਲਾਂ ਤੋਂ ਸਾਡੇ ਨਾਲ ਸੰਬੰਧ ਸਥਾਪਿਤ ਕਰਨ ਦੀ ਕੋਸ਼ਿਸ਼ ਵਿਚ ਨੇ।'

'ਓਹ! ਮਾਈ ਲਾਰਡ! .......ਆਖਰ ਕੀ ਚਾਹੁੰਦੇ ਨੇ ਉਹ ਸਾਥੋਂ?'

'ਪਹਿਲਾਂ ਤਾਂ ਉਹ ਸਾਡੇ ਨਾਲ ਗੱਲਬਾਤ ਕਰਨਾ ਚਾਹੁੰਦੇ ਨੇ ਤੇ ਫਿਰ ਸ਼ਾਇਦ ਉਹ ਸਾਰੇ ਬ੍ਰਹਿਮੰਡ ਦਾ ਰਹੱਸ ਜਾਨਣਾ ਚਾਹੁਣ, ਹੋਰ ਸਭਿਆਤਾਵਾਂ ਨਾਲ ਸੰਬੰਧ ਸਥਾਪਿਤ ਕਰਨਾ ਚਾਹੁਣ, ਉਨ੍ਹਾਂ ਨਾਲ ਵਿਚਾਰ ਸਾਂਝੇ ਕਰਨਾ ਚਾਹੁਣ, ਜਿਵੇਂ ਕਿ ਆਮ ਤੌਰ ਉੱਤੇ ਵਾਪਰਦਾ ਹੀ ਹੈ।'

'ਤਾਂ ਕੀ ਸਾਨੂੰ ਹੁਣ ਪਾਣੀ ਦੇ ਇਨ੍ਹਾਂ ਪੁਤਲਿਆਂ ਨਾਲ ਗੱਲ ਕਰਨੀ ਹੋਵੇਗੀ?'

'ਹਾਂ! ਇਹੋ ਹੀ ਸੱਚ ਹੈ। ਬਿਜਲ-ਚੁੰਬਕੀ ਤਰੰਗਾਂ ਰਾਹੀ ਇਹੋ ਸੁਨੇਹਾ ਹੀ ਤਾਂ ਉਹ ਤਾਰਿਆਂ ਵੱਲ ਭੇਜ ਰਹੇ ਹਨ- "ਹੈਲੋ! ਕਿਧਰੇ ਕੋਈ ਹੈ?......ਕਿਧਰੇ ਵੀ ਕੋਈ?".......ਕੁਝ ਅਜਿਹਾ ਹੀ ਸੁਨੇਹਾ।'

'ਤਦ ਤਾਂ ਲੱਗਦਾ ਹੈ ਕਿ ਉਹ ਗੱਲ ਵੀ ਕਰ ਲੈਂਦੇ ਹੋਣਗੇ। ਪਰ ਕੀ ਉਹ ਵਿਚਾਰਾਂ ਨੂੰ ਬੋਲਾਂ ਰਾਹੀ ਪ੍ਰਗਟ ਕਰਨ ਦੇ ਯੋਗ ਨੇ?'

'ਹਾਂ! ਅਜਿਹਾ ਉਹ ਕਰਦੇ ਤਾਂ ਹਨ ਪਰ ਪਾਣੀ ਦੀ ਵਰਤੋਂ ਨਾਲ।'

'ਮੈਨੂੰ ਤਾਂ ਲੱਗਿਆ ਸੀ ਕਿ ਤੂੰ ਕਹਿ ਰਿਹਾ ਸੈਂ ਉਹ ਬਿਜਲ-ਚੁੰਬਕੀ ਤਰੰਗਾਂ ਦੀ ਵਰਤੋਂ ਕਰਦੇ ਨੇ।'

'ਹਾਂ! ਉਹ ਬਿਜਲ-ਚੁੰਬਕੀ ਤਰੰਗਾਂ ਦੀ ਵਰਤੋਂ ਹੀ ਕਰਦੇ ਨੇ, ਪਰ ਜ਼ਰਾ ਸੋਚੋ ਇਨ੍ਹਾਂ ਤਰੰਗਾਂ ਉੱਤੇ ਕੀ ਮੌਜੂਦ ਹੈ-ਪਾਣੀ ਦੇ ਪੁਤਲਿਆਂ ਦੀਆਂ ਆਵਾਜ਼ਾਂ। ਤੁਹਾਨੂੰ ਪਤਾ ਹੀ ਹੈ ਕਿ ਪਾਣੀ ਜਦੋਂ ਛਲਕਦਾ ਹੈ ਜਾਂ ਡੁੱਲਦਾ ਹੈ, ਇਹ ਆਵਾਜ਼ ਪੈਦਾ ਕਰਦਾ ਹੈ। ਸੰਭਵ ਹੈ ਉਹ ਪਾਣੀ ਦੇ ਛਲਕਣ ਵਾਲੀ ਵਿਧਾ ਰਾਹੀ ਇਕ ਦੂਜੇ ਨਾਲ ਗਲਬਾਤ ਕਰਦੇ ਹੋਣਗੇ। ਪਾਣੀ ਵਿਚੋਂ ਹਵਾ ਦੇ ਲੰਘਣ ਦੀ ਵਿਧਾ ਰਾਹੀਂ ਉਹ ਸੰਗੀਤ ਵੀ ਪੈਦਾ ਕਰ ਲੈਂਦੇ ਨੇ।'

'ਓ ਮਾਈ ਲਾਰਡ!.......ਗੀਤ ਗਾਉਂਦਾ ਪਾਣੀ ਦਾ ਪੁਤਲਾ।.... ਕਿੰਨੀ ਅਜੀਬ ਗੱਲ ਹੈ

ਇਹ!..... ਤਾਂ ਫਿਰ ਤੇਰੀ ਕੀ ਰਾਏ ਹੈ?'

'ਨਿਯਮਾਂ ਅਨੁਸਾਰ ਜਾਂ ਨਿਯਮਾਂ ਤੋਂ ਬਿਨ੍ਹਾਂ?'

'ਦੋਨੋਂ ਹੀ' 'ਨਿਯਮਾਂ ਅਨੁਸਾਰ ਤਾਂ ਸਾਨੂੰ ਬ੍ਰਹਿਮੰਡ ਦੇ ਇਸ ਖੇਤਰ ਵਿਚ ਮੌਜੂਦ ਕਿਸੇ ਵੀ ਕਿਸਮ ਦੇ ਸੂਝਵਾਨ ਜੀਵਾਂ ਦੀ ਹੋਂਦ ਦਾ ਪਤਾ ਲਗਾ ਕੇ, ਬਿਨ੍ਹਾਂ ਕਿਸੇ ਭਿੰਨ-ਭੇਦ, ਡਰ ਜਾਂ ਲਗਾਅ ਦੇ, ਉਨ੍ਹਾਂ ਨੂੰ ਜੀ ਆਇਆ ਕਹਿੰਦੇ ਹੋਏ, ਉਨ੍ਹਾਂ ਨਾਲ ਸੰਪਰਕ ਸਥਾਪਿਤ ਕਰਨਾ ਹੈ। ਨਿਯਮਾਂ ਤੋਂ ਬਿਨ੍ਹਾਂ, ਮੇਰੀ ਰਾਏ ਇਹ ਹੈ ਕਿ ਸਾਨੂੰ ਇਸ ਜਾਣਕਾਰੀ ਦਾ ਸਾਰਾ ਰਿਕਾਰਡ ਮਿਟਾ ਦੇਣਾ ਚਾਹੀਦਾ ਹੈ ਅਤੇ ਇਸ ਬਾਰੇ ਭੁੱਲ ਹੀ ਜਾਣਾ ਚਾਹੀਦਾ ਹੈ।'

'ਮੇਰਾ ਖਿਆਲ ਸੀ ਕਿ ਤੂੰ ਅਜਿਹੀ ਹੀ ਰਾਏ ਦੇਵੇਂਗਾ।'

'ਬੇਸ਼ਕ ਇਹ ਕਾਫੀ ਗੈਰ-ਕਾਨੂੰਨੀ ਹੈ, ਪਰ ਹਰ ਚੀਜ਼ ਦੀ ਵੀ ਕੋਈ ਹੱਦ ਹੁੰਦੀ ਹੈ। ਇੰਨੀ ਨੀਵੀਂ ਪੱਧਰ ਦੇ ਜੀਵਾਂ ਨਾਲ ਗੱਲਬਾਤ ਕਰਨ ਦੀ ਕਲਪਨਾ ਵੀ ਮਾਨਸਿਕ ਪ੍ਰੇਸ਼ਾਨੀ ਪੈਦਾ ਕਰ ਰਹੀ ਹੈ।.........ਕੀ ਸਾਨੂੰ ਪਾਣੀ ਦੇ ਪੁਤਲਿਆਂ ਨਾਲ ਗੱਲ ਕਰਨੀ ਲਾਜ਼ਮੀ ਹੈ?'

'ਭਲਾ ਅਜਿਹੇ ਜੀਵਾਂ ਨਾਲ ਗੱਲ ਕਰਨ ਲਈ ਹੈ ਵੀ ਕੀ?.... ਕੀ ਅਸੀਂ ਕਹਾਂਗੇ.....'ਹੈਲੋ ਪਾਣੀ ਦੇ ਪੁਤਲਿਓ! ਕੀ ਹਾਲ ਚਾਲ ਹੈ?' .......ਕੀ ਪਤਾ ਅਜਿਹੀ ਗੱਲਬਾਤ ਸੰਭਵ ਵੀ ਹੈ ਜਾਂ ਨਹੀਂ? .............ਹਾਂ ਸੱਚ! ਅਜਿਹੀ ਜੀਵਨ ਹੋਂਦ ਵਾਲੇ ਕਿੰਨੇ ਕੁ ਗ੍ਰਹਿ ਹਨ?'

'ਸਿਰਫ ਇਕ.......ਬੇਸ਼ਕ ਉਹ ਵਿਸ਼ੇਸ਼ ਸਿਲੰਡਰਾਂ ਰਾਹੀਂ ਹੋਰ ਗ੍ਰਹਿਆਂ ਤਕ ਪਹੁੰਚ ਤਾਂ ਸਕਦੇ ਨੇ ਪਰ ਉੱਥੇ ਰਹਿ ਨਹੀ ਸਕਦੇ। ਪਾਣੀ ਦੇ ਬਣੇ ਹੋਣ ਕਾਰਣ, ਉਹ ਹਮੇਸ਼ਾਂ ਰੌਸ਼ਨੀ ਦੀ ਗਤੀ ਤੋਂ ਘੱਟ ਗਤੀ ਨਾਲ ਹੀ ਸਫਰ ਕਰ ਸਕਦੇ ਨੇ ਅਤੇ ਇੰਝ ਉਨ੍ਹਾਂ ਦੀ ਸਾਡੇ ਨਾਲ ਸੰਪਰਕ ਸਥਾਪਤੀ ਦੀ ਸੰਭਾਵਨਾ ਲਗਭਗ ਜ਼ੀਰੋ ਹੀ ਹੈ। ਦਰਅਸਲ ਅਜਿਹੀ ਸੰਭਾਵਨਾ ਹੈ ਹੀ ਨਹੀਂ।'

'ਫਿਰ ਤਾਂ ਠੀਕ ਹੈ। ਅਸੀਂ ਉਨ੍ਹਾਂ ਦੇ ਸੁਨੇਹਿਆਂ ਦਾ ਜਵਾਬ ਹੀ ਨਹੀਂ ਦਿੰਦੇ ਤੇ ਉਨ੍ਹਾਂ ਨੂੰ ਲੱਗੇਗਾ ਕਿ ਜਿਵੇਂ ਬ੍ਰਹਿਮੰਡ ਵਿਚ ਹੋਰ ਕੋਈ ਹੈ ਹੀ ਨਹੀਂ।'

'ਇਹੋ ਹੀ ਠੀਕ ਰਹੇਗਾ।'

'ਹੈ ਤਾਂ ਗਲਤ। ਪਰ ਤੂੰ ਆਪ ਹੀ ਤਾਂ ਕਿਹਾ ਹੈ ਕਿ ਭਲਾ ਪਾਣੀ ਦੇ ਪੁਤਲਿਆਂ ਨਾਲ ਕੌਣ ਮਿਲਣਾ ਚਾਹੇਗਾ?.......ਹਾਂ ਸੱਚ ਉਹ, ਜਿਨ੍ਹਾਂ ਨੂੰ, ਪੁਲਾੜੀ ਵਾਹਣ ਉੱਤੇ ਲਿਆਂਦਾ ਗਿਆ ਸੀ, ਜਿਨ੍ਹਾਂ ਉੱਤੇ ਖੋਜ ਕਾਰਜ ਕੀਤੇ ਗਏ ਸਨ, ਕੀ ਉਨ੍ਹਾਂ ਨੂੰ ਉਹ ਸੱਭ ਕੁਝ ਯਾਦ ਨਹੀਂ ਹੋਵੇਗਾ?'

'ਅਸੀਂ ਉਨ੍ਹਾਂ ਦੇ ਦਿਮਾਗ ਵਿਚੋਂ ਇਸ ਸੰਪਰਕ ਦੀ ਹਰ ਛਾਪ ਹੀ ਮਿਟਾ ਦਿੱਤੀ ਹੈ। ਇੰਝ ਅਸੀਂ ਉਨ੍ਹਾਂ ਲਈ ਮਹਿਜ ਸੁਪਨਾ ਹੀ ਬਣ ਚੁੱਕੇ ਹਾਂ।'

'ਪਾਣੀ ਦੇ ਪੁਤਲੇ ਦਾ ਸੁਪਨਾ। .........ਕਿੰਨ੍ਹੀ ਅਜੀਬ ਗੱਲ ਹੈ ਕਿ ਅਸੀਂ ਪਾਣੀ ਦੇ ਪੁਤਲੇ ਦਾ ਸੁਪਨਾ ਹੋਵਾਂਗੇ।'

'ਤੇ ਅਸੀਂ, ਬ੍ਰਹਿਮੰਡੀ ਨਕਸ਼ੇ ਉੱਤੇ, ਸੁਨਿਹਰੀ ਤਾਰੇ ਵਾਲੇ ਸਾਰੇ ਖੇਤਰ ਨੂੰ ਜੀਵਨ ਰਹਿਤ ਅੰਕਿਤ ਕਰ ਦਿੱਤਾ ਹੈ।'

'ਬਿਲਕੁਲ ਠੀਕ। ਨਿਯਮਾਂ ਅਨੁਸਾਰ ਵੀ ਅਤੇ ਨਿਯਮ ਤੋਂ ਬਿਨ੍ਹਾਂ ਵੀ, ਦੋਨੋਂ ਤਰ੍ਹਾਂ ਹੀ, ਰਿਪੋਰਟ ਸਹੀ ਹੈ। ਕੋਈ ਹੋਰ ਖ਼ਬਰ? ਮਿਲਕੀ-ਵੇ ਦੇ ਖੇਤਰ ਵਿਚ ਕੋਈ ਹੋਰ ਦਿਲਚਸਪ ਜੀਵਨ ਹੋਂਦ?'

'ਜੀ ਹਾਂ! ਰੀਗਲ ਤਾਰਾ ਮੰਡਲ ਵਿਖੇ ਪਿਆਰੀ ਜਿਹੀ ਤੇ ਸ਼ਰਮਾਕਲ ਸੁਭਾਅ ਵਾਲੀ ਹਿਲੀਅਮ ਅਧਾਰਿਤ ਜੀਵਨ ਹੋਂਦ। ਦੋ ਆਕਾਸ਼-ਗੰਗਾਈ ਘੁੰਮੇਟੇ ਪਹਿਲਾਂ ਇਹ ਜੀਵ ਸਾਡੇ ਨਾਲ ਸੰਪਰਕ ਵਿਚ ਸਨ ਅਤੇ ਹੁਣ ਫਿਰ ਸੰਪਰਕ ਕਰਨਾ ਚਾਹੁੰਦੇ ਹਨ।'

'ਹਮੇਸ਼ਾਂ ਕੁਝ ਨਾ ਕੁਝ ਨਵਾਂ ਵਾਪਰਦਾ ਹੀ ਰਹਿੰਦਾ ਹੈ।'

'ਤੇ ਵਾਪਰੇ ਵੀ ਕਿਉਂ ਨਾ? ਜ਼ਰਾ ਕਲਪਨਾ ਕਰੋ ਕਿ ਜੇ ਵਿਸ਼ਾਲ ਬ੍ਰਹਿਮੰਡ ਵਿਚ ਅਸੀਂ ਇਕੱਲੇ ਹੀ ਸੂਝਵਾਨ ਜੀਵ ਹੋਈਏ ਤਾਂ ਬ੍ਰਹਿਮੰਡ ਕਿੰਨਾ ਨੀਰਸ ਤੇ ਸੁੰਨਾ-ਸੁੰਨਾ ਲੱਗੇਗਾ।'

ਡਾ. ਡੀ. ਪੀ. ਸਿੰਘ ਕਿੱਤੇ ਵਜੋਂ ਅਧਿਆਪਕ ਹੋਣ ਦੇ ਨਾਲ ਨਾਲ ਵਿਗਿਆਨ ਤੇ ਵਾਤਾਵਰਣੀ ਵਿਸ਼ਿਆਂ ਦੇ ਖੋਜੀ ਲੇਖਕ ਵੀ ਹਨ। ਇਨ੍ਹਾਂ ਵਿਸ਼ਿਆਂ ਬਾਰੇ ਉਹ ਹੁਣ ਤਕ ਲਗਭਗ 1000 ਰਚਨਾਵਾਂ ਅਤੇ ਅਠਾਰਾਂ ਕਿਤਾਬਾਂ ਦੇ ਰਚੇਤਾ ਹਨ। ਅੱਜ ਕਲ ਉਹ ਕੇਨੈਡਾ ਦੇ ਸ਼ਹਿਰ ਮਿਸੀਸਾਗਾ ਵਿਖੇ ਰਹਿ ਰਹੇ ਹਨ।

# ਮੈਡੀਕਲ ਸਾਇੰਸਜ਼

-ਸੁਖਮੰਦਰ ਸਿੰਘ ਤੂਰ

### ✪ ਹੱਡੀਆਂ ਨੂੰ ਮਜ਼ਬੂਤ ਬਣਾਉਂਦਾ ਹੈ ਜੋਗਿੰਗ

ਇਕ ਖ਼ੋਜ ਦੇ ਅਨੁਸਾਰ ਜਿਹੜੇ ਵਿਅਕਤੀ ਰੋਜ਼ਾਨਾ ਕਸਰਤ ਕਰਦੇ ਹਨ, ਉਨ੍ਹਾਂ ਦੀਆਂ ਹੱਡੀਆਂ ਤਾਂ ਮਜ਼ਬੂਤ ਹੁੰਦੀਆਂ ਹੀ ਹਨ, ਨਾਲ ਹੀ ਉਨ੍ਹਾਂ ਨੂੰ ਔਸਟਿਓ ਪ੍ਰੋਸਿਸ ਹੋਣ ਦੀ ਸੰਭਾਵਨਾ ਵੀ ਘੱਟ ਹੁੰਦੀ ਹੈ। ਜੋਗਿੰਗ ਕਰਨ ਨਾਲ ਹੱਡੀਆਂ ਦਾ ਘਣਤਵ ਵਧਦਾ ਹੈ ਤੇ ਹੱਡੀਆਂ ਮਜ਼ਬੂਤ ਹੁੰਦੀਆਂ ਹਨ। ਮਾਹਿਰਾਂ ਮੁਤਾਬਕ ਇਸ ਖ਼ੋਜ ਤੋਂ ਇਸ ਗੱਲ ਦਾ ਵੀ ਪਤਾ ਲੱਗਿਆ ਹੈ ਕਿ ਮਜ਼ਬੂਤ ਹੱਡੀਆਂ ਲਈ ਬਹੁਤਾ ਤੇਜ਼ ਦੌੜਨਾ ਕੋਈ ਜ਼ਰੂਰੀ ਨਹੀਂ। ਪਰ ਆਦਮੀ ਵੀ ਇਸ ਤੋਂ ਬਚੇ ਨਹੀਂ ਹਨ। 50 ਤੋਂ 60 ਲੱਖ ਅਮਰੀਕੀ ਇਸ ਰੋਗ ਤੋਂ ਪੀੜਤ ਹਨ। 90 ਲੱਖ ਅਮਰੀਕੀ ਅਜਿਹੇ ਹਨ ਜਿਨ੍ਹਾਂ ਨੂੰ ਹੱਡੀਆਂ ਦਾ ਘਣਤਵ ਘੱਟ ਹੋਣ ਕਰਕੇ ਇਸ ਰੋਗ ਦੀ ਸੰਭਾਵਨਾ ਹੈ। ਇਨ੍ਹਾਂ ਵਿੱਚੋਂ 80 ਫ਼ੀਸਦੀ ਔਰਤਾਂ ਹਨ। ਜੇਕਰ ਤੁਸੀਂ ਵੀ ਹੱਡੀਆਂ ਦੀ ਮਜ਼ਬੂਤੀ ਚਾਹੁੰਦੇ ਹੋ ਤਾਂ ਅੱਜ ਹੀ ਜੋਗਿੰਗ ਕਰਨੀ ਸ਼ੁਰੂ ਕਰ ਦਿਓ।



### ✪ ਐਂਟੀ-ਆਕਸੀਡੈਂਟ ਬਚਾਉਂਦੇ ਹਨ ਪ੍ਰਦੂਸ਼ਣ ਤੋਂ

ਐਕਿਊਪੇਸ਼ਨਲ ਐਂਡ ਇਨਵਾਇਅਰਮੈਂਟਲ ਮੈਡੀਕਲ 'ਚ ਪ੍ਰਕਾਸ਼ਿਤ ਇਕ ਖੋਜ਼ ਮੁਤਾਬਕ ਵਿਟਾਮਿਨ, ਪ੍ਰਦੂਸ਼ਿਤ ਹਵਾ ਤੋਂ ਰੱਖਿਆ ਕਰਦੇ ਹਨ। ਡੱਚ ਮਾਹਿਰਾਂ ਅਨੁਸਾਰ ਐਂਟੀਆਕਸੀਡੈਂਟ ਪ੍ਰਦੂਸ਼ਨ ਤੋਂ ਫ਼ੇਫੜਿਆਂ ਨੂੰ ਉਸੇ ਤਰ੍ਹਾਂ ਨੁਕਸਾਨ ਪਹੁੰਚਾਉਂਦੀ ਹੈ, ਜਿਵੇਂ ਸੂਰਜ ਦੀਆਂ ਅਲਟਰਾਵਾਇਲਟ ਕਿਰਨਾਂ ਸਾਡੀ ਚਮੜੀ ਨੂੰ ਨੁਕਸਾਨ ਪਹੁੰਚਾਉਂਦੀਆਂ ਹਨ। ਮਾਹਰਾਂ ਅਨੁਸਾਰ ਵਿਟਾਮਿਨ ਸੀ, ਵਿਟਾਮਿਨ ਏ ਥੀਟਾ, ਕੈਰੋਟੀਨ ਦੇ ਸੇਵਨ ਦਾ ਸਿਰਫ਼ ਫ਼ੇਫੜਿਆਂ ਲਈ ਹੀ ਨਹੀਂ ਬਲਕਿ ਪੂਰੀ ਸਿਹਤ ਲਈ ਫਾਇਦੇ ਮੰਦ ਹੈ।

### ✪ ਗੂਲੋਕੋਸ਼ ਦੀ ਘੱਟ ਖ਼ਪਤ ਵੀ ਸਿਹਤ ਲਈ ਠੀਕ ਨਹੀਂ

ਫੈਟ ਦਾ ਜ਼ਿਆਦਾ ਘਟਨਾ ਤੇ ਗੁਲੂਕੋਜ਼ ਦੀ ਘੱਟ ਖ਼ਪਤ ਵੀ ਸਿਹਤ ਲਈ ਠੀਕ ਨਹੀਂ। ਇਸ ਦਾ ਬੁਰਾ ਅਸਰ ਹੋ ਸਕਦਾ ਹੈ। ਨਵੀਂ ਖੋਜ ਦਾ ਦਾਅਵਾ ਹੈ ਕਿ ਇਸ ਕਾਰਨ ਡਾਇਬੀਟੀਜ਼ ਦਾ ਖ਼ਤਰਾ ਵੱਧ ਸਕਦਾ ਹੈ। ਅਮਰੀਕੀ ਖੋਜ ਕਰਤਾਵਾਂ ਦੇ ਮੁਤਾਬਕ ਕੁਦਰਤੀ ਚੱਕਰ ਗੜਬੜਾਉਣ ਨਾਲ ਡਾਇਬਿਟੀਜ਼ ਦੀ ਲਪੇਟ 'ਚ ਜਾ ਸਕਦੇ ਹਨ। ਹਾਲਾਂਕਿ ਕਸਰਤ ਨਾਲ ਇਸ ਨੂੰ ਸਹੀ ਕੀਤਾ ਜਾ ਸਕਦਾ ਹੈ। ਅਸਲ ਵਿਚ ਇਸ ਚੱਕਰ ਨੂੰ ਐੱਚ ਡੀ ਏ ਸੀ 3 ਨਾਂ ਦੇ ਮੋਲਿਕਿਊਲ ਕੰਟਰੋਲ ਕਰਦੇ ਹਨ। ਇਸ ਖੋਜ ਨਾਲ ਕਸਰਤ ਕਰਨ ਦੇ ਸਹੀ ਸਮੇਂ ਦੀ ਚੋਣ ਕਰਨ 'ਚ ਮੱਦਦ ਮਿਲ ਸਕਦੀ ਹੈ। ਕੇਲੋਰ ਕਾਲਜ ਆਫ਼ ਮੈਡੀਸਨ ਦੇ ਖੋਜਕਰਤਾ ਡਾ. ਫ਼ੇਂਗ ਸਨ ਨੇ ਕਿਹਾ ਕਿ ਮਾਸਪੇਸ਼ੀਆਂ 'ਚ ਗੁਲੂਕੋਸ਼ ਦਾ ਇਸਤੇਮਾਲ ਉਨ੍ਹਾਂ ਦੀ ਅੰਦਰੂਨੀ ਸਰੇਡੀਅਨ ਵਾਚ ਵੱਲੋਂ ਕੰਟਰੋਲ ਹੁੰਦਾ ਹੈ।

### ✪ ਓਮੇਗਾ-3 ਨਾਲ ਘਟੇਗਾ ਦਮਾ

ਮੱਛੀਆਂ 'ਚ ਪਾਏ ਜਾਣ ਵਾਲਾ ਉਮੇਗਾ-3 ਫ਼ੈਟੀ ਐਸਿਡ ਅਸਥਮਾ ਤੋਂ ਬਚਾਅ ਲਈ ਮੱਦਦਗਾਰ ਸਾਬਤ ਹੋ ਸਕਦਾ ਹੈ। ਵਿਗਿਆਨੀਆਂ ਦਾ ਦਾਅਵਾ ਹੈ ਕਿ ਗਰਭ ਅਵਸਥਾ ਦੌਰਾਨ ਇਸ ਦੀ ਵਰਤੋਂ ਨਾਲ ਬੱਚੇ 'ਚ ਅਸਥਮੇ ਦੇ ਖ਼ਤਰੇ ਨੂੰ ਕਾਫ਼ੀ ਅਵਸਥਾ ਦੀ ਤੀਜੀ ਤਿਮਾਹੀ ਦੌਰਾਨ 2.4 ਗ੍ਰਾਮ ਲਾਂਗ-ਚੇਨ ਓਮੇਗਾ-3 ਦੀ ਖ਼ੁਰਾਕ ਲੈਣ ਵਾਲੀਆਂ ਔਰਤਾਂ ਦੇ ਬੱਚੇ 'ਚ ਅਸਥਮਾ ਦਾ ਖ਼ਤਰਾ 31 ਫ਼ੀਸਦੀ ਘੱਟ ਪਾਇਆ ਗਿਆ। ਲਾਂਗ-ਚੇਨ-ਓਮੇਗਾ-3 ਫੈਟੀ ਐਸਿਡ ਠੰਡੇ ਪਾਣੀ ਦੀਆਂ ਮੱਛੀਆਂ 'ਚ ਪਾਇਆ ਜਾਂਦਾ ਹੈ। ਫਿਰ ਮਾਨਵੀ ਸੁਰੱਖਿਆ ਪ੍ਰਤੀਕਰਮ ਲਈ ਕਾਫੀ ਅਹਿਮ ਮੰਨਿਆ ਜਾਂਦਾ ਹੈ। ਇਸ ਖੋਜ ਨਾਲ ਜੁੜੇ ਪ੍ਰੋਫੈਸਰ ਰਾਂਸ ਬਿਸਗਾਰਡ ਨੇ ਕਿਹਾ ਹੈ ਸਾਨੂੰ ਲੰਬੇ ਸਮੇਂ ਤੋਂ ਇਸ ਗੱਲ ਦਾ ਸ਼ੱਕ ਸੀ ਕਿ ਲਾਂਗ-ਚੇਨ-ਓਮੇਗਾ-3 ਫੈਟ, ਪੱਛਮੀ ਖਾਣੇ 'ਚ ਉਮੇਗਾ-3 ਦੀ ਕਮੀ ਅਤੇ ਬੱਚਿਆਂ 'ਚ ਵਧਦੇ ਅਸਥਮਾ ਦੇ ਖ਼ਤਰੇ 'ਚ ਕੋਈ ਜੁੜਾਅ ਹੈ। ਇਸ ਖੋਜ ਤੋਂ ਇਹ ਸਾਬਤ ਹੋਇਆ ਹੈ ਕਿ ਇਨ੍ਹਾਂ 'ਚ ਡੂੰਘਾ ਸਬੰਧ ਹੈ। ਗਰਭ ਅਵਸਥਾ ਦੌਰਾਨ ਲਾਂਗ-ਚੇਨ-ਓਮੇਗਾ-3 ਦੀ ਉੱਚਿਤ ਖ਼ੁਰਾਕ ਲੈਣ ਨਾਲ ਇਸ ਰੋਗ ਦੇ ਖ਼ਤਰੇ ਤੋਂ ਬਚਿਆ ਜਾ ਸਕਦਾ ਹੈ।

### ✪ ਆਤਮ ਵਿਸ਼ਵਾਸ ਵਧਾਉਣ ਲਈ ਨਵੀਂ ਤਕਨੀਕ ਦਾ ਵਿਕਾਸ

ਜਪਾਨੀ ਵਿਗਿਆਨੀਆਂ ਨੇ ਇਕ ਅਜਿਹੀ ਤਕਨੀਕ ਵਿਕਸਤ ਕਰਨ ਦਾ ਦਾਅਵਾ ਕੀਤਾ ਹੈ, ਜੋ ਲੋਕਾਂ ਦੇ ਦਿਮਾਗ਼ ਵਿਚ ਚੱਲ ਰਹੀ ਸਰਗਰਮੀ ਵਿਚ ਜੋੜ ਤੋੜ ਕਰਕੇ ਉਨ੍ਹਾਂ ਦੇ ਆਤਮ ਵਿਸ਼ਵਾਸ ਨੂੰ ਵਧਾਉਣ ਵਿਚ ਸਹਾਈ ਹੋ ਸਕਦੀ ਹੈ। ਇਸ ਤਕਨੀਕ ਨਾਲ ਪੋਸਟ ਫਰੋਮੈਟਿਕ ਸਟਰੈਸ ਡਿਸਆਰਡਰ ਤੇ ਫੋਬੀਆ ਆਦਿ ਤੋਂ ਪੀੜਤ ਮਰੀਜ਼ਾਂ ਦੇ ਇਲਾਜ਼ ਲਈ ਨਵਾਂ ਰਾਹ ਖੁੱਲ੍ਹੇਗਾ। 'ਡੀਕੋਡਿਡ ਨਿਊਰੋਫੀਡਬੈਕ' ਨਾਂ ਦੀ ਇਹ ਨਵੀਂ ਤਕਨੀਕ ਦਿਮਾਗ ਦੀ ਉਸ ਸਰਗਰਮੀ ਦੀ ਪਛਾਣ ਕਰੇਗੀ ਜੋ ਕਿ ਵਿਸ਼ਵਾਸ ਅਤੇ ਅਸਥਾ ਨਾਲ ਜੁੜੀ ਹੋਈ ਹੈ ਤੇ ਅੱਗੋਂ ਇਸ ਨੂੰ ਵਿਸਥਾਰ ਦਿੰਦਿਆਂ ਵੱਧ ਭਰੋਸੇ ਵਾਲੀ ਅਵਸਥਾ 'ਚ ਲੈ ਜਾਵੇਗੀ। ਇਸ ਖੋਜ ਅਧਿਐਨ ਦਾ ਅਹਿਮ ਪਹਿਲੂ ਇਹ ਹੈ ਕਿ ਤਕਨੀਕ ਦੇ ਇਸ ਪ੍ਰਭਾਵ ਨੂੰ ਉਲਟਾਇਆ ਵੀ ਜਾ ਸਕਦਾ ਹੈ ਭਾਵ ਕਿਸੇ ਵਿਅਕਤੀ ਦੇ ਭਰੋਸੇ ਨੂੰ ਘੱਟ ਵੀ ਕੀਤਾ ਜਾ ਸਕਦਾ ਹੈ।

### ✪ ਜਾਂਦੇ-ਜਾਂਦੇ

ਜ਼ਿਆਦਾਤਰ ਲੋਕ ਚੰਗਾ ਹੋਣ 'ਤੇ ਕਿਸੇ ਦੀ ਤਾਰੀਫ਼ ਨਹੀਂ ਕਰਦੇ, ਪਰ ਗ਼ਲਤ ਹੁੰਦੇ ਸਾਰ ਹੀ ਦੂਸਰੇ ਨੂੰ ਜ਼ਿੰਮੇਵਾਰ ਠਹਿਰਾਉਣ ਲੱਗਦੇ ਹਨ। ਖੋਜੀਆਂ ਨੇ ਇਸ ਆਦਤ ਵਿਚਲੀ ਵਜ੍ਹਾ ਦਾ ਪਤਾ ਲਗਾ ਲਿਆ ਹੈ। ਖੋਜ ਮੁਤਾਬਕ ਇਹ ਦਿਮਾਗ਼ ਦੇ ਇਕ ਖ਼ਾਸ ਹਿੱਸੇ ਦੀ ਵਜ੍ਹਾ ਨਾਲ ਹੁੰਦਾ ਹੈ ਕਿਸੇ ਗ਼ਲਤ ਗੱਲ ਕਾਰਨ ਸਰਗਰਮ ਹੋ ਜਾਂਦਾ ਹੈ। ਡਿਊਕ ਯੂਨੀਵਰਸਿਟੀ ਦੇ ਖੋਜੀਆਂ ਨੇ ਕਿਹਾ ਹੈ ਕਿ ਕਿਸੇ ਘਟਨਾ 'ਤੇ ਪ੍ਰਤੀਕਿਰਿਆ ਦੇਣ ਵਾਲੇ ਦਿਮਾਗ਼ ਦੇ ਹਿੱਸੇ ਮੁੱਖ ਭੂਮਿਕਾ ਨਿਭਾਉਣ ਲੱਗਦੇ ਹਨ। ਇਨ੍ਹਾਂ ਵਿੱਚੋਂ ਇਕ ਹਿੱਸਾ ਜ਼ਿਆਦਾ ਜਜ਼ਬਾਤੀ ਹੁੰਦਾ ਹੈ ਤੇ ਦੂਸਰਾ ਤੱਥਾਂ ਦੇ ਆਧਾਰ 'ਤੇ ਸੋਚਦਾ ਹੈ। ਖੋਜੀਆਂ ਦਾ ਜਜ਼ਬਾਤੀ ਹਿੱਸਾ ਚੱਲਣ ਲੱਗ ਪੈਂਦਾ ਹੈ ਤੇ ਮਨੁੱਖ ਹੋਣ 'ਤੇ ਦਿਮਾਗ਼ ਦਾ ਜਜ਼ਬਾਤੀ ਹਿੱਸਾ ਚੱਲਣ ਲੱਗ ਪੈਂਦਾ ਹੈ ਤੇ ਮਨੁੱਖ ਦੇ ਸੁਭਾਅ ਦੇ ਅਧੀਨ ਹੋ ਕੇ ਤੁਰੰਤ ਪ੍ਰਤੀਕਿਰਿਆ ਦੇਣ ਲੱਗਦਾ ਹੈ। ਦੂਜੇ ਪਾਸੇ ਕੁਝ ਚੰਗਾ ਹੋਣ 'ਤੇ ਦਿਮਾਗ਼ ਸ਼ਾਂਤ ਰਹਿੰਦਾ ਹੈ ਤੇ ਸਕੂਨ ਦੀ ਹਾਲਤ ਵਿੱਚ ਤੱਥਾਂ ਦੇ ਹਿਸਾਬ ਨਾਲ ਘਟਨਾ ਦਾ ਮੁਲੰਕਣ ਕਰਦਾ ਹੈ।

# ਜੈਲਲਿਤਾ ਦਾ ਜਾਣਾ ਲਿਆਇਆ ਅੰਨ੍ਹੀਭਗਤੀ ਦਾ ਹੜ੍ਹ

**ਜਗਦੀਸ਼ ਪੰਵਾਰ**



ਅੰਧਵਿਸ਼ਵਾਸ ਅਤੇ ਵਿਅਕਤੀ ਪੂਜਾ ਦੀ ਹੱਦ ਦੇਖਣੀ ਹੈ ਤਾਂ ਪਿਛਲੇ ਢਾਈ ਮਹੀਨਿਆਂ ਤੋਂ ਤਾਮਿਲਨਾਡੂ ਵਿੱਚ ਦੇਖੀ ਜਾ ਸਕਦੀ ਹੈ, ਜਿੱਥੇ ਜੈਲਲਿਤਾ ਦੇ ਬਿਮਾਰ ਹੋਣ ਤੋਂ ਉਹਨਾਂ ਦੀ ਮੌਤ ਤਕ ਘਰਾਂ, ਸੜਕਾਂ, ਸਕੂਲਾਂ ਕਾਲਜਾਂ, ਬਜ਼ਾਰਾਂ, ਮੰਦਰਾਂ ਅਤੇ ਵਿਧਾਨ ਸਭਾ ਤੱਕ ਹਵਨ, ਪੂਜਾਪਾਠ ਦੇ ਨਾਲ ਹੀ ਮੰਤਰ ਉਚਾਰਣ ਚੱਲ ਰਹੇ ਸਨ। ਚੇਨੱਈ ਦੇ ਅਪੋਲੋ ਹਸਪਤਾਲ ਦੇ ਬਾਹਰ 24 ਘੰਟੇ ਹਜ਼ਾਰਾਂ ਲੋਕ ਜੈਲਲਿਤਾ ਦੇ ਠੀਕ ਹੋਣ ਦੀ ਪ੍ਰਾਰਥਨਾ ਕਰਦੇ ਹੋਏ ਖੜ੍ਹੇ ਰਹੇ। 33 ਲੋਕਾਂ ਨੇ ਤਾਂ ਖ਼ੁਦਕਸ਼ੀ ਕਰ ਲਈ ਸੀ, ਪਰੰਤੂ ਕੁਝ ਲੋਕ ਅਜਿਹਾ ਕਰਨ ਵਿੱਚ ਅਸਫ਼ਲ ਹੋ ਗਏ ਸਨ। ਤਮਿਲਨਾਡੂ ਵਿੱਚ ਸਮਝ ਲਉ ਦੁਨੀਆਂ ਰੁੱਕ ਗਈ ਸੀ। ਟੈਲੀਵਿਜ਼ਨ ਉੱਤੇ ਜੈਲਲਿਤਾ ਦੀ ਮੌਤ ਦੀ ਖ਼ਬਰ ਆਈ ਤਾਂ ਦੁਕਾਨਾਂ ਬੰਦ, ਸਕੂਲ ਬੰਦ, ਟਰੈਫਿਕ ਬੰਦ।

ਜੈਲਲਿਤਾ ਦੀ ਮੌਤ ਦੇ ਐਲਾਨ ਤੇ ਪਹਿਲਾਂ ਆਈ ਖ਼ਬਰ ਉੱਤੇ ਭੀੜ ਹਿੰਸਾ ਉੱਤੇ ਉਤਾਰੂ ਦਿੱਸੀ। ਕੇਂਦਰ ਸਰਕਾਰ ਤੱਕ ਮਾਹੌਲ ਵਿਗੜਨ ਦੇ ਡਰ ਤੋਂ ਫਿਕਰਮੰਦ ਹੋਈ ਅਤੇ ਫੌਰਨ ਸੀ.ਆਰ.ਪੀ.ਐਫ਼, ਸੀ.ਆਈ.ਐਸ. ਐਫ਼ ਨੂੰ ਅਲਰਟ ਰਹਿਣ ਦੇ ਹੁਕਮ ਦੇ ਦਿੱਤੇ ਗਏ। ਰਾਜ ਕੁਮਾਰ ਆਪ ਜੈਲਲਿਤਾ ਹਿਮਾਇਆ ਵਿੱਚ ਭਾਵਨਾਤਮਕ ਉਬਾਲ ਦੇ ਕਾਰਨ ਕਾਨੂੰਨ ਪ੍ਰਬੰਧ ਦੇ ਸੰਕਟ ਤੋਂ ਘਬਰਾਈ ਜਿਹੀ ਰਹੀ ਅਤੇ ਸੁੱਰਖਿਆ ਪ੍ਰਬੰਧ ਸਖ਼ਤ ਕਰ ਦਿੱਤਾ ਗਿਆ।

ਉੱਧਰ ਸੰਸਦ ਦਾ ਕਾਰਜਕਾਲ ਛੱਡ ਕੇ ਜੈਲਲਿਤਾ ਦੀ ਪਾਰਟੀ ਅੰਨਾ ਦ੍ਰਮਕ ਮੰਗੇਤਰ ਕਸ਼ਗਮ ਦੇ ਸਾਰੇ 36 ਲੋਕਸਭਾ ਅਤੇ 13 ਕਾਰਜਸਭਾ ਸਾਂਸਦ ਚੇਨੱਈ ਜਾ ਪੁੱਜੇ। ਜੈਲਲਿਤਾ ਦੇ ਸੱਭ ਤੋਂ ਕਰੀਬੀ ਪਨੀਰਸੇਲਵਮ ਵਗਦੇ ਹੰਝੂ ਨਾਲ ਜੇਬ ਵਿੱਚ ਜੈਲਲਿਤਾ ਦੀ ਫੋਟੋ ਰੱਖ ਕੇ ਮੁੱਖ ਮੰਤਰੀ ਅਹੁੱਦੇ ਦੀ ਸੌਂਹ ਲੈ ਰਹੇ ਸਨ। ਸਾਰੇ ਵਿਧਾਇਕਾਂ ਸਮੇਤ ਇੱਥੇ ਦੀ ਜਨਤਾ ਦੁਹੱਥੜੇ ਮਾਰ-ਮਾਰ ਕੇ ਰੋਂਦੀ ਨਜ਼ਰ ਆ ਰਹੀ ਸੀ।

ਕਿਸੇ ਦੀ ਮੌਤ ਦਾ ਦੁੱਖ ਹੋਣਾ ਸੁਭਾਵਕ ਹੈ। ਹੋਣਾ ਵੀ ਚਾਹੀਦਾ ਹੈ। ਹਰ ਬੰਦੇ ਨੂੰ ਸਮਾਜ ਨੂੰ ਅਜਿਹੇ ਮੌਕਿਆ ਉੱਤੇ ਸੰਵੇਦਨਸ਼ੀਲ ਹੋਣਾ ਚਾਹੀਦਾ ਹੈ। ਇਹ ਸੱਭ ਰੋਣਾ ਧੋਣਾ ਧਰਮ ਦੀ ਇਸ ਸਿੱਖਿਆ ਦੇ ਬਾਵਜੂਦ ਹੈ ਕਿ 'ਜੋ ਆਇਆ ਹੈ ਉਹ ਜਾਵੇਗਾ। ਮੌਤ ਤਾਂ ਸਦੀਵੀਂ ਸੱਚ ਹੈ। ਸਰੀਰ ਮਰਦਾ ਹੈ, ਆਤਮਾ ਅਜਰ ਅਮਰ ਹੈ।' 'ਗੀਤਾ' ਵਿੱਚ ਕ੍ਰਿਸ਼ਨ ਜੀ ਨੇ ਅਰਜਨ ਤਕ ਨੂੰ ਆਪਣੇ ਰਿਸ਼ਤੇਦਾਰਾਂ ਦੀ ਮੌਤ ਉੱਤੇ ਦੁੱਖ ਨਾ ਕਰਨ ਦੀ ਸਿੱਖਿਆ ਦਿੱਤੀ ਸੀ।

ਦਰਅਸਲ, ਗੱਲ ਸਾਡੀ ਗੁਲਾਮ ਸੋਚ ਦੀ ਹੈ। ਰਾਜੇ ਨੂੰ, ਸ਼ਾਸਕ ਨੂੰ ਈਸ਼ਵਰ ਦਾ ਅਵਤਾਰ ਮੰਨਣ ਦੀ ਸੋਚ ਅੱਜ ਲੋਕਤੰਤਰ ਵਿੱਚ ਵੀ ਮਜ਼ਬੂਤੀ ਨਾਲ ਮੌਜੂਦ ਹੈ। ਜੈਲਲਿਤਾ ਨੇ ਅੰਧਵਿਸ਼ਵਾਸੀ ਲੋਕਾਂ ਨੂੰ ਮੁਫ਼ਤ ਜਾਂ ਬਹੁਤ ਸਸਤੇ ਵਿੱਚ ਰੋਟੀ, ਪਾਣੀ , ਹਵਾ, ਮਕਾਨ ਦੇ ਕੇ ਅਵਤਾਰ ਦਾ ਰੂਪ ਪਾ ਲਿਆ ਸੀ। ਤਾਮਿਲਨਾਡੂ ਦੇ ਅਯੰਗਰ ਪੰਡੇਪੁਜਾਰੀਆਂ ਨੇ 'ਅੰਬਾਂ' ਨਾਂ ਦੇ ਕੇ ਉਹਨਾਂ ਨੂੰ ਚਮਤਕਾਰੀ ਕਰਾਰ ਦਿੱਤਾ ਸੀ।

ਗ਼ਰੀਬ ਲੋਕਾਂ ਦੇ ਲਈ ਕਾਰਖਾਨੇ ਖੁੱਲਣ ਰੋਜ਼ਗਾਰ ਦੇਣ ਦੀ ਬਜਾਏ ਜੈਲਲਿਤਾ ਨੇ ਉਹਨਾਂ ਦੇ ਲਈ 5 ਰੁਪਏ ਵਿੱਚ 'ਅੰਮਾਂ ਰਸੋਈ' ਖੁੱਲ੍ਹਵਾ ਦਿੱਤੀ, ਮੁਫ਼ਤ ਦਾ ਪਾਣੀ, ਮੁਫ਼ਤ ਦੇ ਦਵਾਖਾਨੇ ਖੁਲ੍ਹਵਾ ਦਿੱਤੇ। ਅਜਿਹੇ ਵਿੱਚ ਭਲਾਂ ਕੌਣ 'ਅੰਬਾਂ' ਦਾ ਮੁਰੀਦ (ਚੇਲਾ, ਸਿੱਖ) ਮੁਫ਼ਤਖੋਰੀ ਦਾ ਇਹ ਪ੍ਰਬੰਧ 'ਅੰਮਾਂ' ਨੇ ਜ਼ਿਆਦਾਤਰ ਸ਼ੂਦਰਾਂ, ਦਲਿਤਾਂ ਦੇ ਲਈ ਕੀਤਾ। ਦ੍ਰਵਿੜ ਅੰਦੋਲਨ ਦੇ ਚਲਦੇ ਪ੍ਰਦੇਸ਼/ਸੂਬੇ ਦਾ ਦਲਿਤ, ਪਿਛੜਿਆ ਤਬਕਾ ਬ੍ਰਾਹਮਣਾਂ ਦੇ ਭੇਦਭਾਵ, ਛੁਆਛੂਤ ਦੇ ਵਰਤਾਉ ਤੋਂ ਦ੍ਰਵਿੜ ਪਾਰਟੀ ਦ੍ਰਵਿੜ ਮੁੰਨੇਤਰ ਕਸ਼ਗਮ ਦਾ ਵੋਟਬੈਂਕ ਬਣ ਗਿਆ ਸੀ, ਪਰ 'ਅੰਬਾਂ' ਨੇ ਇਸ ਵਿੱਚ ਪਾੜ ਲਗਾ ਲਈ। ਇਹੀ ਵਰਗ ਅੱਜ ਉਹਨਾਂ ਦੇ ਲਈ ਜ਼ਿਆਦਾ ਰੋ ਧੋ ਰਿਹਾ ਹੈ। ਗਰੀਬਾਂ ਨੂੰ ਪੈਸਾ ਸਰਕਾਰੀ ਖ਼ਜਾਨੇ ਤੋਂ ਵੰਡਿਆ ਜਾ ਰਿਹਾ ਸੀ। ਉਹਨਾਂ ਨੂੰ ਮਿਹਨਤ, ਰੋਜ਼ਗਾਰ ਦੀ ਸਿੱਖਿਆ ਨਹੀਂ ਦਿੱਤੀ ਜਾ ਰਹੀ ਸੀ। ਇਹ ਕਿਹੋ ਜਿਹੀ ਮਹਾਨਤਾ ਹੈ? ਕਿਹੋ ਜਿਹੀ ਮਸੀਹ ਹੈ? ਟੈਕਸ ਦੇਣ ਵਾਲੇ ਦਾ ਪੈਸਾ ਲੈ ਕੇ ਨਾ ਦੇਣ ਵਾਲਿਆਂ ਨੂੰ ਮੁਫ਼ਤ ਵਿੱਚ ਵੰਡ ਦੇਣਾ ਕਿਹੜਾ ਅਵਤਾਰੀ ਕੰਮ ਹੈ?

ਕੀ ਇਸ ਸੱਭ ਨਾਲ ਤਮਿਲਨਾਡੂ ਵਿੱਚ ਗਰੀਬੀ, ਭੁੱਖਮਰੀ, ਬੇਕਾਰੀ, ਛੁਆਛੂਤ, ਭੇਦਵਾਵ ਦੂਰ ਹੋ ਗਿਆ? ਰਾਜ ਵਿੱਚ ਦਵ੍ਰਿੜ ਅੰਦੋਲਨ ਜਿਸ ਉਦੇਸ਼ ਨਾਲ ਚੱਲਿਆ ਸੀ, ਉਹ ਸਮੱਸਿਆਵਾਂ ਅੱਜ ਵੀ ਮੌਜੂਦ ਹਨ। ਰਾਮਾ ਸਵਾਮੀ ਪੇਰਿਆਰ ਨੇ ਦਲਿਤਾਂ, ਸ਼ੂਦਰਾਂ ਨੂੰ ਉੱਚਾ ਚੁੱਕਣ ਲਈ ਕਿਹੜੀ ਅਲਖ ਜਾਂ ਜੋਤੀ ਜਗਾਈ ਸੀ, ਉਹ ਇਹਨਾਂ ਵਰਗਾਂ ਦੀ ਅੰਨ੍ਹੀਭਗਤੀ, ਵਿਅਕਤੀ ਪੂਜਾ ਅਤੇ ਅੰਧਵਿਸ਼ਵਾਸ ਦੀ ਭੇਂਟ ਚੜ੍ਹ ਗਈ ਹੈ।

ਉੱਪਰ ਦੇ ਵਰਣ ਵਾਲੇ ਦੀ ਸੇਵਾ ਅਤੇ ਕ੍ਰਿਪਾ ਨੂੰ ਆਪਣੀ ਕਿਸਮਤ ਮੰਨਣ ਵਾਲਾ 'ਅੰਬਾਂ' ਦੇ ਬਿਮਾਰ ਹੋਣ ਅਤੇ ਉਹਨਾਂ ਦੀ ਮੌਤ ਉੱਤੇ ਰੋ ਰਿਹਾ ਦਲਿਤ, ਸ਼ੂਦਰ ਵਰਗ ਇਸੇ ਸੋਚ ਦੇ ਕਾਰਨ ਅਨਪੜ੍ਹ, ਗਰੀਬੀ, ਭੁੱਖਮਰੀ, ਬੇਕਾਰੀ ਅਤੇ ਭੇਦਭਾਵ ਤੋਂ ਆਜ਼ਾਦ ਨਹੀਂ ਹੋ ਪਾ ਰਿਹਾ ਹੈ।

ਅਜਿਹੀ ਅੰਨ੍ਹੀ ਸ਼ਰਧਾ, ਭਗਤੀ ਤੋਂ ਬੰਦੇ ਨੂੰ, ਸਮਾਜ, ਦੇਸ਼ ਨੂੰ ਕੀ ਮਿਲ ਸਕਦਾ ਹੈ? ਇਹ ਕਿ ਹੁਣ ਤਮਿਲਨਾਡੂ ਵਿੱਚ ਥਾਂ-ਥਾਂ 'ਅੰਬਾਂ ਮੰਦਰ' ਬਣ ਜਾਣਗੇ। ਫ਼ੁੱਲਾਂ ਦੇ ਬਾਗ਼, ਮਰੀਨਾ ਬੀਚ ਵਗੈਰਾ ਤੀਰਥ ਸਥਾਨ ਦਾ ਰੂਪ ਲੈ ਲੈਣਗੇ। ਦੇਵੀ ਦੇਵਤਾ ਘੜਨ ਵਿੱਚ ਮਾਹਰ ਇਸ ਦੇਸ਼ ਦੇ ਪੰਡੇ ਪੁਰੋਹਿਤ 'ਅੰਬਾਂ' ਦੇ ਚਮਤਕਾਰਾਂ ਉੱਤੇ ਕਿਤਾਬਾਂ ਲਿਖ ਦੇਣਗੇ। 'ਅੰਬਾਂ' ਸਿਮਰਤੀ, 'ਅੰਬਾਂ ਪੁਰਾਣ' ਵਿਕਣ ਲੱਗਣੇ, ਤਾਂ ਹੈਰਾਨੀ ਕਿਹੋ ਜਿਹੀ?

ਪਰੰਤੂ ਰਾਜਾ, ਹਾਕਮ ਨੂੰ ਅਵਤਾਰ, ਚਮਤਕਾਰੀ ਮੰਨਣ ਵਾਲੀ ਇਸ ਅੰਧਭਗਤ ਲੋਕਾਂ ਨੂੰ ਕੀ ਮਿਲੇਗਾ? ਉਹ ਤਾਂ ਸਿੱਖਿਆ, ਮਿਹਨਤ, ਰੁਜ਼ਗਾਰ ਦੇ ਬਿਨਾਂ ਰੋਂਦੀ ਹੀ ਰਹੇਗੀ। ਪੰਡੇਪਰੋਹਿਤ ਅਸੰਭਵ ਲੋਕਾਂ ਨੂੰ ਰੋਂਦੇ ਹੋਏ ਹੀ ਦੇਖਣਾ ਚਾਹੁੰਦੇ ਹਨ ਤਾਂ ਜੋ ਉਹ ਉਹਨਾਂ ਦੇ ਕੋਲ ਆਉਣ, ਚੜ੍ਹਾਵਾ ਚੜ੍ਹਾਉਣ ਦਾਨ ਦੱਛਨਾ ਦੇਣ। ਕੁਰਬਾਨ ਜਾਈਏ ਅਜਿਹੀ ਅੰਨ੍ਹੀ ਭਗਤੀ ਦੇ!

# ਗਊ-ਰੱਖਿਆ ਦਾ ਮਸਲਾ

## ਡਾ. ਹਰੀਸ਼ ਮਲਹੋਤਰਾ

ਭਾਰਤ ਖੇਤੀਪ੍ਰਧਾਨ ਦੇਸ਼ ਹੈ ਅਤੇ ਖੇਤੀ ਲਈ ਆਮ ਕਰਕੇ ਬਲਦ ਨੂੰ ਵਰਤਿਆ ਜਾਂਦਾ ਹੈ। ਭਾਵੇਂ ਹਾਲਾਤ ਹੁਣ ਬਦਲ ਰਹੇ ਹਨ ਅਤੇ ਬਲਦਾਂ ਦਾ ਕੰਮ ਟ੍ਰੈਕਟਰਾਂ ਅਤੇ ਟਿਊਬਵੈਲਾਂ ਨੇ ਕਰਨਾ ਸ਼ੁਰੂ ਕਰ ਦਿੱਤਾ ਹੈ। ਪਰ ਅਜੇ ਵੀ ਦੇਸ਼ ਵਿਚ ਬਹੁਤ ਸਾਰੇ ਗਰੀਬ ਲੋਕ ਹਨ ਜੋ ਬਲਦਾਂ ਨਾਲ ਹੀ ਪੁਰਾਣੀ ਰੀਤ ਮੁਤਾਬਕ ਖੇਤੀਬਾੜੀ, ਦਾ ਕੰਮ ਕਰਦੇ ਹਨ। ਇਸੇ ਕਰਕੇ ਮਾਂ ਦੀ ਇੱਜਤ ਕੀਤੀ ਜਾਂਦੀ ਰਹੀ ਹੈ ਅਤੇ ਅਜੇ ਵੀ ਮਾਂ, ਬਲਦਾਂ ਅਤੇ ਵੱਛਿਆਂ ਦੀ ਕਦਰ ਘੱਟ ਨਹੀਂ ਹੈ। ਦੂਜਾ ਮੁੱਖ ਕਾਰਨ, ਧਾਰਮਿਕ ਹੈ। ਹਿੰਦੂ ਧਰਮ ਵਿੱਚ ਗਊ ਨਾਲ ਕਈ ਕੁੱਝ ਜੋੜਿਆ ਗਿਆ ਹੈ ਅਤੇ ਹਿੰਦੂਆਂ ਦੇ ਇਕ ਗੁਰੂ ਸ਼੍ਰੀ ਕ੍ਰਿਸ਼ਨ ਜੀ ਦਾ ਗਊਆਂ ਨਾਲ ਖਾਸ ਸਬੰਧ ਦੱਸਿਆ ਜਾਂਦਾ ਹੈ।

ਇਹਨਾਂ ਦੋ ਮੁੱਖ ਕਾਰਨਾਂ ਕਰਕੇ ਅਤੇ ਪੰਡਤਾਂ ਦੁਆਰਾ ਗ੍ਰੰਥਾਂ ਅਤੇ ਕਥਾਵਾਂ ਦੁਆਰਾ ਪਰਚਾਰ ਨੇ ਮਾਂ ਦੀ ਭਾਰਤ ਵਿਚ ਕਾਫੀ ਵੱਡੀ ਥਾਂ ਬਣਾ ਦਿੱਤੀ ਹੈ ਅਤੇ ਇਸ ਸਦੀਆਂ ਪੁਰਾਣੀ ਰੀਤ ਨੂੰ ਐਨੀ ਜਲਦੀ ਬਦਲਿਆ ਨਹੀਂ ਜਾ ਸਕਦਾ। ਖਾਸ ਕਰਕੇ ਉਸ ਵੇਲੇ ਜਦ ਹਿੰਦੂਆਂ ਦੀ ਬਹੁ-ਗਿਣਤੀ ਵਾਲੇ ਭਾਰਤ ਵਿਚ ਹਿੰਦੂ ਧਰਮ ਦਾ ਪਰਚਾਰ ਜ਼ੋਰਾਂ ਸ਼ੋਰਾਂ ਨਾਲ ਟੀ.ਵੀ., ਰੇਡੀਓ, ਅਖਬਾਰਾਂ ਵਿਚ ਵੀ ਹੈ ਅਤੇ ਸਰਕਾਰੀ ਤੌਰ ਤੇ ਵੀ। ਇਸੇ ਕਰਕੇ ਹਿੰਦੂ-ਰੱਖਿਅਕ ਬਹੁਤ ਸਾਰੇ ਦਲ, ਪਾਰਟੀਆਂ ਖੁੰਬਾਂ ਵਾਂਗ ਉੱਗ ਪਏ ਹਨ।

ਮਾਂ ਨੂੰ ਮਾਂ ਦਾ ਦਰਜ਼ਾ ਦੋਵਾਂ ਇਕ ਸਤਿਕਾਰ ਅਤੇ ਸ਼ਰਧਾ ਕਰਕੇ ਹੈ ਅਤੇ ਉਹ ਦੋ ਮੁੱਖ ਕਾਰਨ ਖੇਤੀਬਾੜੀ ਅਤੇ ਧਰਮ ਦੀ ਰੰਗਤ ਹੈ। ਸਤਿਕਾਰ ਵਜੋਂ ਗੰਗਾ ਨਦੀ ਨੂੰ ਵੀ ਗੰਗਾ ਮਈਆ ਜਾਂ ਗੰਗਾ ਮਾਂ ਕਿਹਾ ਜਾਂਦਾ ਹੈ ਕਿ ਖੇਤੀਬਾੜੀ ਲਈ ਪਾਣੀ ਨਦੀ ਤੋਂ ਮਿਲਦਾ ਹੈ ਅਤੇ ਮਰਨ ਬਾਦ ਹਿੰਦੂ ਲੋਕ [ਖਾਸ ਕਰਕੇ] ਆਪਣੇ ਅਸਤ (ਫੁੱਲ) ਗੰਗਾ ਨਦੀ ਵਿਚ ਪਾਉਂਦੇ ਹਨ। ਸਤਿਕਾਰ ਵਜੋਂ ਅਤੇ ਸਾਡੀ ਆਪਣੀ ਹੋਂਦ ਦੀ ਕਾਇਮੀ ਕਰਕੇ ਧਰਤੀ ਨੂੰ ਵੀ ਮਾਂ ਕਿਹਾ ਜਾਂਦਾ ਹੈ ਜਿਵੇਂ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ:



ਪਵਨ ਗੁਰੂ, ਪਾਣੀ ਪਿਤਾ,
ਮਾਤਾ ਧਰਤ ਮਹੱਤ, ਦੇਸ਼ ਭਾਰਤ ਨੂੰ ਵੀ 'ਭਾਰਤ ਮਾਤਾ' ਸਤਿਕਾਰ ਅਤੇ ਆਪਣੇ ਹਿੱਤ ਕਰਕੇ ਕਿਹਾ ਜਾਂਦਾ ਹੈ। ਇਹ ਗੱਲ ਦੁਨੀਆਂ ਦੇ ਬਹੁਤ ਸਾਰੇ ਮੁਲਕਾਂ ਤੇ ਵੀ ਲਾਗੂ ਹੁੰਦੀ ਹੈ ਅਤੇ ਉਹ ਆਪਣੇ ਦੇਸ਼ ਦੀ ਧਰਤੀ ਨੂੰ ਮਦਰਲੈਂਡ ਕਹਿੰਦੇ ਹਨ।

ਇਹਨਾਂ ਸਾਰੀਆਂ ਗੱਲਾਂ ਦਾ ਕਿਸੇ ਨੂੰ ਕੀ ਇਤਰਾਜ਼ ਹੈ? ਪਰ ਜਦ ਇਸ ਮੁੱਦੇ ਨੂੰ ਧਾਰਮਿਕ ਰੰਗਤ ਦੇ ਕੇ ਅਤੇ ਸਿਆਸੀ ਸ਼ਹਿ ਤੇ ਹੈਂਕੜਬਾਜ਼ੀ ਨਾਲ, ਘੱਟ ਗਿਣਤੀ ਲੋਕਾਂ, ਖਾਸ ਕਰਕੇ ਦਲਿਤਾਂ, ਅਦੇ ਗੈਰ ਹਿੰਦੂਆਂ, ਮੁਸਲਮਾਨਾਂ ਤੇ ਹਮਲੇ ਕਰਕੇ ਉਹਨਾਂ ਕਰਕੇ ਖਿਲਵਾੜ ਕੀਤਾ ਜਾਵੇ ਤਾਂ ਮਨ ਵਿਚ ਰੋਸ ਉੱਠਦਾ ਹੈ। ਇਸ ਰੋਸ ਉਠਣ ਦੇ ਹੋਰ ਵੀ ਕਈ ਕਾਰਨ ਹਨ ਜਿਵੇ : ਭਾਰਤ ਵਿਚ ਕੰਮਾਂ ਦੀ ਵੰਡ ਜਾਤਾਂ ਪਾਤਾਂ ਨਾਲ ਜੋੜੀ ਜਾਂਦੀ



ਰਹੀ ਹੈ ਅਤੇ ਇਹ ਰੀਤ ਰਿਵਾਜ਼ ਅੱਜ ਵੀ ਪ੍ਰਚਲਤ ਹੈ। ਪਸ਼ੂਆਂ ਦੇ ਮਰਨ ਤੇ ਉਹਨਾਂ ਦੀ ਸਾਂਭ ਸੰਭਾਲ, ਕੂੜੇ ਕਰਕਟ ਅਤੇ ਮਲ ਢੋਣ ਕੰਮ ਉਹਨਾਂ ਲੋਕਾਂ ਤੇ ਥੋਪਿਆ ਗਿਆ ਹੈ ਜਿਹਨਾਂ ਨੂੰ ਦਲਿਤ ਖੇਤੀ ਕਿਹਾ ਜਾਂਦਾ ਹੈ। ਸਦੀਆਂ ਤੋਂ ਗੁਲਾਮੀ ਅਤੇ ਕਹਿਰ ਦਾ ਫੰਦਾ ਦਲਿਤਾਂ ਦੇ ਪਾਇਆ ਹੋਣ ਕਰਕੇ ਉਹਨਾਂ ਨੂੰ ਅੱਖਰ ਗਿਆਨ ਤੋਂ ਵੀ ਵਾਂਝਿਆ ਰੱਖਿਆ ਗਿਆ ਹੈ ਅਤੇ ਇਸੇ ਕਰਕੇ ਸਭ ਤੋਂ ਜਿਆਦਾ ਨਫ਼ਰਤ ਦਾ ਹਿੱਸਾ ਵੀ ਉਹਨਾਂ ਦੇ ਪੱਲੇ ਹੀ ਪਿਆ ਹੈ। ਦੇਖਣ 'ਚ ਆਇਆ ਹੈ ਕਿ ਅਗਰ ਕੋਈ ਪਸ਼ੂ ਮਰ ਜਾਂਦਾ ਹੈ ਤਾਂ ਉਸਦੀ ਚਮੜੀ ਲਾਹੁਣ ਦਾ ਕੰਮ ਅਤੇ ਫਿਰ ਜੁੱਤੀਆਂ ਬਨਾਉਣ ਤੱਕ ਦਾ ਕੰਮ ਇਹ ਦਲਿਤ ਹੀ ਕਰਦੇ ਹਨ। ਇਸੇ ਤਰ੍ਹਾਂ ਹੀ ਜਾਨਵਰਾਂ ਦਾ ਮਾਸ ਵੇਚਣ ਅਤੇ ਉਹਨਾਂ ਨੂੰ ਕੱਟਣ ਦਾ ਕੰਮ ਵੀ ਉਹਨਾਂ ਦਾ ਹੀ ਹੁੰਦਾ ਹੈ। ਇਹ ਕੰਮ ਬਹੁਤ ਸਾਰੀ ਮੁਸਲਿਮ ਵਸੋਂ ਵੀ ਕਰਦੀ ਹੈ। ਹੁਣ ਜੇਕਰ ਇਸ ਗੱਲ ਤੇ ਬਹੁ-ਗਿਣਤੀ ਹਿੰਦੂਆਂ ਨੂੰ ਇਤਰਾਜ਼ ਹੈ ਕਿ ਦਲਿਤ ਅਤੇ ਮੁਸਲਿਮ ਗਾਂ, ਵੱਛਿਆਂ ਅਤੇ ਸਾਹਨਾਂ ਨੂੰ ਮਾਰਨ ਬਾਦ ਉਹਨਾਂ ਦੀ ਚਮੜੀ ਕਿਉਂ ਲਾਹੁੰਦੇ ਹਨ ਅਤੇ ਉਹਨਾਂ ਦਾ ਮਾਸ ਕਿਉਂ ਵੇਚਿਆ ਅਤੇ ਖਾਧਾ ਜਾਂਦਾ ਹੈ ਤਾਂ ਸੁਆਲ ਉੱਠਦਾ ਹੈ ਕਿ ਫਿਰ ਇਹ ਕੰਮ ਕੌਣ ਕਰੇਗਾ? ਕੀ ਇਹ ਹਿੰਦੂ ਇਸ ਕੰਮ ਨੂੰ ਕਰਨ ਲਈ ਤਿਆਰ ਹਨ? ਜੇ ਜੁਆਬ ਨਾਂਹ ਵਿਚ ਹੈ ਤਾਂ ਫਿਰ ਇਹ ਸਰਾਸਰ ਧੱਕਾ ਅਤੇ ਬੇਇਨਸਾਫੀ ਨਹੀਂ ਤਾਂ ਹੋਰ ਕੀ ਹੈ? ਕੀ ਇਹ ਗਊ-ਸਤਿਕਾਰ ਦੇ ਨਾਂ ਥੱਲੇ ਜ਼ੁਲਮ ਕਰਨ ਦਾ ਇਕ ਬਹਾਨਾ ਤਾਂ ਨਹੀਂ ਹੈ? ਵੈਸੇ ਤਾਂ ਕੰਮਾਂ ਦੀ ਵੰਡ ਇਕ ਜਾਤ ਦੇ ਨਾਂ ਤੇ ਕਰਨਾ ਗੈਰਕੁਦਰਤੀ ਅਤੇ ਅਤਰਕਸ਼ੀਲ ਵਰਤਾਰਾ ਹੈ। ਇਹਨਾਂ ਜ਼ੁਲਮ ਕਰਨ ਵਾਲਿਆਂ ਹਿੰਦੂਆਂ ਨੂੰ ਇਹ ਵੀ ਸੁਆਲ ਹਨ ਕਿ ਕੀ ਉਹ ਆਪਣੀ ਜਾਤੀ ਸਫ਼ਾਈ ਆਪ ਕਰਦੇ ਹਨ ਜਾਂ ਦਲਿਤਾਂ ਤੋਂ ਕਰਾਂਉਦੇ ਹਨ? ਕਿਉਂਕਿ ਹਰ ਜੀਵ ਜੋ ਖਾਂਦਾ ਪੀਂਦਾ ਹੈ, ਉਹ ਬਚਿਆ ਮਾਲ ਸਰੀਰ ਚੋਂ ਪੇਸ਼ਾਬ ਅਤੇ ਟੱਟੀ ਰਾਹੀਂ ਬਾਹਰ ਵੀ ਤਾਂ ਕੱਢਦਾ ਹੈ। ਕੀ ਇਹ ਕੰਮ ਗੰਦਾ ਨਹੀਂ ਹੈ? ਅਗਰ ਹੈ ਤਾਂ ਫਿਰ ਸਾਰੇ ਲੋਕ, ਅਖੌਤੀ ਉਚੀ ਨੀਵੀਂ ਜਾਤ ਵਾਲੇ ਅਤੇ ਧਰਮਾਂ ਵਾਲੇ ਇਹ ਕੰਮ ਦਿਨ ਰਾਤ ਕਰਦੇ ਹਨ।

ਜਿਥੋਂ ਤਕ ਸਤਿਕਾਰ ਵਾਲੀ ਗੱਲ ਹੈ, ਉਹ ਤਾਂ ਉਸ ਵੇਲੇ ਹੀ ਠੁੱਸ ਹੋ ਜਾਂਦਾ ਹੈ ਜਦ ਗਾਂਈਆਂ ਨੂੰ ਸੜਕਾਂ ਤੇ ਗੰਦ ਮੰਦ ਅਤੇ ਪਲਾਸਟਿਕ ਦੇ ਲਫਾਫੇ ਖਾਂਦਿਆਂ ਦੇਖਿਆ ਜਾਂਦਾ ਹੈ। ਉਹ ਥਾਂ ਥਾਂ ਗੋਹਾ ਕਰਦੀਆਂ ਅਤੇ ਭੁੱਖਣ ਭਾਣੀਆਂ ਲੋਕਾਂ ਤੋਂ ਡੰਡੇ ਖਾਂਦੀਆਂ ਸੜਕਾਂ ਤੇ ਆਵਾਜਾਈ ਵਿਚ

ਵਿਘਨ ਪਾਉਂਦੀਆਂ ਹਨ। ਉਹਨਾਂ ਦਾ ਦੁੱਧ ਚੋਕੇ, ਵਾੜੇ ਚੋਂ ਬਾਹਰ ਕੱਢ ਦਿੱਤਾ ਜਾਂਦਾ ਅਤੇ ਸ਼ਾਮ ਨੂੰ ਫਿਰ ਦੁੱਧ ਵੇਲੇ ਇਕੱਠਾ ਕਰ ਲਿਆ ਜਾਂਦਾ। ਅਗਰ ਉਹ ਦੁੱਧ ਦੇਣ ਤੋਂ ਅਸਮਰਥ ਹੋ ਜਾਣ ਤਾਂ ਵਾੜੇ ਵਿਚੋਂ ਸਦਾ ਲਈ ਤਿਲਾਂਜਲੀ ਦੇ ਦਿੱਤੀ ਜਾਂਦੀ ਹੈ ਜਾਂ ਬੁੱਚੜਾਂ ਨੂੰ ਵੇਚ ਦਿੱਤਾ ਜਾਂਦਾ। ਕਿ ਇਹੋ ਜਿਹਾ ਰੁਤਬਾ ਅਸੀ ਆਪਣੀਆਂ ਮਾਵਾਂ ਦੇ ਰੁਤਬੇ ਵਾਲੀਆਂ ਗਾਂਈਆਂ ਨੂੰ ਦਿੰਦੇ ਹਾਂ? ਅਸੀ ਉਸ ਵੇਲੇ ਵੀ ਇਸ ਸਤਿਕਾਰ ਵਾਲੀ ਗੱਲ ਨੂੰ ਪਿੱਛੇ ਟੰਗ ਦਿੰਦੇ ਹਾਂ ਜਦ ਪੈਰ ਦੀ ਜੁੱਤੀ ਖ਼੍ਰੀਦਣੀ ਹੋਵੇ। ਉਸ ਵੇਲੇ ਕਦੇ ਕਿਸੇ ਨੇ ਨਹੀਂ ਪੁੱਛਿਆ ਕਿ ਇਹ ਜੁੱਤੀ ਚਮੜਾ ਗਾਂ ਦਾ ਹੈ ਜਾਂ ਮੱਝ ਦਾ ਜਾਂ ਕਿਸੇ ਹੋਰ ਜਾਨਵਰ ਦਾ।

ਦੋਹਰੇ ਮਾਪਦੰਡਾਂ ਵਿਚ ਤਾਂ ਵੈਸੇ ਈ ਸਾਡੀ ਝੰਡੀ ਹੈ ਜਿਵੇਂ ਬਰਾਬਰਤਾ ਦੀ ਗੱਲ ਅਸੀ ਆਮ ਕਰਦੇ ਹਾਂ ਪਰ ਰੰਗ, ਜਾਤ, ਲਿੰਗ, ਕਾਮ-ਬਿਰਤੀ ਆਦਿ ਦੇ ਅਸੀਂ ਨਫ਼ਰਤਾਂ ਅਤੇ ਵਿਤਕਰਿਆਂ ਭਰਿਆ ਵਰਤਾਉ ਕਰਦੇ ਹਾਂ। ਇੱਥੋਂ ਤੱਕ ਕਿ ਕੁੰਭ ਦੇ ਮੇਲੇ ਤੇ ਆਪਣੀਆਂ ਬੁੱਢੀਆਂ ਮਾਵਾਂ ਨੂੰ ਛੱਡ ਕੇ ਆ ਜਾਂਦੇ ਹਨ ਕਿ ਹੁਣ ਇਹਨਾਂ ਤੋਂ ਸਾਨੂੰ ਕੋਈ ਫ਼ਾਇਦਾ ਨਹੀਂ ਜਿਵੇਂ ਨਾ ਦੁੱਧ ਦੇਣ ਵਾਲੀਆਂ ਗਾਵਾਂ ਨਾਲ ਅਸੀਂ ਕਰਦੇ ਹਾਂ। ਗੰਗਾ ਦਾ ਸਤਿਕਾਰ ਸਾਡੇ ਸਾਹਮਣੇ ਹੈ ਕਿ ਕਿਵੇਂ ਅਸੀਂ ਇਸ ਮਾਂ ਦੇ ਸਤਿਕਾਰ ਵਾਲੀ ਨਦੀ ਨੂੰ ਕੂੜੇ ਕਰਕਟ, ਮਲਮੂਤਰ, ਲਾਸ਼ਾਂ ਅਤੇ ਜਾਨਵਰਾਂ ਦੀ ਗੰਦਗੀ ਨਾਲ ਪਲੀਤ ਕਰ ਦਿੱਤਾ ਹੈ।

ਸੁਆਲ ਇਹ ਵੀ ਉੱਠਦਾ ਹੈ ਕਿ ਗਾਂਈਆਂ ਦਾ ਖਾਸ ਮੁਲਕ ਅਤੇ ਬਾਹਰਲੇ ਕਮਾ ਰਹੇ ਹਨ। ਸੁਆਲ ਇਹ ਵੀ ਉੱਠਦਾ ਹੈ ਕਿ ਜਦ ਗੋਰਿਆਂ ਅਤੇ ਉਸ ਤੋਂ ਪਹਿਲੇ ਸੈਂਕੜੇ ਸਾਲ ਮੁਸਲਮਾਨਾਂ ਦੇ ਰਾਜ ਵੇਲੇ ਇਹ ਮਾਂ-ਰੱਖਿਅਕ, ਹਿੰਦੂ ਕਿਥੇ ਸਨ? ਸਾਰੀ ਦੁਨੀਆਂ ਵਿੱਚ ਜਾਨਵਰਾਂ ਦਾ ਮਾਸ ਖਾਧਾ ਜਾਂਦਾ ਹੈ ਅਤੇ ਉਹਨਾਂ ਦੇ ਚੰਮ ਦੀ ਜੁੱਤੀਆਂ, ਬੈਗ ਅਤੇ ਸੂਟਕੇਸ ਆਦਿ ਬਣਾਏ ਜਾਂਦੇ ਹਨ, ਫਿਰ ਇਹਨਾਂ ਮਾਂ-ਰੱਖਿਅਕਾਂ ਨੂੰ ਦੁਨੀਆਂ ਦੇ ਬਾਕੀ ਮੁਲਕਾਂ ਨਾਲ ਵੀ ਆਪਣੇ ਸਬੰਧ ਤੋੜ ਲੈਣੇ ਚਾਹੀਦੇ ਹਨ। ਸਤਿਕਾਰ ਤਾਂ ਪੱਛਮੀ ਮੁਲਕਾਂ ਵਿਚ ਘੋੜੇ ਦਾ ਵੀ ਕੀਤਾ ਜਾਂਦਾ ਹੈ ਅਤੇ ਉਹਦੇ ਮਾਸ ਨੂੰ ਪੱਛਮ ਦੇ ਬਹੁਤ ਸਾਰੇ ਲੋਕ ਸਤਿਕਾਰ ਵਜੋਂ ਨਹੀਂ ਖਾਂਦੇ ਕਿਉਂਕਿ ਘੋੜੇ ਨੂੰ ਲੜਾਈਆਂ, ਆਵਾਜਾਈ ਅਤੇ ਖੇਤੀਬਾੜੀ ਲਈ ਵਰਤਿਆ ਜਾ ਰਿਹਾ ਸੀ। ਪਰ ਇਸ ਮਸਲੇ ਨੂੰ ਲੈ ਕੇ ਕਦੇ ਕਿਸੇ ਘੱਟ ਗਿਣਤੀ ਲੋਕਾਂ ਤੇ ਜਾਨਲੇਵਾ ਹਮਲੇ ਨਹੀਂ ਹੋਏ।

ਜਾਨਵਰਾਂ ਦਾ ਸਤਿਕਾਰ ਕਰਨਾਂ ਚਾਹੀਦਾ ਹੈ ਉਹਨਾਂ ਨੂੰ ਬਣਦਾ ਪਿਆਰ ਦਿੱਤਾ ਜਾਣਾ ਚਾਹੀਦਾ ਹੈ। ਪਰ ਕਿਸੇ ਜਾਨਵਰ ਨੂੰ ਧਾਰਮਿਕ ਅਤੇ ਸਿਆਸੀ ਰੰਗਤ ਦੇ ਕੇ ਜ਼ੁਲਮ ਕਰਨਾਂ ਕਦੇ ਵੀ ਵਾਜਿਬ ਨਹੀਂ ਠਹਿਰਾਇਆ ਜਾ ਸਕਦਾ। ਇਸ ਮਸਲੇ ਤੇ ਬਰਾਬਰਤਾ ਦੇ ਹੱਕਾਂ ਲਈ ਲੜ੍ਹ ਰਹੀਆਂ ਸੰਸਥਾਵਾਂ, ਪਾਰਟੀਆਂ ਅਤੇ ਜਥੇਬੰਦੀਆਂ ਨੂੰ ਇਕਮੁੱਠ ਹੋ ਕੇ ਵਿਰੋਧ ਕਰਨਾ ਚਾਹੀਦਾ ਹੈ ਤਾਂ ਕਿ ਬਹੁ-ਗਿਣਤੀ ਹਿੰਦੂਆਂ ਦੇ ਮਸਲੇ ਨੂੰ ਲੋਕਾਂ ਸਾਹਮਣੇ ਪੇਸ਼ ਕੀਤਾ ਜਾ ਸਕੇ। ਇਹ ਮੰਨੀ ਹੋਈ ਗੱਲ ਹੈ ਕਿ ਜਿਸ ਮੁਲਕ ਵਿਚ ਘੱਟ ਗਿਣਤੀ ਲੋਕ ਬਰਾਬਰਤਾ ਦਾ ਸਲੂਕ ਨਾਂ ਮਾਨਣ, ਉਸ ਮੁਲਕ ਨੂੰ ਸੱਭਿਅਕ ਹੋਣ ਦੀ ਕਸਵੱਟੀ ਤੇ ਠੀਕ ਨਹੀਂ ਸਮਝਿਆ ਜਾਂਦਾ ਅਤੇ ਅੱਜ 2017 ਵਿਚ ਇਹ ਗੱਲ ਭਾਰਤ ਵਰਗੇ ਮੁਲਕਾਂ ਨੂੰ ਸ਼ੋਭਾ ਨਹੀਂ ਦਿੰਦੀ ਕਿ ਗਾਂ-ਰੱਖਿਅਕ ਦਾ ਨਾਂ ਲੈ ਕੇ ਦਲਤਾਂ ਅਤੇ ਮੁਸਲਮਾਨਾਂ ਤੇ ਜ਼ੁਲਮ ਕੀਤੇ ਜਾਣ।

✪✪


## ਵਿਗਿਆਨ ਜੋਤ

✪ ਮੈਂਬਰਸ਼ਿਪ ਫੀਸ ਇੱਕ ਸਾਲ ਲਈ 100/-

✪ ਦੋ ਸਾਲ ਲਈ 150/-

ਹੁਣ ਤੁਸੀਂ ਘਰ ਬੈਠੇ ਵੀ ਵੀਪੀਪੀ ਰਾਹੀਂ 'ਵਿਗਿਆਨ ਜੋਤ' ਮੰਗਵਾ ਸਕਦੇ ਹੋ, ਵਧੇਰੇ ਜਾਣਕਾਰੀ ਲਈ ਫ਼ੋਨ ਨੰਬਰ 01679 241744 'ਤੇ ਸੰਪਰਕ ਕਰੋ।


## ਵਹਿਮੀ ਰਾਜਾ

ਇੱਕ ਰਾਜਾ ਬਹੁਤ ਹੀ ਸਨਕੀ ਕਿਸਮ ਦਾ ਸੀ। ਉਸਨੇ ਮੁਨਿਆਦੀ ਕਰਵਾ ਦਿੱਤੀ ਕਿ "ਕੱਲ੍ਹ ਨੂੰ ਜੰਗਲ ਵਿੱਚ ਪਿਕਨਿਕ ਹੈ। ਸੁਬਹਾ ਹੀ ਸਾਰੇ ਦਰਬਾਰੀ, ਪਰਜਾ ਬੱਚਿਆਂ ਸਮੇਤ ਤਿਆਰ ਹੋਕੇ ਮਹਿਲ ਦੇ ਕੋਲ ਪਹੁੰਚ ਜਾਣ।" ਸਾਰੇ ਲੋਕ ਪਹੁੰਚ ਗਏ, ਰਾਜਾ ਸੱਜ-ਧੱਜ ਕੇ ਰੱਥ ਵਿੱਚ ਆ ਬੈਠਾ। ਇੱਕ ਦਰਬਾਰੀ ਨੇ ਪੁੱਛਿਆ "ਸਾਰੇ ਲੋਕ ਪਿਕਨਿਕ ਮਨਾਉਣ ਕਿਵੇਂ ਜਾਣਗੇ" ਰਾਜੇ ਨੂੰ ਆਪਣੀ ਗਲਤੀ ਦਾ ਅਹਿਸਾਸ ਹੋ ਗਿਆ ਕਿ ਮੈਂ ਪਰਜਾ ਦੇ ਜਾਣ ਲਈ ਕੋਈ ਇੰਤਜ਼ਾਮ ਤਾਂ ਕੀਤਾ ਹੀ ਨਹੀਂ। ਤੁਰੰਤ ਇੱਕ ਮੰਤਰੀ ਬੋਲਿਆ ਸਾਰੇ ਪੈਦਲ ਹੀ ਜਾਣਗੇ ਕਿਉਂਕਿ ਸੈਰ ਕਰਨੀ ਸਿਹਤ ਲਈ ਬਹੁਤ ਲਾਭਦਾਇਕ ਹੁੰਦੀ ਹੈ।

ਪਰਜਾ ਮੂੰਹ ਵਿੱਚ ਗਾਲ੍ਹਾਂ ਕੱਢਦੀ ਹੋਈ ਜੰਗਲ ਵਿੱਚ ਜਾ ਪਹੁੰਚੀ। ਉੱਥੇ ਜਾ ਕੇ ਪਤਾ ਲੱਗਿਆ ਕਿ ਖਾਣੇ ਦਾ ਕੋਈ ਇੰਤਜ਼ਾਮ ਨਹੀਂ। ਫਿਰ ਇੱਕ ਮੰਤਰੀ ਬੋਲਿਆ ਇਹ ਵਰਤ ਵਾਲੀ ਪਿਕਨਿਕ ਹੈ। ਇਹ ਵੀ ਸਿਹਤ ਲਈ ਠੀਕ ਹੁੰਦੀ ਹੈ। ਫਿਰ ਬੱਚਿਆਂ ਨੇ ਪਾਣੀ ਮੰਗ ਲਿਆ ਪਾਣੀ ਵੀ ਨਹੀਂ ਸੀ। ਮੰਤਰੀ ਬੋਲਿਆ 'ਨਿਰਜਲਾ ਵਰਤ' ਹੈ।

ਪਿਛੋਂ ਦਰਬਾਰੀ ਨਾਅਰੇ ਲਾਉਣ ਲੱਗ ਪਏ ਰਾਜੇ ਦੀ ਜੈ, ਰਾਜੇ ਦੀ ਜੈ। ਭੁੱਖੇ ਪਿਆਸੇ ਲੋਕਾਂ ਦੀਆਂ ਚੀਕਾਂ ਦਰਬਾਰੀਆਂ ਦੇ ਨਾਅਰੇ ਵਿੱਚ ਦੱਬ ਗਈਆਂ।

(ਇਸ ਨੋਟਬੰਦੀ ਨਾਲ ਨਾ ਤਾਂ ਕਾਲਾ ਧਨ ਆਏਗਾ ਅਤੇ ਨਾ ਹੀ ਅੱਤਵਾਦ ਖਤਮ ਹੋਵੇਗਾ। ਇਹ ਤਾਂ ਕੈਸਲੈਸ ਇਕਾਨਾਮੀ ਦਾ ਵਾਜਾ ਹੈ। ਵਜਾਓ ਭਗਤੋ।)



# ਧਰਮ ਤੇ ਨਾਸਤਿਕਤਾ ਬਨਾਮ ਇਨਸਾਨੀਅਤ

**ਜਸਵਿੰਦਰ ਸੰਧੂ**
ਤਰਕਸ਼ੀਲ ਸੋਸਾਇਟੀ ਟੋਰਾਂਟੋ



ਪਿੱਛੇ ਜਿਹੇ ਇੱਕ ਪੰਜਾਬੀ ਪ੍ਰੋਗਰਾਮ ਵਿੱਚ ਮੇਰੀ ਇਹ ਸਲਾਹ ਸੁਣ ਕੇ ਕਿ ਜੇ ਧਰਮ ਹੀ ਬੰਦ ਕਰ ਦਿੱਤੇ ਜਾਣ ਜੋ ਰੱਬ ਦੀ ਹੋਂਦ ਦੇ ਅਧਾਰ ਤੇ ਹਨ, ਜਿਸ ਦਾ ਕੋਈ ਸਬੂਤ ਨਹੀਂ ਪੇਸ਼ ਕੀਤਾ ਗਿਆ ਅਤੇ ਨਾ ਹੀ ਕੋਈ ਅਜਿਹਾ ਕਰਨ ਦੀ ਕੋਸ਼ਿਸ਼ ਹੀ ਕਰ ਰਿਹਾ ਹੈ; ਇੱਕ ਵੀਰ ਨੇ ਤੈਸ਼ ਵਿੱਚ ਆ ਕੇ ਤੁਰੰਤ ਕਿਹਾ, "ਅਜਿਹੇ ਨਾਸਤਿਕਾਂ ਕਾਰਨ ਹੀ ਇਨਸਾਨੀਅਤ ਖਤਮ ਹੋ ਰਹੀ ਹੈ। ਇਹਨਾਂ ਦਾ ਕੰਮ ਹੀ ਇਨਸਾਨੀਅਤ ਖਤਮ ਕਰਨਾ ਹੈ। ਇਸ ਨੂੰ ਜੇ ਕੋਈ ਪੁੱਛੇ ਕਿ ਮਾਂ ਦੇ ਦੱਸਣ ਨਾਲ਼ ਹੀ ਇਸ ਨੂੰ ਪਤਾ ਹੈ ਕਿ ਇਸ ਦਾ ਪਿਓ ਕੌਣ ਹੈ?" ਉਹ ਹੋਰ ਵੀ ਕੁੱਝ ਕਹਿਣ ਲਈ ਜਾਂ ਕਹਿ ਲਓ ਗਾਲ੍ਹਾਂ ਕੱਢਣ ਲਈ ਉਤਾਵਲਾ ਸੀ ਕਿ ਰੇਡੀਓ ਹੋਸਟ ਨੇ ਲਾਈਨ ਕੱਟ ਦਿੱਤੀ। ਉਸ ਹੋਸਟ ਨੇ ਮੇਰੀ ਗੱਲ ਵੀ ਪੂਰੀ ਨਹੀਂ ਹੋਣ ਦਿੱਤੀ ਸੀ। ਇਹ ਉਸਦੀ ਆਪਣੀ ਕੋਈ ਮਜ਼ਬੂਰੀ ਹੋਏਗੀ। ਪਰ ਮੈਂ ਇਸ ਵੀਰ ਨੂੰ ਅਤੇ ਹੋਰ ਸਭ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਮਾਂ ਦੇ ਬਗੈਰ ਦੱਸਣ ਤੋਂ ਵੀ ਪਤਾ ਲਾਇਆ ਜਾ ਸਕਦਾ ਹੈ ਕਿ ਅਸੀਂ ਕਿਸ ਦੀ ਔਲਾਦ ਹਾਂ।

ਕੋਈ 33 ਕੁ ਸਾਲ ਪਹਿਲਾਂ ਸਾਨੂੰ ਐੱਮ. ਐੱਸ ਸੀ. ਦੀ ਕਲਾਸ ਵਿੱਚ ਇੱਕ ਸਪੈਸ਼ਲ ਲੈਕਚਰ ਵਿੱਚ ਇੱਕ ਫੌਰੈਂਸਿਕ ਸਾਇੰਸ ਦੇ ਵਿਗਿਆਨੀ ਨੇ ਇਹ ਦੱਸਿਆ ਸੀ ਕਿ ਉਹ ਕਨੂੰਨੀ ਮਾਮਲਿਆਂ ਲਈ ਕਿਸ ਤਰ੍ਹਾਂ ਇਹ ਕੰਮ ਕਰਦੇ ਹਨ। ਉਹਨਾਂ ਵਿੱਚੋਂ ਕੁੱਝ ਕੁ ਤਾਂ ਸਾਨੂੰ ਸਭ ਨੂੰ ਪਤਾ ਹਨ; ਜਿਵੇਂ ਕਿ ਬੱਚਾ ਆਪਣੇ ਪਿਤਾ ਵਰਗਾ ਦਿਸਦਾ ਹੈ। ਉਸਦੇ ਨੱਕ, ਬੁੱਲ੍ਹ, ਕੰਨ, ਪੂਰੇ ਚਿਹਰੇ ਆਦਿ ਨਾਲ਼ ਹੀ ਪਤਾ ਲੱਗ ਜਾਂਦਾ ਹੈ ਕਿ ਕਿਸਦਾ ਬੱਚਾ ਹੈ। ਵੈਸੇ ਉਹਨਾਂ ਸਾਇੰਸਦਾਨਾਂ ਕੋਲ਼ ਤਾਂ ਕਾਫ਼ੀ ਨੁਸਖੇ ਸਨ, ਇਸ ਪਛਾਣ ਲਈ। ਪਰ ਇਹ ਤਾਂ 33 ਸਾਲ ਪਹਿਲਾਂ ਦੀ ਗੱਲ ਹੈ, ਹੁਣ ਤਾਂ ਹੋਰ ਵੀ ਬਹੁਤ ਵਧੀਆ ਤਰੀਕੇ ਵਿਕਸਤ ਕਰ ਲਏ ਗਏ ਹਨ। ਜੇ ਉਸ ਵੀਰ ਨੂੰ ਜਾਂ ਕਿਸੇ ਹੋਰ ਨੂੰ ਅਜਿਹੀ ਲੋੜ ਪਵੇ ਤਾਂ ਆਪਣਾ ਤੇ ਆਪਣੇ ਪਿਓ ਦਾ ਡੀ.ਐੱਨ.ਏ. ਮੈਚ ਕਰਵਾ ਕੇ ਦੇਖ ਸਕਦਾ ਹੈ। ਇਹ ਸੌ ਫ਼ੀ ਸਦੀ (100%) ਸਹੀ ਤਰੀਕਾ ਹੈ। ਮਤਲਬ ਇੰਨਾ ਹੈ ਕਿ ਚੀਜਾਂ ਜਾਂ ਵਰਤਾਰਿਆਂ ਦੇ ਸਬੂਤ ਲੱਭੇ ਜਾ ਸਕਦੇ ਹਨ, ਸਿਰਫ਼ ਵਹਿਮਾਂ ਜਾਂ ਭਰਮ-ਭੁਲੇਖਿਆਂ ਦੇ ਨਹੀਂ। ਰੱਬ ਵੀ ਅਜਿਹੇ ਹੀ ਇੱਕ ਵਹਿਮ ਦਾ ਨਾਂ ਹੈ।

ਅਗਲੀ ਗੱਲ ਜੋ ਜ਼ਿਆਦਾ ਜ਼ਰੂਰੀ ਹੈ ਉਹ ਹੈ ਕਿ ਉਸ ਵੀਰ ਨੂੰ ਫਿਕਰ ਹੈ ਕਿ ਮੇਰੇ ਵਰਗੇ ਨਾਸਤਕ ਜਾਂ ਕਾਮਰੇਡ (ਉਸ ਮੁਤਾਬਿਕ) ਇਨਸਾਨੀਅਤ ਖਤਮ ਕਰਨ ਲਈ ਕੰਮ ਕਰ ਰਹੇ ਹਨ। ਵੈਸੇ ਵੀਰ ਜੀ ਇਸ ਤੋਂ ਬਿਲਕੁਲ ਉਲਟ ਅਸੀਂ ਇਨਸਾਨੀਅਤ ਬਚਾਉਣ ਦੀ ਜੱਦੋਜਹਿਦ `ਚ ਰੁੱਝੇ ਹੋਏ ਹਾਂ। ਜੋ ਲੋਕ ਧਰਮ ਦੇ ਨਾਂਵਾਂ ਤੇ ਵੰਡੀਆਂ ਪਾ ਕੇ ਆਪਣਾ ਕੰਮ ਕੱਢਦੇ ਹਨ, ਅਸੀਂ ਉਹਨਾਂ ਦਾ ਪਰਦਾਫਾਸ਼ ਕਰਨ ਦੀ ਕੋਸ਼ਿਸ਼ ਵਿੱਚ ਹਾਂ। ਕੀ ਧਾਰਮਿਕ ਹੋਣਾ ਇਨਸਾਨੀਅਤ ਦੀ ਗਰੰਟੀ ਹੈ? ਉਸ ਵੀਰ ਦੀ ਗੱਲ ਹੀ ਲੈ ਲਵੋ ਜੋ ਆਪਣੇ ਆਪ ਨੂੰ ਧਾਰਮਿਕ ਕਹਿੰਦਾ ਹੋਇਆ ਮੇਰੀ ਮਾਂ ਨੂੰ ਰੇਡੀਓ ਸ਼ੋਅ ਵਿੱਚ ਗਾਲ਼ ਕੱਢ ਕੇ ਗੱਲ ਕਰਦਾ ਸੀ। ਪਰ ਮੈਂ ਫਿਰ ਵੀ ਉਸ ਨੂੰ ਕੋਈ ਗਾਲ਼ ਨਹੀਂ ਕੱਢੀ ਸਗੋਂ ਹੋਸਟ ਨੂੰ ਫੋਨ ਕਰਕੇ ਇਸ ਵਿਸ਼ੇ ਤੇ ਟਾਕ-ਸ਼ੋਅ ਕਰਨ ਦਾ ਸੁਝਾਅ ਦਿੱਤਾ, ਜੋ ਉਸ ਨੇ ਮੰਨ ਲਿਆ ਸੀ। ਹੁਣ ਸਾਡੇ ਵਿੱਚੋਂ (ਧਾਰਮਿਕ ਤੇ ਨਾਸਤਿਕ ਵਿੱਚੋਂ) ਕੌਣ ਜ਼ਿਆਦਾ ਇਨਸਾਫ਼ ਪਸੰਦ ਜਾਂ ਇਨਸਾਨੀਅਤ ਦੇ ਨੇੜੇ ਸੀ ਕਿਸੇ ਨੂੰ ਦੱਸਣ ਦੀ ਲੋੜ ਨਹੀਂ ਹੈ।

ਕੀ ਧਰਮ ਜਾਂ ਨਾਸਤਿਕਤਾ ਇਨਸਾਨੀਅਤ ਦੀ ਗਰੰਟੀ ਹੋ ਸਕਦੇ ਹਨ?

ਇਹ ਸਵਾਲ ਬੁਰਾ ਨਹੀਂ ਹੈ, ਸਗੋਂ ਇਸ ਬਾਰੇ ਲਿਖਣ ਦਾ ਖਿਆਲ ਹੀ ਉਸ ਵੀਰ ਦੇ ਪੁੱਠੇ ਜਵਾਬ ਤੋਂ ਬਾਅਦ ਆਇਆ ਸੀ। ਇਨਸਾਨੀਅਤ ਦੀ ਪਰਿਭਾਸ਼ਾ ਵੀ ਦੇ ਲੈਣੀ ਚਾਹੀਦੀ ਹੈ ਤਾਂ ਜੋ ਇਹ ਭੁਲੇਖਾ ਨਾ ਰਹੇ ਕਿ ਗੱਲ ਦਾ ਦਾਇਰਾ ਕੀ ਹੈ। ਅਸੀਂ ਇਨਸਾਨੀਅਤ ਮਨੁੱਖ ਦੇ ਅਜਿਹੇ ਉਸ ਵਿਹਾਰ ਨੂੰ ਕਹਾਂਗੇ ਜੋ ਕਿਸੇ ਹੋਰ ਨੂੰ ਬੇਵਜ੍ਹਾ ਤੰਗ ਨਾ ਕਰੇ ਤੇ ਆਪਣੇ ਵਿੱਤ ਮੁਤਾਬਿਕ ਸਮਾਜ ਦੇ ਭਲੇ ਲਈ ਕੰਮ ਕਰੇ। ਹੁਣ ਕੀ ਹਰ ਇੱਕ ਧਾਰਮਿਕ ਜਾਂ ਆਸਤਿਕ ਵਧੀਆ ਇਨਸਾਨ ਹੈ? ਇਸ ਸਵਾਲ ਦਾ ਸਿੱਧਾ ਜਵਾਬ ਹੈ, ਨਹੀਂ। ਪਰ ਹੋ ਜ਼ਰੂਰ ਸਕਦਾ ਹੈ, ਇਹ ਵੀ ਠੀਕ ਹੈ ਕਿ ਘੱਟੋ-ਘੱਟ ਸੰਭਾਵੀ ਤੌਰ ਤੇ ਜਾਂ ਕਹਿ ਲਓ ਕਿ ਖਿਆਲਾਂ ਵਿੱਚ ਰੱਬ ਦਾ ਡਰ ਇਨਸਾਨ ਨੂੰ ਸਿੱਧੇ ਰਸਤੇ ਤੇ ਰੱਖ ਸਕਦਾ ਹੈ। ਇਸ ਦਾ ਕਾਰਨ ਇਹ ਸਮਝਿਆ ਜਾਂਦਾ ਹੈ ਕਿ ਰੱਬ ਹਰ ਥਾਂ ਤੇ ਇਨਸਾਨ ਨੂੰ ਦੇਖਦਾ ਰਹਿੰਦਾ ਹੈ ਇਸ ਲਈ ਇਹ ਹੀ ਉਸ ਦੇ ਸਿੱਧੇ ਰਸਤੇ ਤੇ ਰਹਿਣ ਦੀ ਗਰੰਟੀ ਹੋ ਸਕਦੀ ਹੈ। ਇਹ ਵਿਚਾਰ ਕਾਫ਼ੀ ਵਧੀਆ ਹੈ, ਪਰ ਇਹ ਦੇਖਣ ਦੀ ਲੋੜ ਹੈ ਕਿ ਅਸਲ ਜ਼ਿੰਦਗੀ ਵਿੱਚੋਂ ਇਸ ਵਿਚਾਰ ਦੀ ਕਿੰਨੀ ਕੁ ਪਰੋੜ੍ਹਤਾ ਹੁੰਦੀ ਹੈ। ਜੇ ਤਾਂ ਗੁਰੂਆਂ, ਪੈਗੰਬਰਾਂ, ਮਹਾਤਮਾਵਾਂ ਆਦਿ ਦੀ ਹੀ ਗੱਲ ਕਰਨੀ ਹੈ ਤਾਂ ਇਸ ਵਿੱਚ ਕੋਈ ਦੋ ਰਾਵਾਂ ਨਹੀਂ ਕਿ ਇਹ ਧਾਰਮਿਕ ਇਨਸਾਨ ਬਹੁਤ ਵਧੀਆ ਇਨਸਾਨੀ ਕਦਰਾਂ ਕੀਮਤਾਂ ਵਾਲ਼ੇ ਸਨ। ਪਰ ਕੀ ਉਹਨਾਂ ਦੇ ਚਲਾਏ ਧਰਮਾਂ ਨੇ ਵੀ ਉਹਨਾਂ ਦੇ ਚੇਲਿਆਂ ਵਿੱਚ ਉਹੀ ਕਦਰਾਂ ਕੀਮਤਾਂ ਬਰਕਰਾਰ ਰੱਖੀਆਂ ਹੋਈਆਂ ਹਨ?

ਇਸ ਦੀ ਇੱਕ ਉਦਾਹਰਣ ਤਾਂ ਤਾਜ਼ੀ ਹੀ ਦੇਖੀ ਜਾ ਸਕਦੀ ਹੈ ਜੋ ਦੋ ਸਤਿਕਾਰਿਤ ਸਿੱਖ ਧੜਿਆਂ ਦੀ ਹੈ। ਇੱਕ ਪਾਸੇ ਹਨ ਅੱਜ ਕੱਲ ਦੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਾਲ਼ੇ ਸਮੇਤ ਸਾਰੇ ਤਖਤਾਂ ਦੇ ਜਥੇਦਾਰਾਂ ਦੇ, ਅਤੇ ਦੂਜੇ ਪਾਸੇ ਹਨ ਅਕਾਲ ਤਖਤ ਦੇ ਸਾਬਕਾ ਜਥੇਦਾਰ ਸਣੇ ਦਿੱਲੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਨਾ ਸਾਹਿਬ ਤੇ ਉਹਨਾਂ ਦੇ ਸਾਥੀਆਂ ਸਮੇਤ। ਦੋਨੋਂ ਹੀ ਇੱਕ ਦੂਜੇ ਤੇ ਦੂਸ਼ਣ ਲਾ ਰਹੇ ਹਨ। ਵੀਹ ਜਨਵਰੀ ਦੀ ਪ੍ਰੋ. ਦਰਸ਼ਨ ਸਿੰਘ ਤੇ ਹਮਲਾ ਕੀਤੇ ਜਾਣ ਦੀ ਖਬਰ ਨੇ ਤਾਂ ਹੈਰਾਨ ਹੀ ਕਰ ਦਿੱਤਾ। ਇੱਕ ਧਾਰਮਿਕ ਸਿੱਖ ਗਰੁੱਪ ਵੱਲੋਂ ਉਨ੍ਹਾਂ ਤੇ ਤਲਵਾਰਾਂ ਆਦਿ ਨਾਲ਼ ਵਾਰ ਕਰਨ ਦੀ ਕੋਸ਼ਿਸ਼ ਕੀਤੀ ਗਈ। ਕਮਾਲ ਹੈ, ਸਿਰਫ਼ ਕਿਸੇ ਦੇ ਵਿਚਾਰਾਂ ਕਾਰਨ ਵੀ ਉਸ ਨੂੰ ਮੌਤ ਦੀ ਘਾਟ ਉਤਾਰਿਆ ਜਾ ਸਕਦਾ ਹੈ। ਪਰ ਮੈਂ ਹੀ ਭੁੱਲ ਰਿਹਾ ਹਾਂ। ਇਹ ਸਿਰਫ਼ ਇੱਕ ਧਾਰਮਿਕ ਕਾਰਾ ਹੀ ਹੋ ਸਕਦਾ ਹੈ ਨਾਸਤਿਕ ਨਹੀਂ। ਦੂਜੇ ਪਾਸੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮੱਕੜ ਸਾਹਿਬ ਨੇ ਪ੍ਰੋ. ਦਰਸ਼ਨ ਸਿੰਘ ਤੇ ਇਸ ਹਮਲੇ ਦੀ ਨਿੰਦਾ ਕਰਨ ਦੀ ਥਾਂ ਇਸ ਨੂੰ 'ਰੱਬ

ਦੀ ਰਜ਼ਾ’ ਵਰਗੇ ਘਿਨਾਉਣੇ ਸ਼ਬਦਾਂ ਨਾਲ਼ ਇਸ ਹਮਲੇ ਦੀ ਸਰਾਹਨਾ ਕੀਤੀ ਹੈ। ਅਜਿਹੇ ਹਨ ਕਾਰਨਾਮੇ ਰੱਬ ਨੂੰ ਮੰਨ ਕੇ ਧਰਮ ਦੇ ਰਾਹ ਤੇ ਚੱਲਣ ਵਾਲ਼ਿਆਂ ਦੇ। ਕੀ ਭਗਤ ਸਿੰਘ ਤੇ ਸੁਖਦੇਵ (ਜੋ ਨਾਸਤਿਕ ਸਨ) ਵਰਗੇ ਸ਼ਹੀਦਾਂ ਬਾਰੇ ਅਜਿਹੀ ਕੋਈ ਵੀ ਘਟਨਾ ਦੱਸ ਸਕਦੇ ਹੋ? ਇਹ ਤਾਜ਼ਾ ਉਦਾਹਰਣ ਤਾਂ ਫਿਰ ਵੀ ਸ਼ਾਇਦ ਕਿਸੇ ਨੂੰ ਗ਼ਲਤ ਨਾ ਲੱਗੇ, ਪਰ ਸ਼੍ਰੋਮਣੀ ਗੁਰਦਵਾਰਾ ਕਮੇਟੀ ਦੇ ਕਾਰਕੁੰਨਾਂ ਵੱਲੋਂ ਕਮੇਟੀ ਦੀਆਂ ਚੋਣਾਂ ਸਮੇਂ ਵੋਟਰਾਂ ਨੂੰ ਘਰੋ-ਘਰੀਂ ਨਸ਼ੇ (ਸ਼ਰਾਬ, ਅਫੀਮ, ਡੋਡੇ, ਭੁੱਕੀ ਆਦਿ) ਸਪਲਾਈ ਕਰਨ ਬਾਰੇ ਤਕਰੀਬਨ ਹਰ ਕੋਈ ਜਾਣਦਾ ਹੈ। ਅਜਿਹੇ ਕੁਕਰਮਾਂ ਨੂੰ ਤਾਂ ਕੋਈ ਵੀ ਠੀਕ ਨਹੀਂ ਕਹਿ ਸਕਦਾ। ਧਰਮ ਦੀ ਸੇਧ ਜਾਂ ਰੱਬ ਦਾ ਡਰ (ਜੋ ਧਰਮ ਦੇ ਵੱਡੇ ਨੁਕਤੇ ਹਨ) ਕੋਈ ਵੀ ਇਨ੍ਹਾਂ ਧਾਰਮਿਕ ਲੀਡਰਾਂ ਨੂੰ ਨੱਥ ਨਹੀਂ ਪਾ ਸਕਦਾ। ਕੀ ਇਹ ਹੈ ਇਨਸਾਨੀਅਤ, ਜਿਸ ਦੀ ਧਰਮ ਤੋਂ ਆਸ ਰੱਖੀ ਜਾਂਦੀ ਹੈ? ਵੈਸੇ ਇਹ ਤਾਂ ਸਿਰਫ਼ ਨਮੂਨੇ ਹੀ ਹਨ, ਜੇ ਇਸ ਨੂੰ ਫਰੋਲੋਂਗੇ ਤਾਂ ਇਸ ਦੀ ਡੂੰਘਾਈ ਤੋਂ ਬੌਂਦਲ਼ ਜਾਓਗੇ।

ਇਹ ਨਾ ਸਮਝਣਾ ਕਿ ਇਹ ਸਭ ਕੁੱਝ ਸਿੱਖ ਧਰਮ ਵਿੱਚ ਹੀ ਹੋ ਰਿਹਾ ਹੈ। ਬਾਕੀ ਸਭ ਧਰਮਾਂ ਵਾਲ਼ੇ ਸਿੱਖ ਧਰਮ ਵਾਲ਼ਿਆਂ ਨਾਲ਼ੋਂ ਕਿਸੇ ਤਰ੍ਹਾਂ ਵੀ ਪਿੱਛੇ ਨਹੀਂ ਹਨ। ਹਿੰਦੂ ਧਾਰਮਿਕ ਜਥੇਬੰਦੀਆਂ ਸ਼ਿਵ ਸੈਨਾ, ਬਜਰੰਗ ਦਲ, ਰ.ਸ.ਸ., ਮਹਾਰਾਸ਼ਟਰ ਨਿਰਵਾਣ ਸੈਨਾ ਆਦਿ ਸਭ ਰਲ਼ ਮਿਲ ਕੇ ਇਹੋ ਕੁੱਝ ਕਰ ਰਹੀਆਂ ਹਨ। ਇਨ੍ਹਾਂ ਦੇ ਧਾਰਮਿਕ ਕਾਰਨਾਮਿਆਂ ਵਿੱਚ ਬਾਬਰੀ ਮਸਜਿਦ (ਜੋ ਇੱਕ ਧਾਰਮਿਕ ਇਮਾਰਤ ਸੀ) ਦਾ ਢਾਹੁਣਾ, ਗੁਜਰਾਤ ਵਿੱਚ ਮੁਸਲਮਾਨ ਮਾਰੂ ਦੰਗੇ ਕਰਨਾ, ਮਾਲੇਗਾਓਂ ਵਿੱਚ ਬੰਬ ਚਲਾ ਕੇ ਲੋਕ ਮਾਰਨੇ ਜਾਂ ਹੋਰ ਅਜਿਹੇ ਕਾਰਜ ਕਰਨੇ ਸ਼ਾਮਿਲ ਹਨ। ਚੌਵੀ ਘੰਟੇ ਸ਼ਾਕਾਹਾਰੀ ਹੋਣ ਦਾ ਹੋਕਾ ਦੇਣ ਵਾਲ਼ੇ ਇਹ ਲੋਕ ਧਾਰਮਿਕ ਕੰਮਾਂ ਲਈ ਬੱਚਿਆਂ ਤੱਕ ਦੀ ‘ਕੁਰਬਾਨੀ’ ਦੇਣ ਤੋਂ ਵੀ ਬਾਜ ਨਹੀਂ ਆਉਂਦੇ।

ਹੁਣ ਜ਼ਰਾ ਇਸਲਾਮ ਦੇ ਕਾਰਕੁੰਨਾਂ ਦੇ ਨਮੂਨੇ ਵੀ ਦੇਖ ਲਈਏ। ਅੱਜ ਤੱਕ ਹਿੰਦੁਸਤਾਨ ਦਾ ਸਭ ਤੋਂ ਜ਼ਾਲਿਮ ਸ਼ਹਿਨਸ਼ਾਹ ਔਰੰਗਜ਼ੇਬ ਮੰਨਿਆ ਜਾਂਦਾ ਹੈ, ਪਰ ਨਾਲ਼ ਇਹ ਵੀ ਤਕਰੀਬਨ ਸਭ ਜਾਣਦੇ ਹਨ ਕਿ ਇਸਲਾਮ ਦੇ ਨਿਯਮਾਂ ਅਨੁਸਾਰ ਉਹ ਸਭ ਤੋਂ ਧਾਰਮਿਕ ਰਾਜਾ ਸੀ। ਉਸ ਨੇ ਕੋਈ ਨਮਾਜ਼ ਨਹੀਂ ਛੱਡੀ ਤੇ ਆਪਣੀ ਰੋਟੀ ਆਪਣੇ ਹੱਥੀਂ ਲਿਖੀ ਹੋਈ ਕੁਰਾਨ ਸ਼ਰੀਫ਼ ਵੇਚ ਕੇ ਮਿਲੇ ਪੈਸਿਆਂ ਨਾਲ਼ ਖਾਂਦਾ ਸੀ। ਇੱਕ ਇੱਡੇ ਵੱਡੇ ਮੁਲਕ ਦਾ ਸ਼ਹਿਨਸ਼ਾਹ ਇੰਨਾ ਨਿੰਮੋਝੂਣਾ ਵੀ ਸੀ ਆਪਣੇ ਧਰਮ ਲਈ, ਪਰ ਦੂਜਿਆਂ ਦੇ ਧਰਮਾਂ ਲਈ ਉਹ ਜੱਲਾਦ ਸੀ। ਗੁਰੂ ਗੋਬਿੰਦ ਸਿੰਘ ਦੇ ਛੋਟੇ ਸਾਹਿਬਜ਼ਾਦਿਆਂ ਦੀ ਦਰਦਨਾਕ ਸ਼ਹੀਦੀ ਵੀ ਉਸ ਦੇ ਹੁਕਮਾਂ ਥੱਲੇ ਹੀ ਹੋਈ ਸੀ। ਅੱਜ ਜ਼ਿਹਾਦ ਦੇ ਨਾਂ ਹੇਠ ਛੋਟੇ ਛੋਟੇ ਬੱਚਿਆਂ ਨੂੰ ਗੁੰਮਰਾਹ ਕਰਕੇ ਆਤਮਘਾਤੀ ਹਮਲਾਵਰ ਬਣਾਇਆ ਜਾ ਰਿਹਾ ਹੈ ਜੋ ਆਪਣੇ ਬੱਚਿਆਂ ਤੇ ਮਾਸੂਮ ਲੋਕਾਂ ਦੀਆਂ ਜਿੰਦਗੀਆਂ ਨਾਲ਼ ਖਿਲਵਾੜ ਹੈ। ਕੀ ਇਹ ਹੈ ਇਨਸਾਨੀਅਤ ਜੋ ਧਰਮ ਸਿਖਾ ਰਿਹਾ ਹੈ?

ਜ਼ਰਾ ਠਹਿਰੋ, ਕਿਤੇ ਤੁਹਾਨੂੰ ਇਹ ਭੁਲੇਖਾ ਨਾ ਪੈ ਜਾਵੇ ਕਿ ਇਸਾਈ ਧਰਮ (ਕਰਿਸਚੈਨਿਟੀ) ਇਸ ਪੱਖੋਂ ਵਧੀਆ ਹੋਊ। ਉਸ ਦੇ ‘ਕਾਰਨਾਮੇ’ ਤਾਂ ਬਾਕੀਆਂ ਨਾਲ਼ੋਂ ਵੀ ਅੱਗੇ ਹਨ। ਕੌਪਰਨੀਕਸ, ਬਰੂਨੋ, ਗਲੀਲੀਓ ਜਾਂ ਗੈਲੀਲਾਇਓ ਬਗੈਰਾ ਸੈਂਕੜੇ ਸਾਇੰਸਦਾਨਾਂ ਨੂੰ ਚਰਚ ਦੇ ਧਾਰਮਿਕ ਕਾਨੂੰਨਾਂ ਮੁਤਾਬਿਕ ਮੌਤ ਦੇ ਘਾਟ ਉਤਾਰ ਦਿੱਤਾ। ਇਨ੍ਹਾਂ ਸਾਰਿਆਂ ਦਾ ਕਸੂਰ ਕੀ ਸੀ? ਇਨ੍ਹਾਂ ਨੇ ਨਵੀਆਂ ਖੋਜ਼ਾਂ ਕਰਕੇ ਇਹ ਕਹਿਣ ਦੀ ਜ਼ੁਰਅਤ ਕੀਤੀ ਸੀ ਕਿ ਬਾਈਬਲ ਜੋ ਕਹਿ ਰਹੀ ਹੈ ਉਹ ਸਭ ਠੀਕ ਨਹੀਂ ਹੈ। ਇਨ੍ਹਾਂ ਸਾਰੇ ਚੋਟੀ ਦੇ ਚਿੰਤਕਾਂ ਨੂੰ ਮਾਰ ਮੁਕਾਉਣਾ ਇਸ ਧਰਮ ਦੇ ਮਹਾਨ ਕਾਰੇ ਹਨ। ਕੀ ਇਹ ਹੈ ਇਨਸਾਨੀਅਤ ਜੋ ਧਰਮ ਸਿਖਾਉਂਦਾ ਹੈ?

ਇਹ ਤਾਂ ਕੁੱਝ ਗੱਲਾਂ ਹੀ ਹਨ। ਹਰ ਰੋਜ਼ ਹਰ ਧਰਮ ਦੇ ਪੈਰੋਕਾਰਾਂ ਦੇ ਜੋ ਕਿੱਸੇ ਸੁਣਨ-ਪੜ੍ਹਨ ਨੂੰ ਮਿਲਦੇ ਹਨ, ਉਹ ਕਿਸੇ ਵੀ ਤਰ੍ਹਾਂ ਘੱਟ ਘਿਰਣਾਯੋਗ ਨਹੀਂ ਹਨ। ਚਰਚਾਂ, ਗੁਰਦਵਾਰਿਆਂ, ਮੰਦਿਰਾਂ ਤੇ ਮਸਜਿਦਾਂ ਵਿੱਚ ਬੱਚਿਆਂ ਨਾਲ਼ ਬਦਫੈਲੀਆਂ ਤੇ ਔਰਤਾਂ ਨਾਲ਼ ਬਲਾਤਕਾਰਾਂ ਦੇ ਕਿੱਸੇ ਹਰ-ਰੋਜ਼ ਅਖਬਾਰਾਂ ਦੀਆਂ ਸੁਰਖੀਆਂ ਬਣਦੇ ਹਨ। ਕੀ ਧਰਮ ਉਨ੍ਹਾਂ ਨੂੰ ਸਿੱਧੇ ਰਾਹ ਤੇ ਰੱਖਦਾ ਹੈ? ਜਾਂ ਕੀ ਇਹੀ ਹੁੰਦੀ ਹੈ ਇਨਸਾਨੀਅਤ, ਜਿਸਦੀ ਉਹ ਵੀਰ ਮੇਰੀ ਮਾਂ ਨੂੰ ਗਾਲ਼ ਕੱਢ ਕੇ ਵਕਾਲਤ ਕਰਦਾ ਸੀ।

ਇਹ ਸਾਰੀਆਂ ਮੋਟੀਆਂ ਮੋਟੀਆਂ ਉਦਾਹਰਣਾਂ ਦੇ ਕੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਕੋਈ ਧਰਮ ਕਿਸੇ ਵੀ ਤਰ੍ਹਾਂ ਦੀ ਗਰੰਟੀ ਨਹੀਂ ਹੈ ਕਿਸੇ ਵਧੀਆ ਇਨਸਾਨੀ ਵਤੀਰੇ ਦੀ। ਇਹ ਇਨਸਾਨੀ ਕਦਰਾਂ ਕੀਮਤਾਂ ਧਰਮਾਂ ਦੀਆਂ ਕਿਤਾਬਾਂ ਵਿੱਚ ਵੀ ਦਰਜ਼ ਹਨ, ਪਰ ਅਸੀਂ ਇਹ ਆਪਣੇ ਪਰਿਵਾਰਾਂ ਵਿੱਚੋਂ ਵੀ ਸਿੱਖਦੇ ਹਾਂ। ਅਸਲ ਵਿੱਚ ਸਹਿਣਸ਼ੀਲ ਕਦਰਾਂ ਕੀਮਤਾਂ ਦੀ ਸਾਨੂੰ ਆਮ ਜ਼ਿੰਦਗੀ ਜੀਣ ਲਈ ਜ਼ਰੂਰਤ ਹੈ, ਇਸ ਲਈ ਅਸੀਂ ਇਹ ਨਿਯਮ ਸਿੱਖਦੇ ਹਾਂ। ਜੇ ਨਾ ਮੰਨਦੇ ਹੁੰਦੇ ਤਾਂ ਸਾਡਾ ਸਮਾਜ ਬਣਨਾ ਹੀ ਨਹੀਂ ਸੀ ਤੇ ਇਨਸਾਨੀ ਨਸਲ ਹੀ ਕੁਦਰਤੀ ਆਫਤਾਂ ਦਾ ਸ਼ਿਕਾਰ ਹੋ ਕੇ ਖਤਮ ਹੋ ਚੁੱਕੀ ਹੁੰਦੀ। ਅੱਜ ਕੱਲ੍ਹ ਸਰਕਾਰੀ ਕਨੂੰਨ ਵੀ ਇੱਕ ਤਰ੍ਹਾਂ ਦੀ ਔਸਤ ਇਨਸਾਨੀਅਤ ਦੀ ਗਾਰੰਟੀ ਲਈ ਹੀ ਹਨ। ਜੇ ਕੋਈ ਇਸ ਚੀਜ਼ ਦੀ ਉਲੰਘਣਾ ਕਰਦਾ ਹੈ ਤਾਂ ਉਸ ਨੂੰ ਪੁਲਿਸ ਚਾਰਜ ਕਰਕੇ ਕੋਰਟ ਵਿੱਚ ਲੈ ਜਾਂਦੀ ਹੈ, ਜਿੱਥੇ ਉਸ ਨੂੰ ਅਜਿਹਾ ਕਰਨ ਲਈ ਸਜ਼ਾ ਦਿੱਤੀ ਜਾਂਦੀ ਹੈ ਤੇ ਬਾਕੀ ਦਿਆਂ ਨੂੰ ਅਜਿਹਾ ਨਾ ਕਰਨ ਲਈ ਸਬਕ ਮਿਲਦਾ ਹੈ। ਸੋ ਵੀਰੋ ਤੇ ਭੈਣੋ ਆਪਣਾ ਦਿਮਾਗ ਵਰਤੋ, ਸਿਰਫ਼ ਕਿਸੇ ਦੀ ਕਹੀ ਜਾਂ ਲਿਖੀ ਹੋਈ ਗੱਲ ਤੇ ਭਰੋਸਾ ਨਾ ਕਰੋ। ਜੇ ਤੁਹਾਨੂੰ ਗੱਲ ਆਪਣੀ ਸਮਝ ਤੋਂ ਬਾਹਰ ਲਗਦੀ ਹੈ, ਜ਼ਰੂਰੀ ਨਹੀਂ ਉਹ ਸੱਚੀ ਹੀ ਹੈ। ਅਜਿਹੇ ਵਿਚਾਰਾਂ ਬਾਰੇ ਹੋਰ ਪੜ੍ਹੋ ਅਤੇ ਆਪਣੇ ਦੋਸਤਾਂ ਨਾਲ਼ ਵਿਚਾਰੋ। ਜੋ ਗੱਲ ਮਨ ਨੂੰ ਠੀਕ ਲੱਗੇ ਤੇ ਤਰਕ ਨਾਲ਼ ਵੀ ਠੀਕ ਹੋਵੇ ਉਹੀ ਠੀਕ ਹੋ ਸਕਦੀ ਹੈ। ✪

## ਅਲਬਰਟ ਆਈਨਸਟਾਈਨ/ –ਮਨਜੀਤ ਸੁਮਲ

Albert Einstein

E = Mc2

E = Energy

M = Mass

C = Velocity Of Light (Constant) ਦੀ ਰੱਬ ਵਾਰੇ ਇੱਕ ਥਿਊਰੀ:

ਮਤਲਬ ਉਹ ਕਹਿੰਦੇ ਹਨ ਕਿ ਜੇਕਰ Mass (ਪੁੰਜ) ਸਿਰਫ਼ (0) ਹੈ ਤਾਂ Energy (ਊਰਜਾ) ਵੀ ਲਾਜ਼ਮੀ ਸਿਫ਼ਰ ਹੋਵੇਗੀ. Mass ਜੇ ਹੈ ਤਾਂ Energy ਹੋ ਸਕਦੀ ਹੈ।

ਪਰ ਜਿਹੜੇ ਲੋਕ ਪਰਮਾਤਮਾ ਨੂੰ ਮੰਨਦੇ ਹਨ, ਓਹਨਾਂ ਅਨੁਸਾਰ ਪਰਮਾਤਮਾ ਦਾ ਕੋਈ ਰੰਗ ਰੂਪ ਨਹੀਂ ਹੈ।

Einstein ਕਹਿੰਦਾ ਹੈ ਕਿ, “ਜੇ ਪਰਮਾਤਮਾ ਦਾ ਕੋਈ ਰੰਗ ਰੂਪ ਨਹੀਂ ਹੈ ਭਾਵ ਪਰਮਾਤਮਾ ਕਿਸੇ Body, Shape, Mass ਦੀ ਸ਼ਕਲ ਵਿੱਚ ਨਹੀਂ ਹੈ ਤਾਂ ਉਸਦਾ ਮਤਲਬ Energy ਸ਼ਕਤੀ ਵੀ ਜ਼ੀਰੋ ਹੀ ਹੋਵੇਗੀ.”

Einstein ਪੁੱਛਦਾ ਹੈ ਕਿ “ਪਰਮਾਤਮਾ ਸਰਬਸ਼ਕਤੀਮਾਨ ਕਿਵੇਂ ਹੋਇਆ?”


ਸੂ
ਚ
ਨਾ

ਸਾਲ 2003, 2004, 2005, 2006, 2007, 2008, 2009, 2010, 2011 ਅਤੇ 2012 ਦੀਆਂ ਮੈਗਜ਼ੀਨ ‘ਵਿਗਿਆਨ ਜੋਤ’ ਦੀਆਂ ਫਾਈਲਾਂ ਸਾਡੇ ਕੋਲ ਉਪਲੱਬਧ ਹਨ। ਛੇ-ਛੇ ਮੈਗਜ਼ੀਨਾਂ ਦੀ ਇੱਕ ਫਾਈਲ ਸਿਰਫ 50 ਰੁਪਏ ਅਤੇ ਦੋ ਸਾਲ ਦੀਆਂ ਫਾਈਲਾਂ 90 ਰੁਪਏ ਵਿੱਚ ਤਿੰਨ ਸਾਲਾਂ ਦੀਆਂ ਫਾਈਲਾਂ 130 ਰੁਪਏ ਅਤੇ ਚਾਰ ਸਾਲ ਦੀਆਂ ਫਾਈਲਾਂ 160 ਰੁਪਏ ਵਿਚ, ਪੰਜ ਸਾਲ ਦੀਆਂ ਫਾਈਲਾਂ 200 ਰੁਪਏ ਅਤੇ 10 ਸਾਲਾਂ ਦੀਆਂ ਫਾਈਲਾਂ ਤੁਹਾਨੂੰ ੪੦੦/-ਰੁਪੈ ਵਿੱਚ ਪ੍ਰਾਪਤ ਹੋ ਸਕਦੀਆਂ ਹਨ। ਤੁਸੀਂ ਇਹ ਫਾਈਲਾਂ ਵੀ.ਪੀ.ਪੀ. ਰਾਹੀਂ ਵੀ ਫ਼ੋਨ ਨੰਬਰ 01679-241744 ’ਤੇ ਫ਼ੋਨ ਕਰਕੇ ਮੰਗਵਾ ਸਕਦੇ ਹੋ। **ਨੋਟ: ਵੀ.ਪੀ.ਪੀ. ਦਾ ਖਰਚਾ ਵੱਖਰਾ ਹੋਵੇਗਾ।**



## ਹੱਡੀਂ ਹੰਢਾਏ ਦੌਰ ਦਾ ਸੱਚ

# ਕਾਲੇ ਦਿਨਾਂ ਦੀ ਹੱਡਬੀਤੀ ਭੈਣ ਨਰਿੰਦਰ ਸੋਹਲ ਦੀ ਜੁਬਾਨੀ

21 ਜੁਲਾਈ ਮੇਰੇ ਪਾਪਾ ਕਾਮਰੇਡ ਸਵਰਨ ਸੋਹਲ ਤੇ ਪਰਵਾਰ ਦੇ ਚਾਰ ਮੈਂਬਰਾਂ ਦੀ 27ਵੀਂ ਬਰਸੀ ਹੈ। ਹਰ ਸਾਲ ਜਦੋਂ ਵੀ ਇਹ ਦਿਨ ਨੇੜੇ ਆਉਂਦਾ, ਬੀਤੇ ਸਮੇਂ ਦੀ ਹੋਰ ਵੀ ਵਧੇਰੇ ਯਾਦ ਦਿਵਾਉਂਦਾ। ਇਹ ਕਦੇ ਵੀ ਭੁਲਇਆ ਨਹੀਂ ਜਾ ਸਕਿਆ। ਕਾਮਰੇਡ ਸਵਰਨ ਸੋਹਲ ਇੱਕ ਫ਼ੌਜ਼ੀ ਸਨ। ਉਹ 1965 ਦੀ ਜੰਗ ਤੋਂ ਐਨ ਪਹਿਲਾਂ ਆਪਣੀ ਭੈਣ ਦੇ ਵਿਆਹ ਵਿੱਚ ਵੀ ਸ਼ਾਮਲ ਨਾ ਹੋ ਸਕੇ। ਬਾਅਦ 'ਚ ਆਪਣੀ ਇੱਛਾ ਨਾਲ ਬਿਨਾਂ ਪੈਨਸ਼ਨ ਦੇ ਨੌਕਰੀ ਛੱਡ ਕੇ ਆ ਗਏ। ਪਿੰਡ ਸੋਹਲ ਜਿਲ੍ਹਾ ਤਰਨਤਾਰਨ (ਪੁਰਾਣਾ ਅੰਮਿਤਸਰ) ਜਿੱਥੇ ਸਾਡਾ ਜਨਮ ਹੋਇਆ, ਪਾਪਾ ਦਾ ਨਾਨਕਾ ਪਿੰਡ ਸੀ। ਏਥੇ ਇੱਕ ਮੱਧਵਰਗੀ ਸਫ਼ਲ ਕਿਸਾਨ ਵਜੋਂ ਖੇਤੀ ਕਰਦਿਆਂ ਜਿੰਦਗੀ ਵਧੀਆ ਗੁਜਰ ਰਹੀ ਸੀ। ਪਿੰਡ ਵਿੱਚ ਹੀ ਕਾਮਰੇਡ ਕੁੰਦਨ ਲਾਲ (ਕਾ: ਦਵਿੰਦਰ ਸੋਹਲ ਅਤੇ ਅਸ਼ੋਕ ਸੋਹਲ ਦੇ ਪਿਤਾ) ਨਾਲ ਨੇੜਤਾ ਹੀ ਮੇਰੇ ਪਾਪਾ ਨੂੰ ਕਮਿਊਨਿਸਟ ਬਣਨ ਵੱਲ ਲੈ ਆਈ। ਉਹ ਬਹੁਤ ਜਲਦੀ ਹੀ ਇੱਕ ਨਿਧੜਕ ਆਗੂ ਵਜੋਂ ਉਭਰੇ। ਉਹ ਜਿਲ੍ਹਾ ਕਿਸਾਨ ਸਭਾ ਅਤੇ ਇਲਾਕਾ ਪਾਰਟੀ ਦੋਹਾਂ ਦੇ ਸਹਾਇਕ ਸਕੱਤਰ ਬਣ ਗਏ। ਪਾਰਟੀ ਅਤੇ ਕਿਸਾਨ ਸਭਾ ਵੱਲੋਂ ਲੜੇ ਜਾਂਦੇ ਹਰ ਘੋਲ ਦੀ ਮੂਹਰਲੀ ਕਤਾਰ ਵਿੱਚ ਹੁੰਦੇ। ਕਈ ਮੋਰਚਿਆਂ ਦੌਰਾਨ ਭਾਵੇਂ ਜ਼ੇਲ੍ਹ ਵੀ ਜਾਣਾ ਪਿਆ ਪਰ ਉਹਨਾਂ ਕਦੇ ਹਿੰਮਤ ਅਤੇ ਹੌਂਸਲਾ ਕਮਜ਼ੋਰ ਨਾ ਪੈਣ ਦਿੱਤਾ। ਲੋਕਾਂ ਵਿੱਚ ਕੰਮ ਕਰਦਿਆਂ ਉਹਨਾਂ ਦੀ ਵਧ ਰਹੀ ਹਰਮਨਪਿਆਰਤਾ ਨੂੰ ਇਲਾਕੇ ਅਤੇ ਪਿੰਡ ਦੇ ਧਨਾਢ ਪਸੰਦ ਨਹੀਂ ਕਰਦੇ ਸਨ। ਉਹ ਕਮਿਊਨਿਸਟਾਂ ਦੇ ਵਧਦੇ ਆਧਾਰ ਨੂੰ ਰਾਜਨੀਤਕ ਤੌਰ 'ਤੇ ਆਪਣੇ ਲਈ ਖਤਰਾ ਮਹਿਸੂਸ ਕਰਨ ਲੱਗੇ।

ਪੰਜਾਬ ਅੰਦਰ ਅੱਤਵਾਦ ਦਾ ਦੌਰ ਚੱਲਿਆ। ਨੌਜਵਾਨਾਂ ਨੂੰ ਡਾਕਟਰ, ਅਧਿਆਪਕ, ਖਿਡਾਰੀ, ਇੰਜੀਨੀਅਰ, ਵਿਗਿਆਨੀ ਅਤੇ ਹੋਰ ਹੁਨਰਮੰਦ ਕਾਮੇ ਬਣਾ ਕੇ, ਸੂਬੇ ਦੀ ਤਰੱਕੀ ਲਈ ਉਹਨਾਂ ਦੀਆਂ ਸੇਵਾਵਾਂ ਲੈਣ ਦੀ ਥਾਂ, ਸਰਮਾਏ ਦੀ ਸਿਆਸਤ ਨੇ ਉਹਨਾਂ ਦੇ ਹੱਥਾਂ ਵਿੱਚ ਹਥਿਆਰ ਫੜਾ ਦਿੱਤੇ। ਪੈਸੇ ਅਤੇ ਹਥਿਆਰਾਂ ਦਾ ਲਾਲਚ ਦੇ ਕੇ ਉਹਨਾਂ ਨੂੰ ਗੁੰਮਰਾਹ ਕੀਤਾ। ਘਰਾਂ ਦੀ ਕਮਜ਼ੋਰ ਆਰਥਿਕ ਸਥਿਤੀ ਨੇ ਬਲਦੀ 'ਤੇ ਤੇਲ ਪਾਇਆ। ਪੰਜਾਬ ਦੇ ਹੱਸਦੇ-ਵੱਸਦੇ ਘਰਾਂ ਵਿੱਚੋਂ ਅੱਗ ਦੀਆਂ ਲਪਟਾਂ ਉੱਠਣ ਲੱਗੀਆਂ। ਘਰਾਂ ਵਿੱਚ ਖੁਸ਼ੀਆਂ ਦੀ ਥਾਂ ਮਾਤਮ ਛਾ ਗਿਆ। ਜਦੋਂ ਆਮ ਪੰਜਾਬੀ ਇਸਦਾ ਸੰਤਾਪ ਭੋਗ ਰਹੇ ਸਨ, ਉੱਜੜ ਰਹੇ ਸਨ ਤਾਂ ਕਈ ਪੁਲਿਸ ਮੁਲਾਜਮਾਂ, ਸਮੱਗਲਰਾਂ, ਸਿਆਸਤਦਾਨਾਂ, ਕਾਰੋਬਾਰੀਆਂ ਨੇ ਇਸ ਦੌਰ ਨੂੰ ਕਮਾਈ ਦਾ ਸਾਧਨ ਬਣਾ ਲਿਆ।

1986 ਵਿੱਚ ਜਦੋਂ ਕਾਮਰੇਡ ਮਸਤਾਨਾ ਨੂੰ ਸ਼ਹੀਦ ਕੀਤਾ ਗਿਆ, ਮੇਰੀ ਉਮਰ ਮਸਾਂ 9-10 ਸਾਲ ਦੀ ਸੀ। ਮੇਰੇ ਪਾਪਾ ਆਪਣਾ ਟਰੱਕ ਲੈ ਕੇ ਸ਼ਰਧਾਂਜਲੀ ਸਮਾਗਮ ਚ ਗਏ ਅਤੇ ਮੈਂ ਵੀ ਨਾਲ ਸੀ। ਮੈਨੂੰ ਨਹੀਂ ਯਾਦ ਕਿ ਮੈਂ ਉਹਨਾਂ ਨਾਲ ਕਿਵੇਂ ਚਲੀ ਗਈ, ਪਰ ਜਿੰਦਗੀ 'ਚ ਇਹ ਪਹਿਲਾ ਮੌਕਾ ਸੀ ਜਦ ਏਨਾ ਇਕੱਠ ਦੇਖਿਆ, ਕਿ ਪੈਰ ਰੱਖਣ ਨੂੰ ਵੀ ਥਾਂ ਨਹੀਂ ਸੀ। ਟਰੱਕ, ਟਰੈਕਟਰ-ਟਰਾਲੀਆਂ, ਪੀਟਰ ਰੇਹੜੇ, ਟੈਕਸੀਆਂ ਦੀਆਂ ਹਰ ਪਾਸੇ ਲਾਈਨਾਂ ਸਨ। ਇਕੱਠ ਜੋ ਖੇਤਾਂ ਵਿੱਚ ਸੀ ਉਸਦੇ ਚਾਰੇ ਪਾਸੇ ਹਥਿਆਰਬੰਦ ਕਾਮਰੇਡ ਵੱਡੀ ਗਿਣਤੀ 'ਚ ਸਨ। ਹਰ ਅੱਖ ਅੱਥਰੂ ਭਿੱਜੀ ਲੱਗਦੀ ਸੀ। ਇਕੱਠ ਵੱਲੋਂ ਬਹੁਤ ਜੋਸ਼ ਨਾਲ ਨਾਅਰੇ ਲਗਾਏ ਜਾ ਰਹੇ ਸਨ; 'ਸ਼ਹੀਦੋ ਤੁਹਾਡੀ ਸੋਚ ਤੇ, ਪਹਿਰਾ ਦਿਆਂਗੇ ਠੋਕ ਕੇ', 'ਸ਼ਹੀਦੋ ਤੁਹਾਡੇ ਕਾਜ ਅਧੂਰੇ, ਲਾ ਕੇ ਜਿੰਦੜੀਆਂ ਕਰਾਂਗੇ ਪੂਰੇ' ਆਦਿ। ਪਹਿਲੀ ਵਾਰ ਜੋਸ਼ 'ਚ ਨਾਅਰੇ ਇੱਥੇ ਹੀ ਲਾਏ ਸਨ, ਜਦਕਿ ਮੈਨੂੰ ਪਤਾ ਵੀ ਨੀਂ ਸੀ ਕੀ ਹੋਇਆ, ਕਿਉਂ ਹੋਇਆ? ਅੱਤਵਾਦ ਕੀ ਬਲ਼ਾ ਹੈ, ਕੁਝ ਵੀ ਪਤਾ ਨਹੀਂ ਸੀ। ਉਦੋਂ ਸੋਚਿਆ ਨਹੀਂ ਸੀ ਕਿ ਸਾਡੇ ਘਰ ਵੀ ਇੰਝ ਦਾ ਇਕੱਠ ਹੋਵੇਗਾ।



ਕਮਿਊਨਿਸਟ ਪਾਰਟੀ ਵੱਲੋਂ ਮਾੜੇ ਮਾਹੌਲ ਖਿਲਾਫ਼ ਜੂਨ 1987 'ਚ ਇਤਿਹਾਸਕ ਦਸ ਦਿਨਾਂ ਮਾਰਚ ਕੀਤਾ ਗਿਆ। ਜਦੋਂ ਪਿੰਡ ਸੋਹਲ ਜਲਸਾ ਕੀਤਾ ਜਾ ਰਿਹਾ ਸੀ ਤਾਂ ਕੁਝ ਸ਼ਰਾਰਤੀ ਅਨਸਰਾਂ ਨੇ ਘੁਰ-ਘੁਰ ਕਰਨੀ ਸ਼ੁਰੂ ਕਰ ਦਿੱਤੀ। ਪਾਪਾ ਨੇ ਸਟੇਜ ਤੋਂ ਸਿੱਧਾ ਵੰਗਾਰਦਿਆਂ ਕਿਹਾ, 'ਏਥੇ ਸ਼ਰਾਰਤ ਨੀਂ ਚੱਲੇਗੀ, ਜਿਸ ਕਿਸੇ ਨੂੰ ਜਿਆਦਾ ਤੰਗੀ ਹੈ, ਬਾਹਰ ਨਿੱਕਲ ਕੇ ਵੇਖ ਲਵੇ।' ਸ਼ਰਾਰਤੀਆਂ ਨੇ ਓਥੋਂ ਖਿਸਕਣਾ ਹੀ ਠੀਕ ਸਮਝਿਆ। ਇਵੇਂ ਹੀ ਇੱਕ ਵਾਰ ਜਦੋਂ ਅਜਿਹੇ ਸ਼ਰਾਰਤੀ ਅਨਸਰਾਂ ਨੇ ਕਾ: ਕੁੰਦਨ ਲਾਲ ਨੂੰ ਧਮਕੀ ਦੇਣ ਦੀ ਕੋਸ਼ਿਸ਼ ਕੀਤੀ ਤਾਂ ਪਾਪਾ ਨੇ ਬੇਖੌਫ ਹੋ ਕੇ ਕਿਹਾ ਕਿ 'ਜਦ ਤੱਕ ਮੈਂ ਜਿਊਂਦਾ ਹਾਂ, ਇਹਨਾਂ ਨੂੰ ਕੋਈ ਹੱਥ ਨੀ ਲਾ ਸਕਦਾ।' ਪਾਪਾ ਭਾਵੇਂ ਕਾ: ਕੁੰਦਨ ਲਾਲ ਤੋਂ ਉਮਰ 'ਚ ਛੋਟੇ ਸਨ, ਪਰ ਉਹਨਾਂ ਦਾ ਆਪਸੀ ਰਿਸ਼ਤਾ ਹਾਣੀਆਂ ਵਰਗਾ ਸੀ।

ਅਸੀਂ ਪਿੰਡ ਤੋਂ ਦੂਰ ਖੇਤਾਂ 'ਚ ਬਣੇ ਆਪਣੇ ਘਰ ਵਿੱਚ ਇਸ ਸਭ ਤੋਂ ਬੇਫ਼ਿਕਰ ਆਪਣੀ ਹੀ ਮਸਤੀ ਚ ਰਹਿੰਦੇ ਸੀ। ਸਾਡੇ ਪਰਵਾਰ 'ਚ ਅਸੀਂ ਪੰਜ ਭੈਣਾਂ ਤੇ ਇੱਕ ਭਰਾ, ਮੰਮੀ-ਪਾਪਾ, ਦਾਦਾ-ਦਾਦੀ, ਸਭ ਤੋਂ ਛੋਟੀ ਭੂਆ ਪ੍ਰਸਿੰਨ ਕੌਰ 'ਤੇ ਉਹਨਾਂ ਦੇ ਤਿੰਨ ਬੱਚੇ ਵੀ ਸਾਡੇ ਨਾਲ ਹੀ ਰਹਿੰਦੇ ਸੀ। (ਕਿਉਂਕਿ ਫੁੱਫੜ ਦੀ ਇੱਕ ਸੜਕ ਹਾਦਸੇ ਵਿੱਚ ਮੌਤ ਹੋ ਚੁੱਕੀ ਸੀ); ਪਰਵਾਰ 'ਚ ਘਟਨਾ ਵਾਪਰਨ ਤੋਂ ਕੁਝ ਦਿਨ ਪਹਿਲਾਂ, ਮੇਰੀ ਮਾਮੀ ਅਤੇ ਉਸਦਾ ਬੇਟਾ ਘਰ ਆਏ ਸਨ, ਜਿਹਨਾਂ ਕੋਲ ਅਖਬਾਰ ਸੀ, ਜਿਸ 'ਚ ਅੱਤਵਾਦੀਆਂ ਵੱਲੋਂ ਮਾਰੇ ਗਏ ਪ੍ਰੀਵਾਰਾਂ ਦੀਆ ਫੋਟੋਆਂ ਸਨ। ਮੈਂ ਪਹਿਲੀ ਵਾਰ ਏਨਾ ਡਰਾਉਣਾ ਦ੍ਰਿਸ਼ ਦੇਖਿਆ। ਸਾਡਾ 14-15 ਜੀਆਂ ਦਾ ਏਨਾ ਵੱਡਾ ਟੱਬਰ ਜੋ ਖੁਸ਼ੀ ਨਾਲ ਰਹਿ ਰਿਹਾ ਸੀ ਕਿ ਅਚਾਨਕ ਉਹ ਮਨਹੂਸ ਰਾਤ ਆ ਪਹੁੰਚੀ ਜੋ ਸਭ ਕੁਝ ਖੋਹ ਕੇ ਲੈ ਗਈ। 21 ਜੁਲਾਈ 1987 ਦਿਨ ਵੇਲੇ ਪਿੰਡ ਵਿੱਚ ਖਰਾਬ ਹੋਈ ਕਣਕ ਦੀ ਫ਼ਸਲ ਦਾ ਮੁਆਵਜ਼ਾ ਵੰਡਿਆ ਜਾ ਰਿਹਾ ਸੀ। ਇਸਦੀ ਵੰਡ ਵਿੱਚ ਹੇਰਾ ਫੇਰੀ ਨਾ ਹੋਵੇ ਤਾਂ ਪਾਪਾ ਕਿਸਾਨ ਸਭਾ ਦੇ ਆਗੂ ਵਜੋਂ ਓਥੇ ਹਾਜਰ ਰਹੇ। ਅੱਤਵਾਦੀ ਜੋ ਉਹਨਾਂ ਨਾਲ ਸਿੱਧੇ ਮੁਕਾਬਲੇ ਵਿੱਚ ਨਹੀਂ ਸਨ ਪੈਣਾ ਚਹੁੰਦੇ, ਪਾਪਾ ਦੇ ਸਿਰਫ਼ ਉਸ ਦਿਨ ਅਵੇਸਲੇ ਹੋਣ 'ਤੇ ਹਨੇਰੇ ਦਾ ਲਾਹਾ ਉਠਾ ਗਏ। ਰਾਤ ਰੋਜ਼ ਦੀ ਤਰ੍ਹਾਂ ਮੇਰੇ ਪਾਪਾ ਅਤੇ ਘਰ 'ਚ ਕੰਮ ਕਰਦਾ ਕਾਮਾ ਹੀਰਾ ਸਿੰਘ (ਜਿਸਨੂੰ ਪਾਪਾ ਆਪਣੇ ਪੁੱਤ ਵਾਂਗ ਹੀ ਸਮਝਦੇ ਸਨ) ਛੱਤ ਉੱਤੇ ਤੇ ਬਾਕੀ ਸਾਰਾ ਪ੍ਰੀਵਾਰ ਵਿਹੜੇ 'ਚ ਸੁੱਤਾ ਪਿਆ ਸੀ, 11 ਵਜੇ ਦੇ ਲਗਭਗ ਅੱਤਵਾਦੀਆਂ ਨੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ

ਦਿੱਤੀਆਂ। ਮੈਂ ਇਸ ਸਭ ਤੋਂ ਬੇ-ਖਬਰ ਆਪਣੇ ਮੰਜੇ ਤੇ ਪਈ ਸੋਚ ਰਹੀ ਸੀ ਕਿ ਬੱਦਲ ਗਰਜ ਰਹੇ ਹਨ, ਬਿਜਲੀ ਚਮਕ ਰਹੀ ਹੈ ਅਤੇ ਬਾਹਰ ਕੋਈ ਆਵਾਜਾਂ ਮਾਰ ਰਿਹਾ ਹੈ। ਪਰ ਕੋਈ ਗੇਟ ਕਿਉਂ ਨਹੀਂ ਖੋਲ ਰਿਹਾ! ਜਦ ਹੀ ਮੈਂ ਇਹ ਸੋਚਦਿਆਂ ਪਾਸਾ ਲਿਆ ਤਾਂ ਛੱਤ ਤੇ ਖੜੇ ਇੱਕ ਬੰਦੇ ਨੇ ਗੋਲੀ ਚਲਾ ਦਿੱਤੀ ਜੋ ਮੇਰੀ ਸੱਜੀ ਲੱਤ ਵਿੱਚ ਵੱਜੀ ਅਤੇ ਮੈਨੂੰ ਇੰਞ ਲੱਗਾ ਜਿਵੇਂ ਲੋਹੇ ਦੀ ਬਹੁਤ ਭਾਰੀ ਚੀਜ ਮੇਰੇ ਉੱਪਰ ਡਿੱਗ ਪਈ ਹੋਵੇ। ਮੇਰੀਆਂ ਚੀਕਾਂ ਨਿੱਕਲ ਗਈਆਂ। ਮੇਰੀ ਸਭ ਤੋਂ ਵੱਡੀ ਭੈਣ ਭੁਪਿੰਦਰ ਨੇ ਭੱਜ ਕੇ ਮੈਨੂੰ ਚੁੱਕ ਲਿਆ ਤੇ ਵਿਹੜੇ ਦੇ ਇੱਕ ਪਾਸੇ ਰੁੱਖ ਕੋਲ ਖੜ੍ਹੀ ਟਰਾਲੀ ਦੀ ਓਟ 'ਚ ਲੈ ਗਈ। ਇੱਥੇ ਮੇਰੀਆਂ ਦੋ ਭੈਣਾਂ ਸਭ ਤੋਂ ਛੋਟੀ ਕੁਲਵਿੰਦਰ ਅਤੇ ਮੇਰੇ ਤੋਂ ਵੱਡੀ ਵੀਰਇੰਦਰ, ਜਿਸਦੀ ਰੀੜ ਦੀ ਹੱਡੀ ਕੋਲ ਗੋਲੀ ਲੱਗੀ ਸੀ, ਵੀ ਲੁਕ ਕੇ ਬੈਠੀਆਂ ਸਨ। ਮੈਨੂੰ ਕੁਝ ਸਮਝ ਨਹੀਂ ਆ ਰਿਹਾ ਸੀ, ਪਰ ਵੱਡੀ ਭੈਣ ਵੱਲੋਂ ਕੀਤਾ ਚੁੱਪ ਰਹਿਣ ਦਾ ਇਸ਼ਾਰਾ ਅਸੀਂ ਜਰੂਰ ਸਮਝ ਗਈਆਂ ਸਾਂ। ਤਕਰੀਬਨ ਅੱਧਾ ਘੰਟਾ ਗੋਲੀਆਂ ਚੱਲਦੀਆਂ ਰਹੀਆਂ ਫਿਰ ਸ਼ਾਂਤੀ ਹੋ ਗਈ। ਮੇਰੀ ਭੂਆ ਦੇ 8-9 ਸਾਲ ਦੇ ਮੁੰਡੇ 'ਭੇਜੇ' ਨੇ ਅਚਾਨਕ ਖੇਸ ਮੰਗ ਲਿਆ ਤੇ ਸ਼ਾਇਦ ਇਹ ਆਵਾਜ ਅੱਤਵਾਦੀਆਂ ਨੂੰ ਸੁਣ ਗਈ। ਉਹ ਦੁਬਾਰਾ ਆ ਕੇ ਗੋਲੀਆਂ ਚਲਾਉਣ ਲੱਗ ਪਏ। ਉਹਨਾਂ ਆਪਣੇ ਵੱਲੋਂ ਪੂਰਾ ਪ੍ਰੀਵਾਰ ਖਤਮ ਕਰਨ ਦੀ ਤਸੱਲੀ ਤੱਕ ਗੋਲੀ ਚਲਾਈ। ਪਰ ਉਹ ਘਰ ਦੇ ਅੰਦਰ ਆਉਣ ਦੀ ਹਿੰਮਤ ਨਾ ਕਰ ਸਕੇ। ਜਦੋਂ ਕਾਫੀ ਦੇਰ ਤੱਕ ਸ਼ਾਂਤੀ ਰਹੀ ਤਾਂ ਅਸੀਂ ਉੱਠ ਖੜੀਆਂ। ਮੇਰੇ ਨਾਲ ਦੇ ਮੰਜੇ 'ਤੇ ਪਈ ਛੋਟੀ ਭੈਣ ਰਾਜਵਿੰਦਰ ਦਰਦ ਨਾਲ ਹੂੰਘ ਰਹੀ ਸੀ ਜਿਸਦੇ ਸਿਰ ਅਤੇ ਸਰੀਰ ਉੱਪਰ ਅਣਗਿਣਤ ਗੋਲੀਆਂ ਵੱਜੀਆਂ ਸਨ, ਉਸਦੀ ਹਾਲਤ ਬੜੀ ਗੰਭੀਰ ਸੀ। ਅਸੀਂ ਉਸਦੇ ਮੂੰਹ 'ਚ ਪਾਣੀ ਪਾਉਣ ਲੱਗੇ, ਅਖੀਰ ਉਸਨੇ ਦਮ ਤੋੜ ਦਿੱਤਾ। ਮੇਰੀ ਮੰਮੀ ਜਮੀਨ 'ਤੇ ਡਿੱਗੀ ਪਈ ਸੀ, ਜਿਸਦੀ ਛਾਤੀ ਗੋਲੀਆਂ ਨਾਲ ਛਨਣੀ ਸੀ। ਦਾਦੀ, ਜੋ ਸ਼ਾਇਦ ਉੱਠਣ ਦੀ ਕੋਸ਼ਿਸ਼ ਕਰਦਿਆਂ ਗੋਲੀਆਂ ਦਾ ਸ਼ਿਕਾਰ ਹੋਈ ਹੋਵੇਗੀ, ਉਸਦਾ ਬੇਜ਼ਾਨ ਸਰੀਰ ਅੱਧਾ ਮੰਜੇ ਤੋਂ ਉੱਪਰ ਅਤੇ ਅੱਧਾ ਥੱਲੇ ਸੀ। ਭੂਆ ਅਤੇ ਸਭ ਤੋਂ ਵੱਡੀ ਭੈਣ ਨੇ ਸਭ ਤੋਂ ਪਹਿਲਾ ਕੰਮ ਵੀਰ ਨੂੰ ਲੱਭਣ ਦਾ ਕੀਤਾ, ਕਿਉਂਕਿ ਉਸਦਾ ਮੰਜਾ ਖਾਲੀ ਸੀ। ਸਾਰੇ ਕਮਰਿਆਂ ਵਿੱਚ ਲੱਭਦਿਆਂ ਜਦੋਂ ਉਹ ਮੋਟਰ ਵਾਲੀ ਕੋਠੜੀ ਵਿੱਚ ਜਾ ਕੇ ਹੌਲ਼ੀ-ਹੌਲ਼ੀ ਆਵਾਜਾਂ ਮਾਰ ਰਹੀਆਂ ਸੀ ਤਾਂ ਵੀਰ ਨੇ ਭੂਆ ਦੀ ਸਲਵਾਰ ਦਾ ਪੌਂਚਾ ਫੜ ਲਿਆ ਤੇ ਹੌਲੀ ਜਿਹੇ ਕਿਹਾ 'ਮੈਂ ਠੀਕ ਹਾਂ, ਮੇਰਾ ਫਿਕਰ ਨਾ ਕਰੋ ਦੂਜਿਆਂ ਨੂੰ ਦੇਖੋ।' (ਵੀਰ ਨੂੰ ਪਾਪਾ ਨੇ ਪਹਿਲਾਂ ਹੀ ਇਸ ਬਾਰੇ ਸੁਚੇਤ ਕੀਤਾ ਹੋਇਆ ਸੀ, ਕਿ ਕਿਸੇ ਵੇਲੇ ਕੁਝ ਵੀ ਵਾਪਰ ਸਕਦੈ, 'ਤੂੰ ਮੇਰੀ ਚਿੰਤਾ ਨਾ ਕਰੀਂ, ਆਪਣੀ ਜਾਨ ਬਚਾਉਣ ਦੀ ਕੋਸ਼ਿਸ ਕਰੀਂ।')

ਛੱਤ ਤੇ ਕੀ ਵਾਪਰ ਚੁੱਕਾ, ਕਿਸੇ ਨੂੰ ਕੁਝ ਪਤਾ ਨਹੀਂ ਸੀ ਅਤੇ ਨਾ ਹੀ ਵੇਖਣ ਦਾ ਹੌਸਲਾ। ਭੂਆ ਤੇ ਵੱਡੀ ਭੈਣ ਉਸ ਸਮੇਂ ਹੀ ਜਿਸ ਬੈਠਕ ਦੇ ਦਰਵਾਜੇ ਸਹਾਰੇ ਅੱਤਵਾਦੀ ਛੱਤ 'ਤੇ ਚੜੇ ਸਨ, ਉਸ ਵੱਲ ਦੀ ਹੀ ਬਾਹਰ ਨਿੱਕਲੀਆਂ ਤੇ ਨਾਲ ਦੀ ਬਹਿਕ 'ਤੇ ਜਾ ਦੱਸਿਆ ਕਿ 'ਸਾਡੇ ਘਰ ਹਮਲਾ ਹੋ ਗਿਆ, ਕੌਣ ਬਚਿਆ ਕੌਣ ਨਹੀਂ, ਕੁਝ ਪਤਾ ਨਹੀਂ'। ਅੱਗੋਂ ਉਹਨਾਂ ਇਹ ਕਹਿ ਕੇ ਤੋਰ ਦਿੱਤਾ ਕਿ 'ਤੁਸੀਂ ਜਾਓ ਅਸੀਂ ਇਕੱਠੇ ਹੋ ਕੇ ਆਉਂਦੇ ਹਾਂ।' ਭੈਣ ਹੁਰਾਂ ਵਾਪਸ ਆ ਸਾਨੂੰ ਸਾਰਿਆਂ ਨੂੰ ਦੁੱਧ, ਜੋ ਸਾਡੀ ਮਾਂ ਨੇ ਸਵੇਰ ਲਈ ਰੱਖਿਆ ਸੀ, ਪਿਆਇਆ। ਅਸੀਂ ਚੁੱਪ ਚਾਪ ਪੀ ਲਿਆ। ਸਾਡੇ ਦੋਵਾਂ ਭੈਣਾਂ ਦੇ ਜਖਮਾਂ ਚੋਂ ਖੂਨ ਬਹੁਤ ਵਹਿ ਰਿਹਾ ਸੀ। ਵੱਡੀ ਭੈਣ ਅਤੇ ਭੂਆ ਨੇ ਆਪਣੇ ਸਿਰਾਂ ਤੋਂ ਚੁੰਨੀਆਂ ਲਾਹ ਕੇ ਜਖਮਾਂ 'ਤੇ ਬੰਨ੍ਹ ਦਿੱਤੀਆਂ। ਅਸੀਂ ਸਾਰੀ ਰਾਤ ਕਦੀ ਅੰਦਰ ਅਤੇ ਕਦੀ ਬਾਹਰ ਤੁਰੇ ਫਿਰਦੇ ਰਹੇ, ਖੁੱਲ ਕੇ ਰੋ ਵੀ ਨਹੀਂ ਸਾਂ ਸਕਦੇ। ਸਵੇਰੇ ਚਾਰ ਕੁ ਵਜੇ ਪਿੰਡ ਦੇ ਕੁਝ ਮੋਹਤਬਰ ਬੰਦੇ ਘਰ ਆਏ, ਗੱਲਬਾਤ ਕਰਕੇ ਵੀਰ ਨੂੰ ਆਪਣੇ ਨਾਲ ਲੈ ਗਏ।

ਇਧਰ ਏਨੀ ਵੱਡੀ ਘਟਨਾ ਵਾਪਰ ਚੁੱਕੀ ਸੀ ਤੇ ਓਧਰ ਪਿੰਡ ਦੇ ਦੂਜੇ ਪਾਸੇ ਕਾਮਰੇਡ ਕੁੰਦਨ ਲਾਲ ਇਸ ਗੱਲ ਤੋਂ ਬੇਖਬਰ ਸਨ। ਸੁਬਾਹ ਜਦੋਂ ਉਹਨਾਂ ਦਾ ਕਿਸੇ ਨੇ ਗੇਟ ਖੜਕਾਇਆ ਤਾਂ ਉਹਨਾਂ ਸਮਝਿਆ 'ਕਾਮਰੇਡ ਸਵਰਨ ਆਇਆ' ਕਿਉਂਕਿ ਰਾਤ ਚੱਲੀਆਂ ਗੋਲੀਆਂ ਨੂੰ ਉਹ 'ਕਿਤੇ ਮੁਕਾਬਲਾ ਹੋਇਆ' ਸਮਝਦੇ ਰਹੇ। ਪਰ ਗੇਟ ਖੋਹਲਣ 'ਤੇ ਪਤਾ ਲੱਗਾ ਕਿ ਮੈਂ ਜਿਸਦੀ ਉਡੀਕ ਕਰ ਰਿਹਾ ਹਾਂ, ਉਹ ਤਾਂ ਸਾਥ ਛੱਡ ਕੇ ਬਹੁਤ ਦੂਰ ਜਾ ਚੁੱਕਾ, ਜਿਥੋਂ ਕੋਈ ਵਾਪਸ ਨਹੀਂ ਆਉਂਦਾ। ਤੁਰੰਤ ਹਰ ਪਾਸੇ ਸੁਨੇਹੇ ਭੇਜ ਦਿੱਤੇ ਗਏ ਤੇ ਜਿਉਂ-ਜਿਉਂ ਦਿਨ ਚੜ੍ਹਦਾ ਜਾ ਰਿਹਾ ਸੀ, ਸਾਡੇ ਘਰ, ਪਿੰਡ ਅਤੇ ਇਲਾਕੇ ਦੇ ਲੋਕਾਂ ਦੀ ਗਿਣਤੀ ਵੱਧਦੀ ਜਾ ਰਹੀ ਸੀ। ਸਾਨੂੰ ਜਖਮੀ ਭੈਣਾਂ ਨੂੰ ਇੱਕ ਟੈਕਸੀ ਵਿੱਚ ਬਿਠਾ ਲਿਆ ਗਿਆ ਤੇ ਮੈਂ ਵੇਖ ਰਹੀ ਸੀ ਸ਼ਹੀਦ ਕਾਮਰੇਡ ਅਰਜਨ ਸਿੰਘ ਮਸਤਾਨੇ ਦੇ ਸ਼ਰਧਾਜਲੀ ਸਮਾਗਮ ਵਰਗਾ ਇੱਕਠ ਜੋ ਅੱਜ ਸਾਡੇ ਘਰ ਹੋਇਆ ਪਿਆ ਸੀ। ਅਸੀਂ ਅਜੇ ਟੈਕਸੀ ਵਿੱਚ ਬੈਠੀਆਂ ਘਰ ਵੱਲ ਵੇਖ ਹੀ ਰਹੀਆਂ ਸੀ ਕਿ ਸਾਡੇ ਪਾਪਾ ਦੇ ਮੰਜੇ ਨੂੰ ਰੱਸਿਆਂ ਨਾਲ ਬੰਨ ਕੇ ਥੱਲੇ ਲਾਹਿਆ ਜਾ ਰਿਹਾ ਸੀ। ਸਾਡਾ ਰੋਣ ਨਿੱਕਲ ਗਿਆ। ਮਨ ਵਿੱਚ ਆਇਆ ਕਿ ਉਹ ਦਲੇਰ ਵਿਆਕਤੀ ਜਿਸਤੋਂ ਜਾਲਮ ਤ੍ਰਬਕਦੇ ਸਨ, ਅੱਜ ਮੰਜੇ 'ਤੇ ਬੇਜ਼ਾਨ ਪਿਆ। ਸਾਨੂੰ ਰੋਂਦਿਆਂ ਦੇਖ ਟੈਕਸੀ ਓਸੇ ਵੇਲੇ ਹਸਪਤਾਲ ਨੂੰ ਤੁਰ ਪਈ ਤੇ ਅਸੀਂ ਆਪਣੇ ਸ਼ਹੀਦ ਪ੍ਰੀਵਾਰ ਚੋਂ ਕਿਸੇ ਦਾ ਮੂੰਹ ਵੀ ਨਾ ਵੇਖ ਸਕੀਆਂ। ਮੇਰੇ ਦਾਦਾ ਜੀ ਜੋ ਉਸ ਰਾਤ ਘਰ ਨਹੀਂ ਸੀ, ਆਪਣੇ ਜੱਦੀ ਪਿੰਡ 'ਭੈਣੀ ਮੱਟੂਆਂ' ਗਏ ਹੋਏ ਸਨ। ਉਹਨਾਂ ਨੂੰ ਓਥੋਂ ਲਿਆਂਦਾ ਗਿਆ। ਇਸ ਘਟਨਾ ਬਾਰੇ ਅਜੇ ਉਹਨਾਂ ਨੂੰ ਪੂਰਾ ਪਤਾ ਨਹੀਂ ਸੀ, ਉਹ ਭੁਲੇਖੇ 'ਚ ਸਨ ਕਿ ਉਹਨਾਂ ਦੀ ਨੂੰਹ (ਮੇਰੀ ਮੰਮੀ) ਜਿੰਦਾ ਹੈ। ਉਹਨਾਂ ਨੂੰ ਇਹ ਯਕੀਨ ਸੀ ਕਿ ਉਹ ਬਾਕੀ ਪ੍ਰੀਵਾਰ ਨੂੰ ਸੰਭਾਲ ਲਵੇਗੀ। ਪਰ ਜਦੋਂ ਉਹਨਾਂ ਨੂੰ ਸੱਚ ਪਤਾ ਲੱਗਾ ਤਾਂ ਉਹ ਪੂਰੀ ਤਰਾਂ ਟੁੱਟ ਗਏ। ਉਹਨਾਂ ਨੂੰ ਲੱਗੇ ਏਨੇ ਵੱਡੇ ਸਦਮੇ ਕਾਰਨ ਹੀ ਉਹ ਇਸ ਘਟਨਾ ਤੋਂ ਬਾਅਦ ਛੇ ਮਹੀਨੇ ਤੋਂ ਵੱਧ ਜਿਉਂਦੇ ਨਾ ਰਹਿ ਸਕੇ।

ਓਧਰ ਹਸਪਤਾਲ ਵਿੱਚ ਗੋਲੀ ਕੱਢ ਕੇ, ਮੇਰੀ ਲੱਤ 'ਤੇ ਪਲੱਸਤਰ ਲੱਗ ਚੁੱਕਾ ਸੀ, ਜਿਸਦਾ ਦਰਦ ਮੈਂ ਅੱਜ ਵੀ ਮਹਿਸੂਸ ਕਰ ਸਕਦੀ ਹਾਂ। ਅਗਲੇ ਦਿਨ ਰਿਸ਼ਤੇ ਚੋਂ ਲੱਗਦੀ ਮਾਸੀ ਜੋ ਅੰਮ੍ਰਿਤਸਰ ਹੀ ਰਹਿੰਦੀ ਸੀ, ਸਾਨੂੰ ਹਸਪਤਾਲ ਚੋਂ ਆਪਣੇ ਘਰ ਲੈ ਗਈ। ਓਥੇ ਹੀ ਅਸੀਂ ਆਪਣੇ ਪ੍ਰੀਵਾਰ ਦੀ ਤ੍ਰਾਸਦੀ ਅਤੇ ਸਭ ਦੇ ਮੂੰਹ ਅਖਬਾਰ ਵਿੱਚ ਦੇਖੇ। ਉਹ ਅਖਬਾਰ ਅੱਜ ਵੀ ਮੇਰੇ ਕੋਲ ਹੈ। ਹਫ਼ਤੇ ਬਾਅਦ ਜਦੋਂ ਸਾਨੂੰ ਘਰ ਲਿਆਂਦਾ ਗਿਆ ਤਾਂ ਆਲੇ-ਦੁਆਲੇ ਖੜੀ 'ਚਰ੍ਹੀ' ਵਿੱਚ ਇਹ ਘਰ ਵੀਰਾਨ ਲੱਗ ਰਿਹਾ ਸੀ। ਉਹ ਘਰ ਜਿੱਥੇ ਹਰ ਪਾਸੇ ਰੌਣਕ ਅਤੇ ਖੁਸ਼ੀਆਂ ਸੀ, ਹੁਣ ਦੁਖੀ ਅਤੇ ਉਦਾਸ ਸੀ। ਘਰ ਆ ਕੇ ਅਸੀਂ ਰੱਜ ਕੇ ਰੋਈਆਂ। ਵੱਡੀ ਭੈਣ ਨੇ ਸ਼ਹੀਦ ਜੀਆਂ ਦੀਆਂ ਚੀਜਾਂ ਥਾਂ-ਟਿਕਾਣੇ ਸਾਂਭ ਦਿੱਤੀਆਂ ਸਨ। ਪਾਪਾ ਦੀ ਰੋਜ਼ ਪਾਉਣ ਵਾਲੀ ਜੁੱਤੀ ਬਾਰੀ ਦੇ ਉੱਤੇ ਪਈ ਸੀ, ਜੋ ਉਹਨਾਂ ਦੇ ਮੁੱਕ ਚੁੱਕੇ ਸਫ਼ਰ ਨੂੰ ਦਰਸਾਉਂਦੀ ਸੀ। ਜਿਸਨੂੰ ਵੇਖ ਕੇ ਰੋਣਾ ਰੁਕ ਨਹੀਂ ਸੀ ਰਿਹਾ। ਸ਼ਰਧਾਂਜਲੀ ਸਮਾਗਮ ਕਿਵੇਂ ਹੋਇਆ, ਕਿੰਨਾਂ ਇਕੱਠ ਹੋਇਆ ਮੈਨੂੰ ਕੁਝ ਯਾਦ ਨਹੀਂ ਰਿਹਾ, ਪਤਾ ਨਹੀਂ ਕਿਉਂ।

ਪਾਪਾ ਦੇ ਸਭ ਤੋਂ ਨੇੜਲੇ ਮਿੱਤਰ ਅਤੇ ਪੱਗ ਵੱਟ ਭਰਾ ਕਾਮਰੇਡ ਸੁਖਚੈਨ ਸਿੰਘ ਜੋ ਹਮੇਸ਼ਾ ਇਕੱਠੇ ਰਹਿੰਦੇ ਹੁੰਦੇ ਸਨ। ਉਹ ਪ੍ਰੀਵਾਰ ਸਮੇਤ ਝਬਾਲ ਸ਼ੈਲਰ 'ਤੇ ਰਹਿੰਦੇ ਸਨ, ਇਹ ਇਲਾਕੇ ਦੇ ਕਮਿਊਨਿਸਟਾਂ ਲਈ ਸਰਗਰਮੀਆ ਦਾ ਕੇਂਦਰ ਸੀ। ਇੱਥੇ ਵੱਡੀ ਗਿਣਤੀ ਵਿੱਚ ਹਥਿਆਰ ਸਨ ਅਤੇ 24 ਘੰਟੇ ਕਮਿਊਨਿਸਟ ਨੌਜਵਾਨ ਮੋਰਚਾ ਸੰਭਾਲੀ ਰੱਖਦੇ। ਕਾ: ਸੁਖਚੈਨ ਸਿੰਘ ਅਤੇ ਉਹਨਾਂ ਦੀ ਪਤਨੀ ਕਾ: ਰਜਿੰਦਰਪਾਲ ਕੌਰ ਨੇ ਘਟਨਾ ਤੋਂ ਬਾਅਦ ਸਾਡੇ ਪਰਵਾਰ ਦੀ ਜਿੰਮੇਵਾਰੀ ਸੰਭਾਲੀ। ਵੀਰ ਨੂੰ ਜਲੰਧਰ ਹੋਸਟਲ 'ਚ ਭੇਜ ਦਿੱਤਾ। ਸਭ ਤੋਂ ਵੱਡੀ ਭੈਣ ਦਾ ਵਿਆਹ ਛੇ ਮਹੀਨੇ ਦੇ ਅੰਦਰ-ਅੰਦਰ ਕਰ ਦਿੱਤਾ ਗਿਆ। ਮੇਰੇ ਤੋਂ ਵੱਡੀ ਭੈਣ ਨੂੰ ਸਕੂਲ 'ਚ ਨੌਕਰੀ ਮਿਲ ਗਈ ਅਤੇ ਸੁਰੱਖਿਆ ਨੂੰ ਧਿਆਨ 'ਚ

ਰੱਖਦਿਆਂ ਉਹ ਝਬਾਲ ਸ਼ੈਲਰ ‘ਤੇ ਉਹਨਾਂ ਕੋਲ ਰਹਿਣ ਲੱਗ ਪਈ। ਸਭ ਤੋਂ ਛੋਟੀ ਨੂੰ ਪਟਿਆਲੇ ਅਨਾਥ ਆਸ਼ਰਮ ਵਿੱਚ ਭੇਜ ਦਿੱਤਾ ਗਿਆ। ਸਾਡਾ ਪ੍ਰੀਵਾਰ ਤੀਲਾ-ਤੀਲਾ ਕਰਕੇ ਬਿਖਰ ਚੁੱਕਾ ਸੀ। ਸਿਰਫ਼ ਮੈਂ ਅਤੇ ਭੂਆ ਦਾ ਪ੍ਰੀਵਾਰ ਹੀ ਘਰ ਵਿੱਚ ਰਹਿ ਗਏ, ਪਰ ਇਥੇ ਰਹਿਣ ਨੂੰ ਹੁਣ ਦਿਲ ਨਹੀਂ ਸੀ ਕਰਦਾ।

ਸਮੱਸਿਆਵਾਂ ਅਜੇ ਖਤਮ ਨਹੀਂ ਸਨ ਹੋਈਆਂ। ਇੱਕ ਰਾਤ ਮੈਂ, ਮੇਰੀ ਭੂਆ ਦਾ ਪ੍ਰੀਵਾਰ ਅਤੇ ਖਡੂਰ ਸਾਹਿਬ ਵਾਲੀ ਸਭ ਤੋਂ ਵੱਡੀ ਭੂਆ ਪ੍ਰਕਾਸ਼ ਦੀ ਬੇਟੀ, ਜੋ ਸਾਡੇ ਕੋਲ ਆਈ ਹੋਈ ਸੀ। ਅਸੀਂ ਅੰਦਰ ਸੌਣ ਲੱਗੇ ਸਾਂ ਕਿ ਬਾਹਰ ਸਾਡੇ ਪਰਵਾਸੀ ਮਜਦੂਰ ਦੀ ਚੀਕ ਸੁਣਾਈ ਦਿੱਤੀ। ਸਾਡੇ ਦਿਲ ਕੰਬ ਗਏ, ਅਸੀਂ ਉਹ ਕਮਰਾ ਛੱਡ ਦੂਜੇ ਵਿੱਚ ਚਲੇ ਗਏ। ਇਥੇ ਇੱਕ ਹੀ ਮੰਜਾ ਅਤੇ ਇੱਕ ਹੀ ਰਜਾਈ ਸੀ। ਮੈਂ ਅਤੇ ਭੂਆ ਦੇ ਬੱਚੇ ਉਸ ਰਜਾਈ ਵਿੱਚ ਦੁਬਕ ਗਏ। ਬਾਹਰ ਕਿਸੇ ਨੇ ਦਰਵਾਜੇ ਨੂੰ ਏਨੀ ਜ਼ੋਰ ਦੀ ਠੁੱਡ ਮਾਰਿਆ, ਇੰਝ ਲੱਗਾ ਜਿਵੇਂ ਬੰਬ ਚੱਲਿਆ ਹੋਵੇ। ਭੂਆ ਨੇ ਡਰਦਿਆਂ ਪੁੱਛਿਆ ‘ਕੌਣ ਏ’? ਉਹਨਾਂ ਦਰਵਾਜਾ ਖੋਹਲਣ ਲਈ ਕਿਹਾ। ਡਰਦਿਆਂ-ਡਰਦਿਆਂ ਭੂਆ ਨੇ ਦਰਵਾਜਾ ਖੋਹਲਿਆ ਤਾਂ ਦੋ ਆਦਮੀ ਜਿੰਨਾਂ ਦੇ ਮੂੰਹ ਬੰਨ੍ਹੇ ਹੋਏ ਸਨ ਅੰਦਰ ਆਏ। ਟਾਰਚ ਜਗਾਉਂਦੇ-ਬੁਝਾਉਂਦੇ ਇਹਨਾਂ ਬੰਦਿਆਂ ਦੀਆਂ ਸਿਰਫ਼ ਅੱਖਾਂ ਹੀ ਦਿਖਾਈ ਦਿੰਦੀਆਂ ਸਨ। ਸਾਨੂੰ ਲੱਗਾ ਅੱਜ ਮੌਤ ਸਿਰ ‘ਤੇ ਖੜੀ ਹੈ। ਉਹਨਾਂ ਪੈਸੇ ਮੰਗੇ, ਟਰੰਕ, ਪੇਟੀ, ਸੰਦੂਕ ਦੀ ਫਰੋਲਾ-ਫਰਾਲੀ ਕਰਾਈ ਤੇ ਜਿੰਨੇ ਵੀ ਪੈਸੇ ਮਿਲੇ ਲੈ ਕੇ ਚਲੇ ਗਏ, ਪਰ ਸਾਡੇ ‘ਤੇ ਛੱਡ ਗਏ ਇੱਕ ਹੋਰ ਦਹਿਸ਼ਤ। ਮੈਂ ਬਹੁਤ ਡਰ ਚੁੱਕੀ ਸੀ ਤੇ ਮੈਨੂੰ ਇਸ ਗੱਲ ਦਾ ਦੁੱਖ ਵੀ ਸੀ ਕਿ ਜੋ ਤੁਰ ਗਏ ਉਹਨਾਂ ਤਾਂ ਵਾਪਸ ਨਹੀਂ ਆਉਣਾ ਪਰ ਜੋ ਜਿੰਦਾ ਭੈਣਾਂ-ਭਰਾ ਸਨ ਉਹ ਵੀ ਮੇਰੇ ਤੋਂ ਦੂਰ ਨੇ। ਸਾਰੀ ਰਾਤ ਅਸੀਂ ਕਮਰੇ ਚੋਂ ਬਾਹਰ ਨਹੀਂ ਨਿੱਕਲੇ, ਜਦੋਂ ਦਿਨ ਚੜ੍ਹਿਆ ਤਾਂ ਮੈਂ ਆਪਣੇ ਸਾਰੇ ਕੱਪੜੇ ਇੱਕ ਲਿਫ਼ਾਫ਼ੇ ‘ਚ ਪਾ ਲਏ ਕਿ ‘ਹੁਣ ਇੱਥੇ ਨਹੀਂ ਰਹਿਣਾ।’ ਅਸੀਂ ਕਾਮਰੇਡ ਕੁੰਦਨ ਲਾਲ ਦੇ ਘਰ ਚਲੇ ਗਏ ਤੇ ਮੈਂ ਆਪਣੇ ਕੱਪੜੇ ਵੀ ਨਾਲ ਲੈ ਗਈ। ਮੈਂ ਕਾਮਰੇਡ ਕੁੰਦਨ ਲਾਲ ਨੂੰ ਕਿਹਾ ਕਿ ‘ਬਾਪੂ ਮੈਂ ਨੀਂ ਹੁਣ ਉਸ ਘਰ ਰਹਿਣਾ।’ ਉਹਨਾਂ ਸਾਰਾ ਦਿਨ ਸਾਨੂੰ ਆਪਣੇ ਘਰ ਬਿਠਾ ਰੱਖਿਆ ਤੇ ਸ਼ਾਮ ਨੂੰ ਕਿਹਾ ਕਿ ‘ਰਵੇਲ ਸਿੰਘ (ਮੇਰਾ ਨਾਗੋਕੇ ਵਾਲਾ ਫੁੱਫੜ, ਜਿਹਨਾਂ ਨੂੰ ਬਾਅਦ ‘ਚ ਅੱਤਵਾਦੀਆਂ ਨੇ ਅਗਵਾ ਕਰਕੇ ਸ਼ਹੀਦ ਕਰ ਦਿੱਤਾ ਸੀ) ਬੰਦੂਕ ਲੈ ਕੇ ਆ ਰਿਹਾ ਤੁਸੀਂ ਘਰ ਚੱਲੋ।’ ਬਿਨਾਂ ਮਨ ਮੰਨੇ ਮੈਨੂੰ ਫਿਰ ਉਸ ਘਰ ਆਉਣਾ ਪਿਆ। ਰਾਤ ਨੂੰ ਜਦ ਦੁਬਾਰਾ ਬਾਹਰ ਖੜਕਾ ਹੋਇਆ ਤਾਂ ਮੇਰੇ ਫੁੱਫੜ ਨੇ ਅੰਦਰੋਂ ਆਵਾਜ ਦਿੱਤੀ ‘ਕੌਣ ਏ’? ਤਾਂ ਉਹ ਭੱਜ ਗਏ। ਅਗਲੇ ਦਿਨ ਇਹ ਫੈਸਲਾ ਕੀਤਾ ਕਿ ਰਾਤ ਨੂੰ ਘਰ ਨਾ ਰਿਹਾ ਜਾਵੇ। ਅਸੀਂ ਗੁਆਂਢ ਸ਼ਰੀਕੇ ਚੋਂ ਲੱਗਦੇ ਤਾਏ ਦੇ ਘਰ ਰਾਤਾਂ ਗੁਜਾਰਨੀਆਂ ਸ਼ੁਰੂ ਕਰ ਦਿੱਤੀਆਂ। ਸ਼ਾਮ ਨੂੰ ਵੇਲੇ ਨਾਲ ਰੋਟੀ ਖਾ ਕੇ ਉਹਨਾਂ ਦੇ ਘਰ ਚਲੇ ਜਾਣਾ ਤੇ ਸਵੇਰੇ ਜਲਦੀ ਆ ਜਾਣਾ। ਇੱਕ ਸ਼ਾਮ ਤਾਈ ਬਹੁਤ ਘਬਰਾਈ ਹੋਈ ਸਾਡੇ ਘਰ ਆਈ, ਉਸਨੇ ਮੇਰੀ ਭੂਆ ਨੂੰ ਕਿਹਾ ਕਿ ‘ਅਸੀਂ ਝਬਾਲ ਤੋਂ ਆ ਰਹੇ ਸਾਂ ਕਿ ਰਸਤੇ ਵਿੱਚ “ਮੁਕਾਬਲਾ” ਹੋ ਰਿਹਾ ਸੀ, ਅਸੀਂ ਮਸਾਂ ਜਾਨ ਬਚਾ ਕੇ ਆਏ ਹਾਂ, ਤੁਸੀਂ ਜਲਦੀ ਆਜੋ ਰੋਟੀ ਖਾ ਕੇ।’

ਇਹ ਸੁਣ ਕੇ ਮੇਰੀਆਂ ਤਾਂ ਲੱਤਾਂ ਹੀ ਜਾਮ ਹੋ ਗਈਆਂ। ਭੂਆ ਨੇ ਜਲਦੀ-ਜਲਦੀ ਕੰਮ ਸਮੇਟਣਾ ਸ਼ੁਰੂ ਕਰ ਦਿੱਤਾ। ਭੂਆ ਜਦੋਂ ਮੈਨੂੰ ਕੁਝ ਅੰਦਰੋਂ ਲੈ ਆਉਣ ਨੂੰ ਕਹਿੰਦੀ ਤਾਂ ਮੈਂ ਮਨ ਹੀ ਮਨ ਭੂਆ ਨੂੰ ਕੋਸਦੀ ਕਿਉਂਕਿ ਉਹਨਾਂ ਕਮਰਿਆਂ ‘ਚ ਵੜਦਿਆਂ ਮੈਨੂੰ ਦਿਨੇ ਹੀ ਡਰ ਲੱਗਦਾ ਸੀ। ਅਸੀਂ ਜਲਦੀ ਨਾਲ ਕੰਮ ਨਿਬੇੜ ਕੇ ਤਾਏ ਦੇ ਘਰ ਵੱਲ ਤੁਰ ਪਈਆਂ। ਹਨੇਰਾ ਹੋ ਚੁੱਕਾ ਸੀ ਅਤੇ ਝੋਨਾ ਲਗਾਉਣ ਲਈ ਖੇਤਾਂ ‘ਚ ਹਰ ਪਾਸੇ ਪਾਣੀ ਲੱਗਾ ਸੀ। ਜਦੋਂ ਅਸੀਂ ਕਾਹਲੀ-ਕਾਹਲੀ ਤੁਰੇ ਜਾ ਰਹੇ ਸੀ ਕਿ ਅਚਾਨਕ ਪੁਲਿਸ ਵੱਲੋਂ ਛੱਡੇ ਰਾਕਟ ਲਾਂਚਰ ਨੇ ਚਾਰ-ਚੁਫੇਰੇ ਮਨਾਂ ਮੂੰਹੀਂ ਚਾਨਣ ਕਰ ਦਿੱਤਾ। ਸਾਡੇ ਸਭ ਦੇ ਸਾਹ ਰੁਕ ਗਏ ਤੇ ਮੈਨੂੰ ਲੱਗਾ ਕਿ ਉਹਨਾਂ ਸਾਨੂੰ ਦੇਖ ਲਿਆ ਹੁਣ ਅਸੀਂ ਨਹੀਂ ਬਚਦੇ। ਲੱਤਾਂ ਭਾਰ ਨਹੀਂ ਸੀ ਚੁੱਕ ਰਹੀਆਂ, ਅਸੀਂ ਡਿੱਗਦੇ ਢਹਿੰਦੇ ਜਦ ਤਾਏ ਦੇ ਘਰ ਪਹੁੰਚੇ ਤਾਂ ਕਮਰ ਤੱਕ ਚਿੱਕੜ ਨਾਲ ਲਿੱਬੜ ਚੁੱਕੇ ਸੀ। ਮੈਨੂੰ ਰੋਜ਼ ਰਾਤ ਨੂੰ ਕਿਸੇ ਦੇ ਘਰ ਜਾ ਕੇ ਸੌਣਾ ਚੰਗਾ ਨਹੀਂ ਸੀ ਲੱਗਦਾ। ਮੈਂ ਆਪਣੇ ਆਪ ਨੂੰ ਇਕੱਲੀ ਮਹਿਸੂਸ ਕਰਦੀ ਲੁਕ-ਲੁਕ ਰੋਂਦੀ ਰਹਿਣਾ। (ਕਿਉਂਕਿ ਮੈਂ ਕਿਸੇ ਸਹਾਮਣੇ ਆਪਣੇ-ਆਪ ਨੂੰ ਤਰਸ ਦੀ ਪਾਤਰ ਨਹੀਂ ਬਣਾਉਣਾ ਚਹੁੰਦੀ ਸੀ।) ਏਸੇ ਕਾਰਨ ਸੋਹਲ ਪਿੰਡ ਰਹਿ ਸਕਣਾ ਮੇਰੇ ਲਈ ਬਹੁਤ ਔਖਾ ਹੋ ਗਿਆ। ਮੈਂ ਨਿੱਕੀ-ਨਿੱਕੀ ਗੱਲ ‘ਤੇ ਭੂਆ ਨਾਲ ਝਗੜਾ ਕਰਦੀ ਤੇ ਜਦੋਂ ਦਿਲ ਕਰਦਾ ਝਬਾਲ ਸ਼ੈਲਰ ‘ਤੇ ਪਹੁੰਚ ਜਾਂਦੀ। ਅਖੀਰ ਮੈਨੂੰ ਵੀ ਭੈਣ ਜੀ ਵਿਮਲਾ ਡਾਂਗ ਹੁਰਾਂ ਪਟਿਆਲੇ ਅਨਾਥ ਆਸ਼ਰਮ ਵਿੱਚ ਛੋਟੀ ਭੈਣ ਕੋਲ ਪਹੁੰਚਾਉਣ ਦਾ ਪ੍ਰਬੰਧ ਕਰ ਦਿੱਤਾ। ਕਾਮਰੇਡ ਦਵਿੰਦਰ ਸੋਹਲ ਅਤੇ ਕਾਮਰੇਡ ਕਮਲ ਕ੍ਰਾਂਤੀ ਮੈਨੂੰ ਓਥੇ ਛੱਡ ਆਏ। ਆਸ਼ਰਮ ਦੇ ਵਿੱਚ ਅਨਾਥ ਬੱਚਿਆਂ ਦੇ ਨਾਲ ਕੀਤੇ ਜਾਂਦੇ ਵਿਹਾਰ ਨੇ ਵੀ ਮੈਨੂੰ ਪ੍ਰੇਸ਼ਾਨ ਕਰ ਦਿੱਤਾ ਜਿਸ ਕਾਰਨ ਮੈਂ ਵੀਰ ਗੁਰਬਿੰਦਰ ਅਤੇ ਭੈਣ ਵੀਰਇੰਦਰ ਨੂੰ ਚਿੱਠੀਆਂ ਲਿਖ-ਲਿਖ ਕੇ ਆਸ਼ਰਮ ਵਿੱਚੋਂ ਸਾਨੂੰ ਲੈ ਜਾਣ ਲਈ ਮਜਬੂਰ ਕਰ ਦਿੱਤਾ।




ਬਾਰਵੀਂ ਕਰਨ ਤੋਂ ਬਾਅਦ ਮੈਂ ਭਾਜੀ ਬਲਕਾਰ ਵਲਟੋਹਾ (ਜੋ ਮੇਰੀ ਭੈਣ ਵਰਿੰਦਰ ਦੇ ਪਤੀ ਅਤੇ ‘ਗੌਰਮਿੰਟ ਸਕੂਲ ਟੀਚਰਜ ਯੂਨੀਅਨ’ ਦੇ ਪਰਧਾਨ ਨੇ) ਦੀ ਸਲਾਹ ‘ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾਖਲਾ ਲੈ ਲਿਆ। ਦਸੰਬਰ 1996 ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਮੋਗੇ ਲੱਗੇ ਇੱਕ ਸਿਧਾਂਤਕ ਕੈਂਪ ‘ਚ ਭਾਜੀ ਬਲਕਾਰ ਪਹਿਲੀ ਵਾਰ ਮੈਨੂੰ ਲੈ ਕੇ ਆਏ। ਇਹ ਕੈਂਪ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਵੱਲੋਂ ਲਗਾਇਆ ਗਿਆ ਸੀ। ਇਸ ਭਵਨ ਦੀਆਂ ਪੌੜੀਆਂ ਕੀ ਚੜ੍ਹੀ ਫਿਰ ਕਦੇ ਪਿੱਛੇ ਮੁੜ ਕੇ ਨਹੀਂ ਦੇਖਿਆ। ਏ.ਆਈ.ਐੱਸ.ਐੱਫ. ਅਤੇ ਸਰਵ ਭਾਰਤ ਨੌਜਵਾਨ ਸਭਾ ਵੱਲੋਂ ਪਹਿਲੀ ਵਾਰ 28 ਸਤੰਬਰ 1997 ਜਲੰਧਰ ਦੇਸ਼ਭਗਤ ਯਾਦਗਾਰ ਹਾਲ ਵਿੱਚ ਪਰਮਗੁਣੀ ਭਗਤ ਸਿੰਘ ਦਾ ਜਨਮ ਦਿਨ ਮਨਾਇਆ ਗਿਆ। ਅਗਲੇ ਸਾਲ ਇਸੇ ਦਿਨ ਵੱਡੀ ਰੈਲੀ ਮੋਗੇ ਕਰਕੇ ‘ਰੁਜ਼ਗਾਰ ਪ੍ਰਾਪਤੀ ਚੇਤਨਾ ਮੁਹਿੰਮ’ ਦਾ ਆਰੰਭ ਕੀਤਾ। ਇਸ ਮੁਹਿੰਮ ਨੂੰ ਕਾਮਯਾਬੀ ਨਾਲ ਚਲਾਉਣ ਲਈ ਵੱਡੀ ਗਿਣਤੀ ਵਿੱਚ ਆਗੂ ਮੁੰਡੇ ਕੁੜੀਆਂ ਦੀ ਲੋੜ ਸੀ। ਇਸ ਲੋੜ ਨੂੰ ਪੂਰਾ ਕਰਨ ਲਈ ਮੋਗੇ ਭਵਨ ਵਿੱਚ ਬਾਈ ਜਗਰੂਪ ਵੱਲੋਂ ਪੂਰੀ-ਪੂਰੀ ਰਾਤ ਦੇ ਕੈਂਪ ਲਗਾ ਕੇ ਮੁੰਡੇ-ਕੁੜੀਆਂ ਨੂੰ ਸਟੇਜ ‘ਤੇ ਬੋਲਣਾ ਸਿਖਾਉਣ ਦੀ ਸਖਤ ਮਿਹਨਤ ਕੀਤੀ ਗਈ। ਉਹਨਾਂ ਵੱਲੋਂ ਨੌਜਵਾਨਾਂ ਨੂੰ ਸਿਧਾਂਤਕ ਤੌਰ ‘ਤੇ ਪ੍ਰਪੱਕ ਕਰਨ ਦੇ ਯਤਨ ਅੱਜ ਵੀ ਜਾਰੀ ਹਨ। ‘ਨਛੱਤਰ ਭਵਨ’ ‘ਚ ਹੀ ਮੈਂ ਸਟੇਜ ‘ਤੇ ਬੋਲਣਾ ਸਿੱਖਿਆ। ਏ.ਆਈ.ਐੱਸ.ਐੱਫ. ਦੀ ਸੂਬਾ ਕੌਂਸਲ ਮੈਂਬਰ ਬਨਣ ਤੋਂ ਬਾਅਦ ਅੱਗੇ ਚੱਲਦਿਆਂ ਦਲਵੀਰ ਕੌਰ ਧੂੜਕੋਟ ਤੋਂ ਮਗਰੋਂ ਸੂਬਾ ਪ੍ਰਧਾਨ ਦੇ ਤੌਰ ‘ਤੇ ਕੰਮ ਕਰਨ ਦਾ ਮੌਕਾ ਮਿਲਿਆ। ਜਿੱਥੇ ਭਾਜੀ ਬਲਕਾਰ ਮੈਨੂੰ ਇਸ ਪਾਸੇ ਤੋਰਨ ਵਾਲੇ ਪਹਿਲੇ ਇਨਸਾਨ ਹਨ

ਤਾਂ ਕਾ: ਪ੍ਰਿਥੀਪਾਲ ਮਾੜੀਮੇਘਾ ਬਹੁਤ ਸਾਰੇ ਪ੍ਰੋਗਰਾਮਾਂ 'ਤੇ ਨਾਲ ਲੈ ਕੇ ਜਾਂਦੇ ਅਤੇ ਇਕੱਲੀ ਜਾਣ ਦਾ ਹੌਸਲਾ ਵੀ ਦਿੰਦੇ। ਜਿਵੇਂ ਪਰਵਾਰ ਵਿੱਚ ਸਾਨੂੰ ਪੰਜਾਂ ਭੈਣਾਂ ਨੂੰ ਪਾਪਾ ਨੇ ਕਦੇ ਇਹ ਅਹਿਸਾਸ ਨਾ ਹੋਣ ਦਿੱਤਾ ਕਿ ਅਸੀਂ ਕੁੜੀਆਂ। ਪੁੱਤਾਂ ਵਾਂਗ ਹੀ ਉਹਨਾਂ ਸਾਨੂੰ ਬਹੁਤ ਪਿਆਰ ਦਿੱਤਾ। ਜਦੋਂ ਬਚਪਨ 'ਚ ਮੇਰੀ ਲੱਤ ਟੁੱਟ ਗਈ ਤਾਂ ਸ਼ਰੀਕੇ ਚੋਂ ਕਈਆਂ ਨੇ ਕਿਹਾ ਕਿ 'ਸਵਰਨ ਤੇਰੀਆਂ ਵਾਧੂ ਧੀਆਂ, ਇਹਨੂੰ ਬੱਜਾ-ਰੱਤੀ ਨੂੰ ਕਿੱਥੇ ਚੱਕੀ ਫਿਰੇਂਗਾ, ਕਿਸੇ ਖੂਹ ਖਾਤੇ 'ਚ ਧੱਕਾ ਦੇ ਦੇ।' ਪਰ ਪਾਪਾ ਨੇ ਸਭ ਨੂੰ ਠੋਕਵਾਂ ਜਵਾਬ ਦਿੰਦਿਆਂ ਕਿਹਾ 'ਇਹ ਮੇਰੀ ਧੀ ਨਹੀਂ, ਮੇਰਾ ਪੁੱਤ ਈ ਆ'। ਉਹਨਾਂ ਦੋ-ਤਿੰਨ ਮਹੀਨੇ ਪੂਰੀ ਭੱਜ-ਨੱਠ ਕਰਕੇ ਮੇਰਾ ਵਧੀਆ ਇਲਾਜ ਕਰਵਾਇਆ। ਮੈਂ ਜਿਵੇਂ ਪ੍ਰੀਵਾਰ 'ਚ ਵੇਖਿਆ ਤੇ ਕਮਿਊਨਿਸਟਾਂ ਬਾਰੇ ਸੁਣਿਆਂ ਸੀ ਕਿ ਉਹ ਮੁੰਡੇ ਕੁੜੀ 'ਚ ਭੇਦਭਾਵ ਨਹੀਂ ਕਰਦੇ, ਉਹ ਜੱਥੇਬੰਦੀਆਂ 'ਚ ਵਿਚਰਦਿਆਂ ਮੈਂ ਮਹਿਸੂਸ ਕੀਤਾ। ਮੈਨੂੰ ਕਦੇ ਇਹ ਅਹਿਸਾਸ ਨਹੀਂ ਹੋਇਆ ਕਿ ਮੈਂ ਇੱਕ ਲੜਕੀ ਹਾਂ। ਇੱਕ ਲੜਕੀ ਹੋਣ ਦੇ ਬਾਵਜੂਦ ਲੜਕਿਆਂ ਦੇ ਬਰਾਬਰ ਕੰਮ ਕਰਨ ਦਾ ਮੌਕਾ ਮਿਲਿਆ।




2004 'ਚ ਮੇਰਾ ਵਿਆਹ ਮੋਗੇ ਸਾਥੀ ਬਲਵਿੰਦਰ ਮਿੱਠਾ ਨਾਲ ਹੋ ਗਿਆ। ਜੱਥੇਬੰਦੀ ਵਿੱਚ ਜਿਵੇਂ ਮੈਂ ਵਿਆਹ ਤੋਂ ਪਹਿਲਾਂ ਕੰਮ ਕਰਦੀ ਸੀ ਸਾਥੀ ਨੇ ਉਸ ਤੋਂ ਵੀ ਵੱਧ ਕੰਮ ਕਰਨ ਲਈ ਹੱਲਾਸ਼ੇਰੀ ਦਿੱਤੀ। ਮੇਰੇ ਨਾਲ ਕੰਮ ਕਰਦੀਆਂ ਜਿਆਦਾਤਰ ਲੜਕੀਆਂ ਦੀ ਵਿਆਹ ਤੋਂ ਬਾਅਦ ਜੱਥੇਬੰਦੀ ਵਿੱਚ ਓਨੀ ਸਰਗਰਮੀ ਨਾ ਰਹੀ। ਮੇਰੇ ਲਈ ਇਹ ਮਾਣ ਵਾਲੀ ਗੱਲ ਹੈ ਕਿ ਮੈਂ ਅੱਜ ਵੀ ਲਹਿਰ 'ਚ ਆਪਣਾ ਬਣਦਾ ਰੋਲ ਅਦਾ ਕਰ ਰਹੀ ਹਾਂ। ਜੱਥੇਬੰਦੀ ਵਿੱਚ ਵਿਚਰਦਿਆਂ ਅਣਗਿਣਤ ਅਜਿਹੇ ਰਿਸ਼ਤੇ ਮਿਲੇ ਜਿਹਨਾਂ ਨੇ ਬਚਪਣ 'ਚ ਰਿਸ਼ਤਿਆਂ ਦੀ ਪਈ ਘਾਟ ਨੂੰ ਪੂਰਾ ਕਰਨ ਦੀ ਕੋਸ਼ਿਸ ਕੀਤੀ। ਆਮ ਕੁੜੀਆਂ ਦੇ ਪੇਕੇ ਤਾਂ ਉਸ ਘਰ ਹੀ ਹੁੰਦੇ ਨੇ ਜਿੱਥੇ ਉਹਨਾਂ ਜਨਮ ਲਿਆ ਹੋਵੇ ਪਰ ਮੇਰੇ ਲਈ ਇਹ ਮਾਣ ਵਾਲੀ ਗੱਲ ਹੈ ਕਿ ਮੈਨੂੰ ਕਈ ਘਰਾਂ ਵਿੱਚ ਪੇਕਿਆਂ ਵਰਗਾ ਪਿਆਰ ਮਿਲਿਆ। ਪ੍ਰਿਥੀਪਾਲ ਮਾੜੀਮੇਘਾ ਤੇ ਭਾਬੀ ਰੁਪਿੰਦਰ, ਦਵਿੰਦਰ ਸੋਹਲ ਤੇ ਸੀਮਾ ਸੋਹਲ, ਕਾ: ਗੁਰਮੇਲ ਮੋਗਾ, ਹਰਲਾਭ ਦੂਹੇਵਾਲਾ (ਮੁਕਤਸਰ), ਹੰਸ ਰਾਜ ਗੋਲਡਨ ਆਦਿ। ਸੀਨੀਅਰ ਸਾਥੀਆਂ ਵੱਲੋਂ ਵਧੀਆ ਸਾਥ ਅਤੇ ਹੌਸਲਾ ਹਫਜਾਈ ਮਿਲੀ। ਬਰਾਬਰ ਦੇ ਅਤੇ ਛੋਟਿਆਂ ਵੱਲੋਂ ਵੀ ਬਹੁਤ ਇੱਜਤ ਮਾਣ ਮਿਲਿਆ। ਨਵਿਆਂ 'ਚੋਂ ਸੁਖਜਿੰਦਰ ਮਹੇਸਰੀ (ਸੂਬਾ ਸਕੱਤਰ ਸਰਵ ਭਾਰਤ ਨੌਜਵਾਨ ਸਭਾ, ਪੰਜਾਬ) ਜਿਸਦਾ ਸਾਥੀ ਬਲਵਿੰਦਰ ਮਿੱਠੇ ਨਾਲ ਰਿਸ਼ਤਾ ਦੋਸਤੀ ਤੋਂ ਸ਼ੁਰੂ ਹੋ ਕੇ ਅੱਜ ਭਰਾਵਾਂ ਤੋਂ ਵੀ ਵੱਧ ਹੈ। ਪਤਾ ਹੀ ਨਹੀਂ ਲੱਗਾ ਕਦੋਂ ਉਹ ਸਾਡੇ ਪਰਵਾਰ ਦਾ ਅਟੁੱਟ ਅੰਗ ਬਣ ਗਿਆ। ਉਹ ਹਮੇਸ਼ਾ ਸਾਨੂੰ ਪੜ੍ਹਨ-ਲਿਖਣ ਲਈ ਪ੍ਰੇਰਦਾ ਰਹਿੰਦਾ। ਜੇ ਮੈਂ ਬਹੁਤ ਕੁਝ ਖੋਇਆ ਹੈ ਤਾਂ ਬਹੁਤ ਕੁਝ ਪਾਇਆ ਵੀ ਹੈ। ਜੱਥੇਬੰਦੀਆਂ 'ਚ ਵਿਚਰਦਿਆਂ ਹੀ ਸੀ.ਪੀ.ਆਈ. ਦੀ 2002 ਸੰਗਰੂਰ ਹੋਈ ਸੂਬਾ ਕਾਨਫਰੰਸ ਵਿੱਚ ਪਹਿਲੀ ਵਾਰ ਸ਼ਾਮਲ ਹੋ ਕੇ ਵਿੱਦਿਆ ਬਾਰੇ ਮਤਾ ਪੇਸ਼ ਕਰਨ ਦਾ ਮੌਕਾ ਮਿਲਿਆ। ਏਥੇ ਹੀ ਪਹਿਲੀ ਵਾਰ ਪਾਰਟੀ ਦੀ ਸੂਬਾ ਕੌਂਸਲ ਮੈਂਬਰ ਚੁਣੀ ਗਈ। ਜਲੰਧਰ 'ਚ ਹੋਈ ਪਾਰਟੀ ਦੀ ਕਾਨਫਰੰਸ ਵਿੱਚ ਸਭ ਤੋਂ ਛੋਟੀ ਉਮਰ ਦੀ ਸੂਬਾ ਕਾਰਜਕਰਨੀ ਮੈਂਬਰ ਬਣੀ। ਜਦੋਂ ਹਰ ਇਕੱਠ 'ਚ ਸ਼ਾਮਲ ਹੋਏ ਅਣਗਿਣਤ ਹੱਥਾਂ ਦਾ ਸਿਰ 'ਤੇ ਪਿਆਰ ਮਿਲਦਾ ਤਾਂ ਹੋਰ ਅੱਗੇ ਵਧ ਕੇ ਕੰਮ ਕਰਨ ਦਾ ਉਤਸ਼ਾਹ ਮਿਲਦਾ ਹੈ।

ਇੱਕੀ ਸਾਲ ਬਾਅਦ ਪੀੜ੍ਹੀ ਬਦਲ ਜਾਂਦੀ ਹੈ। ਸਾਡੇ ਪਰਵਾਰ ਦੀ ਪੀੜ੍ਹੀ ਵੀ ਬਦਲ ਚੁੱਕੀ ਹੈ। ਉਦੋਂ ਅਸੀਂ ਬੱਚੇ ਸੀ, ਅੱਜ ਸਾਡੇ ਬੱਚੇ ਨੇ। ਬੱਚਿਆਂ ਨੂੰ ਜਦ ਉਸ ਘਟਨਾ ਬਾਰੇ ਦੱਸਦੇ ਹਾਂ ਤਾਂ ਉਹਨਾਂ ਨੂੰ ਯਕੀਨ ਨਹੀਂ ਆਉਂਦਾ, ਉਹ ਇਸਨੂੰ ਇੱਕ ਕਹਾਣੀ ਵਾਂਗ ਹੀ ਸਮਝਦੇ ਨੇ, ਜਿਵੇਂ ਅਸੀਂ ਛੋਟੇ ਹੁੰਦੇ 1947 ਦੀਆਂ ਘਟਨਾਵਾਂ ਬਾਰੇ ਸੁਣਦੇ ਹੁੰਦੇ ਸੀ ਤਾਂ ਸਾਨੂੰ ਵੀ ਇਹ ਸੱਚ ਨਹੀਂ ਲੱਗਦੀਆਂ ਸਨ। ਪਰ ਆਪਣੇ ਨਾਲ ਵਾਪਰੀ ਘਟਨਾ ਤੋਂ ਬਾਅਦ ਯਕੀਨ ਆਇਆ ਕਿ ਜੋ ਹੱਢੀਂ ਹੰਢਾਉਂਦਾ ਹੈ, ਉਹੀ ਇਸਦਾ ਦਰਦ ਮਹਿਸੂਸ ਕਰ ਸਕਦਾ।

ਜਦੋਂ ਹੁਣ ਫਿਰ ਸਾਡਾ ਸਮਾਜ ਕਈ ਸਮੱਸਿਆਵਾਂ ਵਿੱਚ ਉਲਝਿਆ ਹੋਇਆ ਹੈ। ਖਾਸ ਕਰ ਜਵਾਨੀ ਕੋਈ ਕੰਮ ਨਾ ਮਿਲਣ ਕਾਰਨ ਆਤਮ ਹੱਤਿਆਂ ਜਾਂ ਨਸ਼ਿਆਂ ਦਾ ਸਹਾਰਾ ਲੈ ਰਹੀ ਹੈ। ਹਜ਼ਾਰਾਂ ਘਰ ਇਸਦੀ ਲਪੇਟ 'ਚ ਆ ਚੁੱਕੇ ਹਨ, ਜੇ ਇਹਨਾਂ ਵਿਹਲੇ ਹੱਥਾਂ ਨੂੰ ਯੋਗ ਕੰਮ ਤੇ ਨਾ ਲਗਾਇਆ ਗਿਆ ਤਾਂ ਸਾਡੇ ਸਮਾਜ ਲਈ ਇਸਦੇ ਨਤੀਜੇ ਬਹੁਤ ਮਾੜੇ ਨਿੱਕਲਣਗੇ। ਕਿਉਂਕਿ ਅਸੀਂ ਪਹਿਲਾਂ ਹੀ ਘਰਾਂ ਦੀ ਮਾੜੀ ਹਾਲਤ ਅਤੇ ਸਰਕਾਰਾਂ ਵੱਲੋਂ ਨੌਜਵਾਨਾਂ ਨੂੰ ਕੰਮ ਦੇ ਯੋਗ ਮੌਕੇ ਨਾ ਦੇਣ ਕਾਰਨ, ਅੱਤਵਾਦ ਦੇ ਰੂਪ ਵਿੱਚ ਇਸਦਾ ਸੰਤਾਪ ਹੰਢਾ ਚੁੱਕੇ ਹਾਂ। ਜਿਸ ਵਿੱਚ ਹਜ਼ਾਰਾਂ ਬੇਕਸੂਰ ਬੱਚਿਆਂ, ਬਜੁਰਗਾਂ, ਨੌਜਵਾਨਾਂ ਅਤੇ ਔਰਤਾਂ ਦੀ ਜਾਨ ਗਈ। ਪੰਜਾਬ ਦੀ ਇੱਜਤ, ਅਣਖ ਦਾ ਘਾਣ ਹੋਇਆ। ਆਰਥਿਕ ਪੱਖੋਂ ਵੀ ਮਾਰ ਸਹਿਣੀ ਪਈ। ਇਸ ਦੌਰ 'ਚ ਹੋਏ ਵੱਡੇ ਜਾਨੀ-ਮਾਲੀ ਨੁਕਸਾਨ ਦੀ ਭਰਪਾਈ ਨਹੀਂ ਹੋ ਸਕਦੀ। ਅੱਜ ਕਿਸਾਨਾਂ ਦੀ ਜਮੀਨ ਦੀ ਢੇਰੀ ਹਰ ਰੋਜ਼ ਛੋਟੀ ਹੋ ਰਹੀ ਹੈ ਤੇ ਕਰਜੇ ਦੀ ਪੰਡ ਭਾਰੀ, ਜਿਸ ਕਾਰਨ ਉਹ ਖੁਦਕੁਸ਼ੀਆਂ ਕਰਨ ਲਈ ਮਜ਼ਬੂਰ ਹੋ ਰਹੇ ਹਨ। ਮਜਦੂਰਾਂ ਨੂੰ ਰੱਜਵੀਂ ਰੋਟੀ ਲਈ ਆਪਣਾ ਆਪ ਵੇਚਣਾ ਪੈ ਰਿਹਾ ਹੈ। ਇਲਾਜ ਖੁਣੋਂ ਲੋਕ ਘਾਤਕ ਬਿਮਾਰੀਆਂ ਦਾ ਸ਼ਿਕਾਰ ਹੋਏ, ਮੌਤ ਦੇ ਮੂੰਹ ਜਾ ਰਹੇ ਹਨ। ਨੌਜਵਾਨਾਂ ਨੂੰ ਉਹਨਾਂ ਦੀ ਯੋਗਤਾ ਅਨੁਸਾਰ ਕੰਮ ਨਾ ਦੇ ਕੇ, ਯੋਗਤਾ ਦਾ ਮਜ਼ਾਕ ਉਡਾਇਆ ਜਾ ਰਿਹਾ ਹੈ। ਉਹ ਸਰਕਾਰਾਂ ਦਾ ਆਪਣੇ ਵੱਲ ਧਿਆਨ ਖਿੱਚਣ ਲਈ ਜਾਨ ਜੋਖਮ ਵਿੱਚ ਪਾ ਕੇ ਟੈਂਕੀਆਂ 'ਤੇ ਚੜ੍ਹ ਰਹੇ ਹਨ। ਠੇਕੇਦਾਰੀ ਸਿਸਟਮ ਅਧੀਨ ਆਰਜ਼ੀ ਰੁਜਗਾਰ 'ਚ ਲੱਗੇ ਲੱਖਾਂ ਨੌਜਵਾਨ ਮਜਬੂਰੀ ਵੱਸ ਬਹੁਤ ਘੱਟ ਤਨਖਾਹਾਂ 'ਤੇ ਆਪਣਾ ਸ਼ੋਸ਼ਣ ਕਰਵਾ ਰਹੇ ਹਨ। ਫਿਰ ਸਵਾਰਥੀ ਘਰਾਣੇ/ਸਰਕਾਰਾਂ ਲੋਕਾਂ ਦਾ ਇਹਨਾਂ ਅਸਲ ਮੁੱਦਿਆਂ ਤੋਂ ਧਿਆਨ ਪਾਸੇ ਕਰਨ ਲਈ, ਖਾਸ ਕਰ ਜਵਾਨੀ ਨੂੰ ਇੰਟਰਨੈੱਟ ਅਤੇ ਹੋਰ ਸਾਧਨਾਂ ਰਾਹੀਂ ਕੁਰਾਹੇ ਪਾਉਣ ਲਈ ਯਤਨਸ਼ੀਲ ਹਨ। ਉਹਨਾਂ ਨੂੰ ਭਾੜੇ ਦੇ ਗੁੰਡੇ ਬਨਣ ਅਤੇ ਹੋਰ ਸਮਾਜਕ ਬੁਰਾਈਆਂ ਵੱਲ ਤੋਰਿਆ ਜਾ ਰਿਹਾ। ਇਸ ਸਭ ਦਾ ਮੁੱਖ ਕਾਰਨ ਹੈ ਬੇਰੁਜਗਾਰੀ। ਸਭ ਨੂੰ ਰੁਜਗਾਰ ਦੇਣਾ ਹੀ ਇਸਦਾ ਇੱਕੋ ਇੱਕ ਹੱਲ ਹੈ। ਇਸ ਲਈ ਪਾਰਲੀਮੈਂਟ ਦੁਆਰਾ 'ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ' ( BNEGA) ਪਾਸ ਕਰਵਾਉਣ ਲਈ ਯਤਨ ਤੇਜ਼ ਕਰੀਏ। ਇਸ ਕਾਨੂੰਨ ਤਹਿਤ ਹਰ ਇੱਕ ਨੂੰ ਉਸਦੀ ਯੋਗਤਾ ਅਨੁਸਾਰ ਕੰਮ ਜਾਂ ਕੰਮ ਇੰਤਜ਼ਾਰ ਭੱਤਾ ਹਾਸਲ ਕਰਨ ਦੀ ਗਰੰਟੀ ਬਣੇ। ਅਸੀਂ ਨੌਜ਼ਵਾਨ-ਵਿਦਿਆਰਥੀਆਂ ਨੇ 'ਰੁਜ਼ਗਾਰ ਪ੍ਰਾਪਤੀ ਮੁਹਿੰਮ' ਵੱਲੋਂ ਇਸ ਕਾਨੂੰਨ ਦੀ ਪ੍ਰਾਪਤੀ ਲਈ, ਨੌਜ਼ਵਾਨਾਂ ਨੂੰ ਚੇਤਨ ਅਤੇ ਲਾਮਬੰਦ ਕਰਦਿਆਂ 23 ਮਾਰਚ 2015 ਹੁਸੈਨੀਵਾਲਾ ਤੋਂ ਦਸਤਖਤੀ ਮੁਹਿੰਮ ਆਰੰਭੀ ਹੋਈ ਹੈ। ਆਓ ਇਸ ਵਿੱਚ ਬਣਦਾ ਯੋਗਦਾਨ ਪਾਉਂਦਿਆਂ, ਰਲ ਕੇ ਇਸ ਸਮਾਜ ਨੂੰ ਬਦਲਣ ਦਾ ਤਹੱਈਆ ਕਰੀਏ।

**(ਨਰਿੰਦਰ ਕੌਰ ਸੋਹਲ, 94641-13255)**

# ਸੁਰਜੀਤ ਗੱਗ ਦੇ ਵਿਚਾਰ...

ਮੈਂ ਨਾਸਤਿਕ ਹਾਂ।

ਮੈਂ ਕਿਸੇ ਵੀ ਧਰਮ ਅਨੁਸਾਰ ਚੱਲਣ ਲਈ ਪਾਬੰਦ ਨਹੀਂ ਹਾਂ।

ਚੰਗੀਆਂ ਗੱਲਾਂ, ਚਾਹੇ ਉਹ ਕਿਸੇ ਧਰਮ ਗ੍ਰੰਥ ਵਿੱਚ ਹੋਣ ਜਾਂ ਕਿਸੇ ਹੋਰ ਸ਼ਾਸਤਰ ਵਿੱਚ, ਮੇਰੇ ਲਈ ਸਵਾਗਤਯੋਗ ਹਨ।

ਮਾੜੀਆਂ ਗੱਲਾਂ, ਚਾਹੇ ਉਹ ਬਹੁਗਿਣਤੀ ਲਈ ਕਿੰਨੀਆਂ ਵੀ ਸਨਮਾਨਜਨਕ ਹੋਣ, ਮੈਂ ਉਹਨਾਂ ਦੀ ਨਿਖੇਧੀ ਕਰਦਾ ਹਾਂ।

ਮੈਂ ਵਿਚਾਰਾਂ ਦੇ ਪ੍ਰਗਟਾਵੇ ਲਈ ਆਜ਼ਾਦ ਹਾਂ।

ਵਿਅਕਤੀਗਤ ਆਜ਼ਾਦੀ ਮੇਰਾ ਸੁਪਨਾ ਹੈ।

ਪੁਰਾਤਨ ਲਿਖਤਾਂ, ਭਾਵੇਂ ਉਹ ਕਿਸੇ ਵੀ ਉੱਚ-ਪਦਵੀ ਪ੍ਰਾਪਤ ਵਿਅੱਕਤੀ ਵੱਲੋਂ ਲਿਖੀਆਂ ਹੋਣ, ਨੂੰ ਦਲੀਲ ਦੇ ਆਧਾਰ ਤੇ ਨਕਾਰਨ ਦਾ ਮੈਨੂੰ ਪੂਰਾ ਹੱਕ ਹੈ।

ਮੈਂ ਮੌਤ ਤੋਂ ਨਹੀਂ ਡਰਦਾ। ਕੁਦਰਤ ਦਾ ਨਿਯਮ ਹੈ, ਜੋ ਪੈਦਾ ਹੋਇਆ ਹੈ, ਉਸ ਦਾ ਖਾਤਮਾ ਯਕੀਨੀ ਹੈ।

ਸਮਾਜ ਵਿੱਚ ਵਾਪਰਦੇ ਹਰ ਵਰਤਾਰੇ ਤੇ ਘੋਖਵੀਂ ਨਜ਼ਰ ਰੱਖਣਾ ਮੇਰਾ ਸ਼ੌਕ ਹੈ।

ਮੈਂ ਸ਼ਰਾਬ ਨੂੰ ਵੀ ਗੰਨੇ ਦੇ ਰਸ ਦੀ ਉਪਜ ਸਮਝਦਾ ਹਾਂ।

ਮੈਂ ਹਰ ਵਸਤੂ ਅਤੇ ਵਰਤਾਰੇ ਦੀ ਦੁਰਵਰਤੋਂ ਦੇ ਖਿਲਾਫ ਹਾਂ।

ਮੈਨੂੰ ਕਿਰਪਾਨਾਂ, ਟਕੂਏ, ਬਰਛਿਆਂ ਨਾਲੋਂ, ਚਾਕੂ, ਛੁਰੀਆਂ, ਕੈਂਚੀਆਂ ਵਧੇਰੇ ਉਪਯੋਗੀ ਅਤੇ ਚੰਗੀਆਂ ਲੱਗਦੀਆਂ ਹਨ। ਚਿੱਟੇ, ਭਗਵੇਂ, ਨੀਲੇ ਪਹਿਨਣ ਨਾਲੋਂ ਮੈਂ ਨੰਗਾ ਰਹਿਣਾ ਪਸੰਦ ਕਰਾਂਗਾ।

ਮੈਂ ਸਬਰ ਕਰਨ ਨਾਲੋਂ, ਇੰਤਜ਼ਾਰ ਕਰਨ ਨੂੰ ਤਰਜੀਹ ਦਿੰਦਾ ਹਾਂ।

ਮੈਨੂੰ ਗਰੀਬਾਂ ਤੇ ਦਇਆ ਘੱਟ ਅਤੇ ਉਹਨਾਂ ਦੀ ਇਸ ਹਾਲਤ ਲਈ ਜ਼ਿੰਮੇਵਾਰ ਜੱਥੇਬੰਦੀਆਂ, ਧਰਮਾਂ ਆਦਿ ਤੇ ਗੁੱਸਾ ਵੱਧ ਆਉਂਦਾ ਹੈ।

ਮੰਦਰ, ਗੁਰੂਦੁਆਰਾ ਜਾਂ ਕੋਈ ਵੀ ਧਰਮ ਅਸਥਾਨ, ਜਿੱਥੇ ਲੋਕਾਂ ਦਾ ਆਰਥਿਕ ਤੇ ਮਾਨਸਿਕ ਸ਼ੋਸ਼ਣ ਕੀਤਾ ਜਾਂਦਾ ਹੈ, ਬਣਾਉਣ ਦੀ ਬਜਾਏ ਮੈਂ ਸਕੂਲ ਬਣਾਉਣ ਨੂੰ ਤਰਜੀਹ ਦੇਵਾਂਗਾ।

ਮੈਂ ਕੀਰਤਨ ਸੁਣਨ ਦੀ ਬਜਾਏ ਮੁਜਰਾ ਵੇਖਣਾ ਪਸੰਦ ਕਰਦਾ ਹਾਂ।

ਹਰ ਤਰਾਂ ਦਾ ਨਸ਼ਾ ਸਰੀਰਕ ਅਤੇ ਮਾਨਸਿਕ ਤੰਦਰੁਸਤੀ ਲਈ ਘਾਤਕ ਹੈ।

ਮੈਂ ਸ਼ਰਾਬ ਦਾ ਸ਼ੌਕੀਨ ਹਾਂ, ਗੁਲਾਮ ਨਹੀਂ।

ਨਸ਼ਾ ਸਿਰਫ ਪਦਾਰਥਕ ਹੀ ਨਹੀਂ ਹੁੰਦਾ, ਅਧਿਆਤਮਕ ਵੀ ਹੁੰਦਾ ਹੈ।

ਪਦਾਰਥਕ ਨਸ਼ੇ ਦੀ ਦੁਰਵਰਤੋਂ ਹੀ ਨੁਕਸਾਨਦੇਹ ਹੁੰਦੀ ਹੈ, ਜਦੋਂ ਕਿ ਅਧਿਆਤਮਕ ਨਸ਼ੇ ਦੀ ਵਰਤੋਂ/ਦੁਰਵਰਤੋਂ ਨੁਕਸਾਨਦੇਹ ਹੁੰਦੀ ਹੈ, ਜਿਸਦਾ ਪ੍ਰਭਾਵ ਲੰਮੇ ਸਮੇਂ ਤੱਕ ਰਹਿੰਦਾ ਹੈ।

ਅਧਿਆਤਮਕ ਸਿੱਖਿਆ, ਮਾਨਸਿਕ ਕੰਗਾਲੀ ਵੱਲ ਜਾਂਦਾ ਅਸਿੱਧਾ ਰਾਹ ਹੈ।

ਆਸਤਿਕਾਂ ਦੀ ਆਸਤਿਕਤਾ ਲਈ ਮੈਂ ਕੁੱਝ ਵੀ ਨਾ ਹੋ ਕੇ ਬਹੁਤ ਵੱਡਾ ਖਤਰਾ ਹਾਂ।

ਆਸਤਿਕਾਂ ਲਈ ਕਿਸੇ ਦਾ ਨਾਸਤਿਕ ਹੋ ਜਾਣਾ ਸਭ ਤੋਂ ਵੱਡਾ ਧੱਕਾ ਹੈ।

ਆਸਤਿਕ ਲੋਕ ਰੱਬ ਤੇ ਯਕੀਨ ਨਹੀਂ ਕਰਦੇ, ਇਸੇ ਲਈ ਵਾਰ-ਵਾਰ ਫਰਿਆਦਾਂ, ਬੇਨਤੀਆਂ, ਪਾਠ, ਅਖੰਡ-ਪਾਠ ਆਦਿ ਡਰਾਮੇ ਕਰਦੇ ਹਨ।

ਆਸਤਿਕ ਲੋਕ ਅਪਣੇ ਦਿਮਾਗ ਨਾਲ ਸੋਚਣ ਦਾ ਮਾਦਾ ਗੁਆ ਚੁੱਕੇ ਹੁੰਦੇ ਹਨ।

ਆਸਤਿਕ ਲੋਕ ਮਿਹਨਤੀ ਵੀ ਹੁੰਦੇ ਹਨ, ਪਰ ਅਪਣੀ ਮਿਹਨਤ ਸਦਕਾ ਸਫ਼ਲਤਾ ਦਾ ਸਿਹਰਾ ਅਪਣੀ ਹੀ ਉਪਜ ਰੱਬ ਦੇ ਸਿਰ ਬੰਨ੍ਹਦੇ ਹਨ ਅਤੇ ਕਿਸੇ ਕਾਰਣਵੱਸ ਅਸਫ਼ਲਤਾ ਲਈ ਕਿਸਮਤ ਨੂੰ ਦੋਸ਼ੀ ਮੰਨਦੇ ਹਨ।

ਆਸਤਿਕ ਲੋਕ ਨਾਸਤਿਕਾਂ ਨੂੰ ਪਾਖੰਡੀਆਂ ਨਾਲੋਂ ਵੀ ਮਾੜਾ ਸਮਝਦੇ ਹਨ, ਜਦੋਂ ਕਿ ਨਾਸਤਿਕ ਕਿਸੇ ਦਾ ਨੁਕਸਾਨ ਨਹੀਂ ਕਰਨਾ ਚਾਹੁੰਦੇ ਹੁੰਦੇ ਅਤੇ ਪਾਖੰਡੀ ਹਮੇਸ਼ਾ ਕਿਸੇ ਦੇ ਨੁਕਸਾਨ ਵਿੱਚੋਂ ਅਪਣਾ ਫਾਇਦਾ ਤੱਕਦੇ ਹਨ।

ਝੋਟੇ ਹੇਠ ਡੋਲੂ ਰੱਖ ਕੇ ਦੁੱਧ ਲਈ ਅਰਦਾਸ ਕਰਨ ਵਾਲੇ ਅੰਧਵਿਸ਼ਵਾਸੀ ਵੀ ਆਸਤਿਕਾਂ ਦੀ ਇੱਕ ਜਮਾਤ ਹੈ।

ਆਸਤਿਕ ਔਖੇ ਵੇਲੇ ਅਪਣੇ ਅੰਦਰ ਝਾਕਣ, ਅਪਣੀ ਸਮਰੱਥਾ, ਅਪਣੀ ਤਾਕਤ ਨੂੰ ਭੁੱਲ ਕੇ ਅਪਣੇ ਧਰਮ ਗਰੰਥਾਂ ਅੰਦਰ ਝਾਕਣ ਲੱਗ ਜਾਂਦੇ ਹਨ।

ਸਵੈਵਿਸ਼ਵਾਸ ਆਸਤਿਕਾਂ ਦੀ ਤਾਕਤ ਹੋ ਸਕਦੀ ਹੈ, ਪਰ ਇਸ ਨੂੰ ਪਹਿਚਾਨਣ ਦੇ ਸਮਰੱਥ ਉਹ ਕਦੇ ਨਹੀਂ ਹੋ ਸਕੇ।

ਆਸਤਿਕ, ਨਾਸਤਿਕ, ਪਾਖੰਡੀ, ਲੋਭੀ, ਹੰਕਾਰੀ ਆਦਿ ਸਭ ਤਰਾਂ ਦੇ ਲੋਕ ਇਸੇ ਹੀ ਦੁਨੀਆਂ ਵਿੱਚ ਵੱਸਦੇ ਹਨ, ਪਰ ਆਸਤਿਕ ਲੋਕ ਹਮੇਸ਼ਾ ਦੂਜੀ ਦੁਨੀਆਂ ਦੀ ਕਲਪਨਾ ਕਰਕੇ, ਏਸ ਦੁਨੀਆਂ ਨੂੰ ਸੁੰਦਰ ਬਣਾਉਣ ਤੋਂ ਟਾਲ਼ਾ ਵੱਟੀ ਰੱਖਦੇ ਹਨ।

ਹਰ ਧਰਮ ਦਾ ਵਖਰੇਵਾਂ, ਦੂਸਰੇ ਧਰਮ ਨੂੰ ਨਿੰਦ ਕੇ ਜਾਂ ਨਕਾਰ ਕੇ ਹੀ ਹੁੰਦਾ ਹੈ, ਜਦੋਂ ਕਿ ਪਰਚਾਰ ਸਰਬ ਸਾਂਝੀਵਾਲਤਾ ਦਾ ਕੀਤਾ ਜਾਂਦਾ ਹੈ।

ਨਾਸਤਿਕ ਹੋਣਾ ਮਾਣ ਵਾਲੀ ਗੱਲ ਹੈ, ਅੰਧਵਿਸ਼ਵਾਸ ਤਿਆਗੋ, ਤਰਕਸ਼ੀਲ ਬਣੋ, ਤੁਹਾਨੂੰ ਪਤਾ ਨਹੀਂ ਲੱਗੇਗਾ, ਕਦੋਂ ਲੋਕ ਤੁਹਾਨੂੰ ਨਾਸਤਿਕ ਆਖਣ ਲੱਗ ਜਾਣਗੇ।

----------------

## ਗੀਤ

ਬੰਦਿਆਂ ਨੂੰ ਤੂੰ ਨੀਚ ਸਮਝਦਾ, ਪਸ਼ੂਆਂ ਦੀ ਪੂਜਾ ਕਰਦਾ ਏਂ।
ਕੀ ਏ ਤੇਰੀ ਜੂਨ ਬੰਦਿਆ, ਕਿਉਂ ਰੱਬ ਦੀ ਹਾਮੀ ਭਰਦਾ ਏਂ।

ਗਊਆਂ ਨੂੰ ਤੂੰ ਮਾਤਾ ਆਖੇਂ, ਬਾਂਦਰਾਂ ਦੀ ਪੂਜਾ ਕਰਦਾ ਏਂ।
ਸੱਪਾਂ ਨੂੰ ਤੂੰ ਦੁੱਧ ਪਿਲਾਉਂਦਾ, ਬੰਦੇ ਲਈ ਜਹਿਰਾਂ ਧਰਦਾ ਏ।
ਕੌੜੇ ਸੱਚ ਨੂੰ ਸਹਿ ਨਹੀਂ ਸਕਦਾ, ਝੂਠ ਦੇ ਉੱਤੇ ਮਰਦਾ ਏਂ।
ਕੀ ਏ ਤੇਰੀ ਜੂਨ......।

ਨਾਮ ਦਾਨ ਤੇ ਦਿਆ ਨਾ ਬੰਦਿਆ, ਉਪਰੋਂ ਚੋਗਾ ਪਾਉਂਦਾ ਏਂ।
ਦੂਜੇ ਧਰਮ ਨੂੰ ਸਹਿਣ ਨੀ ਕਰਦਾ, ਖੂਨ ਮੀਂਹ ਵਰਸਾਉਂਦਾ ਏਂ।
ਹੋਰ ਧਰ ਦੀ ਕਦਰ ਨੀ ਕਰਦਾ, ਆਪਣੇ ਲਈ ਮਰਦਾ ਏਂ।
ਕੀ ਈ ਤੇਰੀ ਜੂਨ......।

ਕਿਸਾਨਾਂ ਤੇ ਮਜ਼ਦੂਰਾਂ ਦਾ ਤੂੰ ਰੱਜ ਕੇ ਸ਼ੋਸ਼ਣ ਕਰਦੇ ਏਂ
ਵਿਹਲੜਾ ਅੱਗੇ ਨੱਕ ਰਗੜਦਾ, ਥੈਲੀਆਂ ਭੇਟ ਵੀ ਕਰਦਾ ਏਂ
ਕੰਮੀਆਂ ਨੂੰ ਕਮੀਣ ਆਖਦਾ, ਕਦੇ ਕਦਰ ਨਾ ਕਰਦਾ ਏਂ।
ਕੀ ਏ ਤੇਰੀ ਜੂਨ.....।

ਮਨ ਦੇ ਗੁਣਾਂ ਦੀ ਕਦਰ ਨੀ ਕਰਦਾ, ਤਨ ਤੇ ਭੇਖ ਤੇ ਮਰਦਾ ਏਂ
ਭਗਵੇਂ ਵੇਸ ਦੇ ਅੱਗੇ ਬੰਦਿਆ, ਬੁੱਧੀ ਗਹਿਣੇ ਧਰਦਾ ਏਂ
ਚੰਗੇ ਬੁਰੇ ਦੀ ਕਦਰ ਨੀ ਤੈਨੂੰ, ਸੱਚ 'ਤੇ ਪਰਦਾ ਕਰਦਾ ਏਂ
ਕੀ ਏ ਤੇਰੀ ਜੂਨ.....।

'ਰਾਜ' ਗਿਆਨ ਦੀ ਕਮੀ ਹੈ ਤੈਨੂੰ, ਤਾਹੀਓ ਦੁੱਖ ਉਠਾਉਂਦਾ ਏਂ
ਇਕ ਦੁੱਖ ਦੂਰ ਕਰਾਵਣ ਖਾਤਰ, ਸੌ ਸੌ ਹੋਰ ਵਧਾਉਂਦਾ ਏਂ।
ਮਾਇਆ ਦੇ ਨਾਲ ਪਿਆਰ ਹੈ ਤੈਨੂੰ, ਭਾਈਆਂ ਦਾ ਕਤਲ ਤੂੰ ਕਰਦਾ ਏ।
ਕੀ ਏ ਤੇਰੀ ਜੂਨ ਓਇ ਬੰਦਿਆ, ਕਿਉਂ ਰੱਬ ਦੀ ਹਾਮੀ ਭਰਦਾ ਏਂ।

**-ਰਾਜਾ ਰਾਮ ਹੰਡਿਆਇਆ**

ਨਰੇਂਦਰਾ ਦਾਭੋਲਕਰ



# ਵਹਿਮਾਂ ਦਾ ਖਾਤਮਾ ਅਤੇ ਨੈਤਿਕਤਾ



ਅਨੁਵਾਦਕ: ਪਰਦੀਪ

## ਨੈਤਿਕਤਾ ਕੀ ਹੈ?

ਅੰਧਸ਼ਰਧਾ ਨਿਰਮੂਲਨ ਸਮਿਤੀ ( ANiS ) ਦੀ ਲਹਿਰ ਕਾਰਨ, ਲੋਕ ਨੈਤਿਕਤਾ ਦੇ ਮਸਲੇ ਨੂੰ ਲੈਕੇ ਸਦਾ ਹੀ ਫਿਕਰਮੰਦ ਰਹਿੰਦੇ ਹਨ। ਉਹਨਾਂ ਨੂੰ ਡਰ ਹੈ ਕਿ ਅੰਧਸ਼ਰਧਾ ਨਿਰਮੂਲਨ ਸਮਿਤੀ, ਸਮਾਜਿਕ ਤਾਣੇ ਬਾਣੇ ਵਿੱਚੋਂ ਨੈਤਿਕਤਾ ਦਾ ਖਾਤਮਾ ਕਰ ਸਕਦੀ ਹੈ ਕਿਉਂਕਿ ਇਹ ਲਹਿਰ ਧਰਮ ਦੀ ਆਲੋਚਨਾ ਅਤੇ ਆਸਥਾ ਦੀ ਜਾਂਚ ਪੜਤਾਲ ਤੇ ਜੋਰ ਦਿੰਦੀ ਹੈ। ਜਦੋਂ ਤੁਸੀਂ ਹਰ ਕਿਸੇ ਚੀਜ ਦੀ ਜਾਂਚ ਪੜਤਾਲ ਕਰਨ ਲੱਗਦੇ ਹੋ, ਤਾਂ ਜਾਂਚ ਪੜਤਾਲ ਦੀ ਇਹ ਪਰਕਿਰਿਆ ਬੇਕਾਬੂ ਹੋ ਸਕਦੀ ਹੈ। ਸਮਾਜ ਵਿੱਚੋਂ ਨੈਤਿਕਤਾ ਖਤਮ ਹੋ ਜਾਣ ਕਾਰਨ, ਲੋਕਾਂ ਤੇ ਸਮਾਜਿਕ ਅਤੇ ਨੈਤਿਕ ਨਿਯਮਾਂ ਦਾ ਪਾਲਣ ਕਰਨ ਦੀ ਕੋਈ ਪਾਬੰਦੀ ਨਹੀਂ ਰਹੇਗੀ।ਲੋਕ ਸਾਡੇ ਤੇ ਦੋਸ਼ ਲਾਉਂਦੇ ਹੋਏ ਇਹ ਪੁੱਛਦੇ ਹਨ ਕਿ ਕੀ ਅੰਧਸ਼ਰਧਾ ਨਿਰਮੂਲਨ ਸਮਿਤੀ ( ANiS ) ਲਹਿਰ ਇਹ ਚਾਹੁੰਦੀ ਹੈ ਕਿ ਸਮਾਜ ਵਿੱਚ ਅਰਾਜਕਤਾ, ਸਵਾਰਥਪਣ ਅਤੇ ਅਨੈਤਿਕਤਾ ਪਸਰ ਜਾਵੇ? ਲ਼ਹਿਰ ਦੇ ਕੰਮਾਂ ਦਾ ਅਜਿਹਾ ਅਰਥ ਕੱਢਣਾ, ਬਿਲਕੁੱਲ ਹੀ ਅਧਾਰਹੀਣ ਹੈ। ਇਸ ਨਾਲ ਲੋਕਾਂ ਦੇ ਮਨ ਵਿੱਚ ਅੰਧਸ਼ਰਧਾ ਨਿਰਮੂਲਨ ਸਮਿਤੀ ਦੀ ਵਹਿਮਾਂ ਦਾ ਖਾਤਮਾ ਕਰਨ ਦੀ ਲਹਿਰ ਬਾਰੇ, ਗਲਤਫ਼ਹਿਮੀ ਜਾਂ ਸੰਦੇਹ ਪੈਦਾ ਹੋ ਸਕਦਾ ਹੈ।

ਸੰਸਾਰ ਵਿੱਚ ਹਰ ਧਰਮ ਦੋ ਪ੍ਰਸ਼ਨਾਂ ਦੇ ਉੱਤਰ ਦੇਣ ਦੀ ਕੋਸ਼ਿਸ਼ ਕਰਦਾ ਹੈ। ਪਹਿਲਾ ਪ੍ਰਸ਼ਨ ਇਹ ਹੈ ਕਿ 'ਸੱਚ ਕੀ ਹੈ'? ਅਤੇ ਦੂਜਾ ਪ੍ਰਸ਼ਨ ਇਹ ਹੈ ਕਿ 'ਕੀ ਠੀਕ ਹੈ ਅਤੇ ਕੀ ਗਲਤ ਹੈ'?ਬਹੁਤ ਸਾਰੇ ਵਰਤਾਰਿਆਂ ਦੀ ਸਚਾਈ ਨੂੰ ਖੋਜਣ ਦੀ ਲੋੜ ਹੈ, ਜਿਵੇਂ ਕਿ ਬ੍ਰਹਿਮੰਡ ਦੀ ਉਤਪਤੀ ਕਿਵੇਂ ਹੋਈ, ਪ੍ਰਿਥਵੀ ਕਿਵੇਂ ਬਣੀ, ਪ੍ਰਿਥਵੀ ਉੱਪਰ ਜੀਵਾਂ ਦੀ ਉੱਤਪਤੀ ਕਿਵੇਂ ਹੋਈ, ਪੰਜ ਤੱਤਾਂ ਦੀ ਕੀ ਸਚਾਈ ਹੈ? ਹੋਰ ਵੀ ਬਹੁਤ ਸਾਰੇ ਵਰਤਾਰਿਆਂ ਦੇ ਵਾਪਰਨ ਸਬੰਧੀ ਸਚਾਈ ਨੂੰ ਜਾਨਣ ਦੀ ਲੋੜ ਹੈ। ਵੱਖ ਵੱਖ ਧਰਮਾਂ ਨੇ, ਆਪੋ ਆਪਣੀ ਸਮਝ ਅਨੁਸਾਰ ਆਪਣੇ ਧਾਰਮਿਕ ਗ੍ਰੰਥਾਂ ਵਿੱਚ ਇਹਨਾਂ ਪ੍ਰਸ਼ਨਾਂ ਦੇ ਉੱਤਰ ਦੇਣ ਦੀ ਕੋਸ਼ਿਸ਼ ਕੀਤੀ ਹੈ। ਪਰੰਤੂ ਆਪਾਂ ਸਭ ਨੇ ਵੇਖਿਆ ਹੈ ਕਿ ਧਰਮ ਇਹਨਾਂ ਪ੍ਰਸ਼ਨਾਂ ਦੇ ਉੱਤਰ ਦੇਣ ਵਿੱਚ ਬੁਰੀ ਤਰਾਂ ਫੇਲ੍ਹ ਹੋਏ ਹਨ।ਵਿਗਿਆਨ ਨੇ ਇਹਨਾਂ ਵਰਤਾਰਿਆਂ ਦੇ ਵਾਪਰਨ ਸਬੰਧੀ ਸਚਾਈ ਦੀ ਸਿਰਫ ਖੋਜ਼ ਹੀ ਨਹੀਂ ਕੀਤੀ, ਸਗੋਂ ਆਪਣੀਆਂ ਖੋਜ਼ਾਂ ਨੂੰ ਸਿੱਧ ਵੀ ਕੀਤਾ ਹੈ। ਆਖਿਰ ਵਿੱਚ ਵਿਗਿਆਨ ਦੁਆਰਾ ਕੀਤੀ ਗਈ ਸੱਚ ਦੀ ਖੋਜ਼ ਨੂੰ ਸਵੀਕਾਰ ਵੀ ਕੀਤਾ ਗਿਆ।



ਗੈਲੀਲਿਓ ਨੇ ਇਸ ਸੱਚ ਦੀ ਖੋਜ਼ ਕਰਕੇ ਉਸਨੂੰ ਸਿੱਧ ਵੀ ਕੀਤਾ ਕੀ ਧਰਤੀ ਸੂਰਜ ਦੁਆਲੇ ਘੁੰਮਦੀ ਹੈ। ਸੱਚ ਦੀ ਇਹ ਖੋਜ਼, ਬਾਈਬਲ ਵਿੱਚ ਦੱਸੀ ਗਈ ਸਚਾਈ ਦੇ ਉਲਟ ਸੀ। ਚਰਚ ਨੇ ਗੈਲੀਲਿਓ ਦੁਆਰਾ ਖੋਜੇ ਗਏ ਇਸ ਸੱਚ ਨੂੰ, ਈਸ਼ਵਰ ਅਤੇ ਧਰਮ ਦੀ ਨਿੰਦਿਆ ਮੰਨਿਆ ਅਤੇ ਗੈਲੀਲਿਓ ਨੂੰ ਦੋਸ਼ੀ ਕਰਾਰ ਦਿੰਦੇ ਹੋਏ ਉਮਰ ਕੈਦ ਦੀ ਸਜ਼ਾ ਦਿੱਤੀ। ਪਰੰਤੂ ਹੁਣ ਸਦੀਆਂ ਬਾਅਦ ਉਸੇ ਚਰਚ ਨੇ ਗੈਲੀਲਿਓ ਨੂੰ ਠੀਕ ਮੰਨਦੇ ਹੋਏ, ਉਸਦੀ ਖੋਜ਼ ਨੂੰ ਸੱਚ ਦੇ ਤੌਰ ਤੇ ਸਵਿਕਾਰ ਕੀਤਾ ਹੈ ਅਤੇ ਆਪਣੀ ਗਲਤੀ ਨੂੰ ਵੀ ਮੰਨਿਆ ਹੈ। ਪਰੰਤੂ ਜਿੰਦਗੀ ਦੇ ਜਿਆਦਾਤਰ ਖੇਤਰਾਂ ਵਿੱਚ ਠੀਕ-ਗਲਤ, ਚੰਗੇ-ਬੁਰੇ ਅਤੇ ਨੈਤਿਕ-ਅਨੈਤਿਕ ਦੇ ਸਬੰਧ ਵਿੱਚ ਅਜੇ ਵੀ ਧਰਮ ਦਾ ਪ੍ਰਭਾਵ ਵੇਖਿਆ ਜਾਂਦਾ ਹੈ। ਇੱਥੇ ਹੀ ਬੱਸ ਨਹੀਂ, ਧਰਮਵਾਦੀ ਲੋਕ ਜੋਰ ਨਾਲ ਇਹ ਕਹਿੰਦੇ ਹਨ ਕਿ ਸੱਚ ਦੀ ਖੋਜ਼ ਨਾਲ ਸਬੰਧਤ ਮਸਲਿਆਂ ਵਿੱਚ ਫੈਸਲਾ ਲੈਣ ਦਾ ਅਧਿਕਾਰ ਕੇਵਲ ਧਰਮ ਅਤੇ ਅਧਿਆਤਮਵਾਦ ਕੋਲ ਹੀ ਹੈ। ਵਿਗਿਆਨ ਅਤੇ ਤਰਕਸ਼ੀਲਤਾ ਦਾ ਇਹਨਾਂ ਮਸਲਿਆਂ ਨਾਲ ਕੋਈ ਸਬੰਧ ਨਹੀਂ ਹੈ। ਧਰਮਵਾਦੀਆਂ ਦਾ ਪਸੰਦੀਦਾ ਫਰਮਾਨ ਇਹ ਹੈ, "ਨੈਤਿਕਤਾ ਤੋਂ ਬਿਨਾਂ ਸਮਾਜ ਦੀ ਹੋਂਦ ਨੂੰ ਖਤਰਾ ਹੈ ਅਤੇ ਧਰਮ ਤੋਂ ਬਿਨਾਂ ਨੈਤਿਕਤਾ ਖਤਮ ਹੋ ਸਕਦੀ ਹੈ"। ਇਸ ਫਰਮਾਨ ਦਾ ਸਿੱਟਾ ਇੱਕ ਹੋਰ ਫਰਮਾਨ ਹੈ ਜਿਸ ਅਨੁਸਾਰ, "ਤੁਹਾਡੇ ਅੰਦਰ ਨੈਤਿਕਤਾ ਦੇ ਵਿਕਾਸ ਲਈ ਧਰਮ ਦਾ ਹੋਣਾ ਜਰੂਰੀ ਹੈ"। ਉਹ ਸਾਡੇ ਤੇ ਦੋਸ਼ ਲਾਉਂਦੇ ਹਨ ਕਿ ਜਦੋਂ ਅਸੀਂ ਤਰਕਸ਼ੀਲਤਾ ਦੇ ਨਾਂ ਹੇਠ, ਧਰਮ ਦੀ ਆਲੋਚਨਾ ਕਰਦੇ ਹਾਂ ਤਾਂ ਅਸੀਂ ਅਸਲ ਵਿੱਚ ਨੈਤਿਕਤਾ ਦੀ ਬੁਨਿਆਦ ਹੀ ਹਿਲਾ ਦਿੰਦੇ ਹਾਂ ਅਤੇ ਲੋਕਾਂ ਦੇ ਮਨਾਂ ਵਿੱਚ ਬੇਲੋੜੇ ਸੰਦੇਹ ਪੈਦਾ ਕਰਦੇ ਹਾਂ ਅਤੇ ਸਮਾਜ ਵਿੱਚ ਕੋਈ ਸੁਧਾਰ ਲਿਆਉਣ ਦੀ ਥਾਂ ਤੇ ਅਸੀਂ ਉਲਟਾ ਇਸ ਵਿੱਚ ਵਿਗਾੜ ਪੈਦਾ ਕਰਦੇ ਹਾਂ।

ਵਿਚਾਰਾਂ ਦਾ ਅਜਿਹਾ ਰੁਝਾਨ ਸਮਝ ਤਾਂ ਆਉਂਦਾ ਹੈ, ਪਰੰਤੂ ਇਹ ਤਰੁੱਟੀਪੂਰਨ ਹੈ। ਉੱਘੇ ਜਰਮਨ ਦਾਰਸ਼ਨਿਕ ਕੈਂਟ ਦਾ ਕਹਿਣਾ ਹੈ, "ਜਦੋਂ ਮੈਂ ਦੋ ਚੀਜਾਂ ਬਾਰੇ ਸੋਚਦਾ ਹਾਂ, ਤਾਂ ਮੈਨੂੰ ਬਹੁਤ ਹੈਰਾਨੀ ਹੁੰਦੀ ਹੈ। ਇਹਨਾਂ ਵਿੱਚੋਂ ਪਹਿਲੀ ਤਾਰਿਆਂ ਭਰਿਆ ਅਸੀਮ ਆਕਾਸ਼ ਹੈ ਅਤੇ ਦੂਜੀ ਮਨੁੱਖੀ ਮਨ ਹੈ ਜੋ ਨੈਤਿਕਤਾ ਦਾ ਪੁਜਾਰੀ ਹੈ"। ਵਿਗਿਆਨ ਨੇ ਬਹੁਤ ਤਰੱਕੀ ਕਰ ਲਈ ਹੈ, ਪਰੰਤੂ ਅਸੀਮ ਆਕਾਸ਼ ਅਤੇ ਤਾਰਿਆਂ ਬਾਰੇ ਅੰਤਮ ਸੱਚ ਦੀ ਖੋਜ਼ ਅਜੇ ਵੀ ਜਾਰੀ ਹੈ। ਇਸੇ ਤਰਾਂ ਮਨੁੱਖੀ ਮਨ ਦੇ ਭੇਦ ਵੀ ਅਜੇ ਤੱਕ ਪੂਰੀ ਤਰਾਂ ਖੁੱਲ੍ਹੇ ਨਹੀਂ ਹਨ। ਵਿਗਿਆਨ ਅਜਿਹੇ ਪ੍ਰਸ਼ਨਾਂ ਦਾ ਉੱਤਰ ਨਹੀਂ ਦੇ ਸਕਦਾ ਜਿਵੇਂ ਕਿ : ਮਨੁੱਖੀ ਮਨ ਵਿੱਚ ਨੈਤਿਕਤਾ ਦਾ ਵਿਚਾਰ ਆਉਂਦਾ ਕਿੱਥੋਂ ਹੈ? ਜਦੋਂ ਮਨੁੱਖ ਕੋਈ ਅਨੈਤਿਕ ਕਾਰਜ ਕਰਦਾ ਹੈ, ਤਾਂ ਉਹ ਕਿਸ ਤੋਂ ਡਰਦਾ ਹੈ? ਮਨੁੱਖ ਮਨ ਵਿੱਚ ਆਪਣੀਆਂ ਨੈਤਿਕ ਕੀਮਤਾਂ ਪ੍ਰਤੀ ਪ੍ਰਤੀਬੱਧ ਰਹਿਣ ਦਾ ਹੌਂਸਲਾ ਆਉਂਦਾ ਕਿੱਥੋਂ ਹੈ? ਕੈਂਟ ਨੂੰ ਇਹ ਸਾਰੇ ਪ੍ਰਸ਼ਨ ਮਨ ਨੂੰ ਅਚੰਭਿਤ ਕਰਨ ਵਾਲੇ ਲੱਗਦੇ ਸਨ।

## ਧਾਰਮਿਕ ਨੈਤਿਕਤਾ

ਮਹਾਨ ਦਾਰਸ਼ਨਿਕ ਅਤੇ ਚਿੰਤਕ ਮਾਰਕਸ ਦਾ ਇਹ ਕਥਨ ਬਹੁਤ ਮਸ਼ਹੂਰ ਹੈ ਕਿ 'ਧਰਮ ਅਫੀਮ ਹੈ'। ਅਸਲ ਵਿੱਚ ਮਾਰਕਸ ਦਾ ਇਹ ਕਥਨ, ਅਧੂਰਾ ਕਥਨ ਹੈ। ਧਰਮ ਨੂੰ ਅਫੀਮ ਕਹਿਣ ਤੋਂ ਪਹਿਲਾਂ ਮਾਰਕਸ ਨੇ ਇਹ ਕਿਹਾ ਸੀ ਕਿ 'ਧਰਮ ਬੇਦਿਲ ਲੋਕਾਂ ਦਾ ਦਿਲ ਹੈ' ਜਿਵੇਂ ਕਿ ਧਰਮ, ਨੈਤਿਕ ਮੁਕਤੀ ਲਈ, ਦਰਦ ਨਾਲ ਪੀੜਤ ਮਨੁੱਖਤਾ ਦੀ ਚੀਖ ਹੋਵੇ।ਹੁਣ ਜਦੋਂ ਕਿ 'ਧਰਮ ਦਾ ਇਤਿਹਾਸ', ਸਮਾਜਿਕ ਵਿਗਿਆਨ ਦਾ ਇੱਕ ਪੜ੍ਹਾਇਆ ਜਾਣ ਵਾਲਾ ਵਿਸ਼ਾ ਬਣ ਗਿਆ ਹੈ, ਤਾਂ ਹੁਣ ਬਿਨਾਂ ਕਿਸੇ ਅਸੁਵਿਧਾ ਦੇ ਧਰਮ ਨੂੰ ਦੈਵਿਕਤਾ ਤੋਂ ਵੱਖ ਕੀਤਾ ਜਾ ਸਕਦਾ ਹੈ, ਅਤੇ ਧਰਮ ਬਾਰੇ ਸੱਚ ਦੀ ਖੋਜ ਕਰਨ ਤੇ ਕਿਸੇ ਨੂੰ ਕੋਈ ਇਤਰਾਜ ਨਹੀਂ ਹੋਣਾ ਚਾਹੀਦਾ।

ਇਸਲਾਮ ਦਾ ਜਨਮ ਉਸ ਸਮੇਂ ਹੋਇਆ ਜਦੋਂ ਕਬਾਇਲੀ ਯੁੱਧਾਂ ਕਾਰਨ ਅਰਬ ਭੂਮੀ ਦੇ ਟੋਟੇ ਹੋ ਰਹੇ ਸਨ, ਕਰੂਰ ਨਰਸੰਹਾਰ ਹੋ ਰਿਹਾ ਸੀ ਅਤੇ ਆਨੰਦ ਪ੍ਰਾਪਤੀ ਲਈ ਔਰਤਾਂ ਦਾ ਸੋਸ਼ਣ ਹੋ ਰਿਹਾ ਸੀ। ਇਸਲਾਮ ਨੇ ਦੁੱਖਾਂ ਭਰੀ ਇਸ ਭੂਮੀ ਵਿੱਚ ਸ਼ਾਂਤੀ ਦਾ ਸੰਦੇਸ਼ ਦਿੱਤਾ। ਇਸਲਾਮ ਨੇ ਬਿਰਾਦਰੀ ਅਤੇ ਭਾਈਚਾਰੇ ਦਾ ਪ੍ਰਚਾਰ ਕੀਤਾ। ਇਸਲਾਮ ਨੇ ਇਹ ਨਿਯਮ ਬਣਾ ਦਿੱਤਾ ਕਿ ਦੂਜੀ ਔਰਤ ਨਾਲ ਸ਼ਾਦੀ ਕੀਤੀ ਜਾ ਸਕਦੀ ਹੈ, ਜੇਕਰ ਇਸ ਨਾਲ ਪਹਿਲੀ ਪਤਨੀ ਨਾਲ ਕੋਈ ਬੇਇਨਸਾਫ਼ੀ ਨਹੀਂ ਹੁੰਦੀ ਅਤੇ ਇਸਲਾਮ ਨੇ ਚਾਰ ਤੋਂ ਵੱਧ ਪਤਨੀਆਂ ਰੱਖਣ ਤੇ ਰੋਕ ਲਗਾ ਦਿੱਤੀ।

ਇਸਾਈ ਧਰਮ ਨੇ ਆਪਣੇ ਪੜਸੋਸੀ ਨਾਲ ਪਿਆਰ ਕਰਨ ਦਾ ਸਧਾਰਨ ਪਰੰਤੂ ਬਹੁਤ ਹੀ ਨੈਤਿਕ ਸੰਦੇਸ਼ ਦਿੱਤਾ ਅਤੇ ਸੋਸ਼ਣ ਕਰਨ ਵਾਲੀ ਰੋਮਨ ਬਾਦਸ਼ਾਹਤ ਦੇ ਵਿਰੁੱਧ ਲੜਨ ਲਈ ਲੋਕਾਂ ਨੂੰ ਪ੍ਰੇਰਿਆ। ਇਸ ਵਿੱਚ ਕੋਈ ਹੈਰਾਨੀ ਨਹੀਂ ਕਿ ਇਸਾਈ ਧਰਮ ਅਤੇ ਇਸਦੀ ਨੈਤਿਕਤਾ ਨੂੰ ਲੋਕਾਂ ਨੇ ਖੁਸ਼ੀ ਖੁਸ਼ੀ ਸਵਿਕਾਰ ਕਰ ਲਿਆ।ਗੌਤਮ ਬੁੱਧ ਨਾਲ ਸਬੰਧਤ ਵੀ ਇੱਕ ਅਜਿਹੀ ਹੀ ਕਹਾਣੀ ਮਸ਼ਹੂਰ ਹੈ। ਬੁੱਧ ਦੇ ਇੱਕ ਚੇਲੇ ਦਾ ਨਾਂ ਮਾਲੁਕਿਆਪੁੱਤਰ ਸੀ। ਉਹ ਗੌਤਮ ਬੁੱਧ ਨਾਲ ਕਾਫੀ ਸਮਾਂ ਰਿਹਾ। ਇੱਕ ਬਾਰ ਉਸਨੇ ਬੁੱਧ ਨੂੰ ਕਿਹਾ, "ਹੇ ਤਥਾਗਤ ਮੈਂ ਤੁਹਾਡੇ ਨਾਲ ਕਾਫ਼ੀ ਲੰਬੇ ਸਮੇਂ ਤੋਂ ਰਹਿ ਰਿਹਾਂ ਹਾਂ ਪਰੰਤੂ ਤੁਸੀਂ ਕਦੇ ਵੀ ਮੇਰੇ ਇਹਨਾਂ ਪ੍ਰਸ਼ਨਾਂ ਦੇ ਉੱਤਰ ਨਹੀਂ ਦਿੱਤੇ ਜਿਵੇਂ ਕਿ; ਬੰਦੇ ਦੀ ਮੌਤ ਤੋਂ ਬਾਅਦ ਉਸਦੀ ਆਤਮਾ ਕਿੱਥੇ ਜਾਂਦੀ ਹੈ? ਆਪਣੇ ਅਗਲੇ ਜਨਮ ਵਿੱਚ ਤੁਸੀਂ ਕਿਸ ਰੂਪ ਵਿੱਚ ਪ੍ਰਗਟ ਹੋਵੋਗੇ? ਜਾਂ ਕੀ ਤੁਹਾਡੀ ਮੁਕਤੀ ਹੋ ਜਾਵੇਗੀ? ਸਵਰਗ ਵਿੱਚ ਯਕੀਨੀ ਖੁਸ਼ੀ ਪ੍ਰਾਪਤ ਕਰਨ ਲਈ ਕਿਸੇ ਨੂੰ ਕੀ ਕਰਨਾ ਚਾਹੀਦਾ ਹੈ? ਨਿਰਾਸ਼ਾ ਵਿੱਚ ਉਸਨੇ ਇੱਥੋਂ ਤੱਕ ਕਹਿ ਦਿੱਤਾ ਕਿ ਜੇਕਰ ਬੁੱਧ ਨੇ ਉਸਦੇ ਪ੍ਰਸ਼ਨਾਂ ਦਾ ਉੱਤਰ ਨਾ ਦਿੱਤਾ ਤਾਂ ਉਹ ਬੁੱਧ ਨੂੰ ਛੱਡਕੇ ਚਲਾ ਜਾਵੇਗਾ। ਗੌਤਮ ਬੁੱਧ ਨੇ ਉਸਨੂੰ ਕਿਹਾ ਕਿ "ਜਦੋਂ ਤੂੰ ਮੇਰੇ ਕੋਲ ਆਇਆ ਸੀ, ਤਾਂ ਕੀ ਮੈਂ ਤੈਨੂੰ ਕਿਹਾ ਸੀ ਕਿ ਮੈਂ ਤੇਰੇ ਇਹਨਾਂ ਸਾਰੇ ਪ੍ਰਸ਼ਨਾਂ ਦਾ ਉੱਤਰ ਦੇਵਾਂਗਾ"? ਹੁਣ ਜੇਕਰ ਤੂੰ ਜਿਆਦਾ ਜੋਰ ਦੇ ਰਿਹਾ ਹੈਂ, ਤਾਂ ਮੈਂ ਤੇਰੇ ਪ੍ਰਸ਼ਨਾਂ ਦਾ ਉੱਤਰ ਦੇਵਾਂਗਾ, ਪਰੰਤੂ ਇਸਤੋਂ ਪਹਿਲਾਂ ਮੈਂ ਤੈਨੂੰ ਇੱਕ ਕਹਾਣੀ ਸੁਣਉਂਦਾ ਹਾਂ ਅਤੇ ਕਹਾਣੀ ਸੁਣ ਕੇ ਤੈਨੂੰ ਮੇਰੇ ਇੱਕ ਪ੍ਰਸ਼ਨ ਦਾ ਉੱਤਰ ਦੇਣਾ ਪਵੇਗਾ। ਗੌਤਮ ਬੁੱਧ ਨੇ ਕਿਹਾ ਕਿ ਇੱਕ ਵਿਅਕਤੀ ਆਪਣੇ ਕੁੱਝ ਮਿੱਤਰਾਂ ਨਾਲ ਜੰਗਲ ਵਿੱਚੋਂ ਲੰਘ ਰਿਹਾ ਸੀ ਕਿ ਅਚਾਨਕ ਕਿਸੇ ਦੁਆਰਾ ਛੱਡਿਆ ਇੱਕ ਤੀਰ ਆ ਕੇ ਉਸ ਵਿਅਕਤੀ ਦੇ ਵੱਜਦਾ ਹੈ ਅਤੇ ਉਹ ਵਿਅਕਤੀ ਜਖਮੀ ਹੋ ਕੇ ਜਮੀਨ ਤੇ ਡਿੱਗ ਪੈਂਦਾ ਹੈ ਅਤੇ ਬੇਹੋਸ਼ ਹੋ ਜਾਂਦਾ ਹੈ। ਹੁਣ ਉਸ ਵਿਅਕਤੀ ਨਾਲ ਜਾ ਰਹੇ ਉਸਦੇ ਮਿੱਤਰਾਂ ਕੋਲ ਦੋ ਵਿਕਲਪ ਹਨ। ਪਹਿਲਾ ਵਿਕਲਪ ਇਹ ਹੈ ਕਿ ਉਹ ਤੀਰ ਬਾਰੇ ਪੂਰੀ ਜਾਂਚ ਪੜਤਾਲ ਕਰਨ ਅਤੇ ਪਤਾ ਕਰਨ ਕਿ ਤੀਰ ਨੂੰ ਬਨਾਉਣ ਲਈ ਸਟੀਲ ਕਿਸ ਭੱਠੀ ਵਿੱਚ ਪਿਘਲਾਇਆ ਗਿਆ ਸੀ; ਜਿਸ ਲੁਹਾਰ ਨੇ ਇਸਨੂੰ ਬਣਾਇਆ, ਕੀ ਉਹ ਕਾਲਾ ਸੀ ਜਾਂ ਗੋਰਾ; ਤੀਰ ਉੱਪਰ ਜੜੇ ਗਏ ਖੰਭ ਕਿਸ ਪੰਛੀ ਦੇ ਸਨ; ਅਤੇ ਤੀਰ ਨੂੰ ਛੱਡਣ ਵਾਲੇ ਕਮਾਣ ਦੀ ਤਾਰ ਕਿਸ ਪਦਾਰਥ ਦੀ ਬਣੀ ਹੋਵੇਗੀ ਆਦਿ? ਜਖਮੀ ਹੋਏ ਵਿਅਕਤੀ ਦੇ ਮਿੱਤਰਾਂ ਕੋਲ ਦੂਜਾ ਵਿਕਲਪ ਇਹ ਹੈ ਕਿ ਉਹ ਵਿਅਕਤੀ ਦੇ ਸਰੀਰ ਵਿੱਚੋਂ ਤੀਰ ਨੂੰ ਬਾਹਰ ਖਿੱਚਕੇ, ਉਸਦੇ ਜਖਮ ਤੇ ਪੱਟੀ ਕਰਨ ਅਤੇ ਉਸਨੂੰ ਪਾਣੀ ਦੇਕੇ, ਹੋਸ਼ ਵਿੱਚ ਲਿਆਉਣ ਦੀ ਕੋਸ਼ਿਸ਼ ਕਰਨ।ਕਹਾਣੀ ਸੁਣਾਕੇ ਗੌਤਮ ਬੁੱਧ ਨੇ ਆਪਣੇ ਚੇਲੇ ਤੋਂ ਇਹ ਪ੍ਰਸ਼ਨ ਪੁੱਛਦਾ ਹੈ ਕਿ ਅਜਿਹੀ ਸਥਿਤੀ ਵਿੱਚ ਜੇਕਰ ਉਹ ਉੱਥੇ ਹੁੰਦਾ, ਤਾਂ ਉਹ ਕੀ ਕਰਦਾ? ਮਾਲੁਕਿਆਪੁੱਤਰ ਨੇ ਉੱਤਰ ਦਿੱਤਾ, 'ਪ੍ਰਭੂ ਇਸ ਵਿੱਚ ਵਿਕਲਪ ਵਾਲੀ ਤਾਂ ਕੋਈ ਗੱਲ ਹੀ ਨਹੀਂ ਹੈ? ਬਿਨਾਂ ਸ਼ੱਕ ਸਭ ਤੋਂ ਪਹਿਲਾ ਅਤੇ ਜਰੂਰੀ ਕੰਮ ਉਸ ਵਿਅਕਤੀ ਦੇ ਜੀਵਨ ਨੂੰ ਬਚਾਉਣਾ ਹੋਣਾ ਚਾਹੀਦਾ ਹੈ। ਜਾਂਚ ਪੜਤਾਲ ਦਾ ਕੰਮ ਤਾਂ ਬਾਅਦ ਵਿੱਚ ਵੀ ਹੋ ਸਕਦਾ ਹੈ'।ਇਹ ਸੁਣਕੇ ਗੌਤਮ ਬੁੱਧ ਨੇ ਕਿਹਾ, "ਸੁਣ ਮੇਰੇ ਚੇਲੇ, ਮੈਂ ਵੀ ਬਿੱਲਕੁੱਲ ਇਹੀ ਕੰਮ ਕਰ ਰਿਹਾਂ ਹਾਂ। ਮੇਰੇ ਸਾਹਮਣੇ ਸਭ ਤੋਂ ਮਹੱਤਵਪੂਰਨ ਕਾਰਜ, ਜਿੰਦਗੀ ਦੀਆਂ ਦੁੱਖ ਤਕਲੀਫਾਂ ਰਾਹੀਂ ਜਖਮੀ ਹੋਏ ਲੋਕਾਂ ਨੂੰ ਸੰਤਾਵਨਾ ਦੇਣਾ ਹੈ। ਹੋਰ ਸੰਸਾਰਿਕ ਮਸਲੇ ਤਾਂ ਵਿਹਲੇ ਸਮੇਂ ਵਿੱਚ ਵੀ ਸੁਲਝਾਏ ਜਾ ਸਕਦੇ ਹਨ।

ਸੋ ਇਸਤੋਂ ਅਸੀਂ ਇਹ ਸਿੱਟਾ ਕੱਢ ਸਕਦੇ ਹਾਂ ਕਿ ਸਮਾਜ ਵਿੱਚ ਕਿਸੇ ਨਵੇਂ ਧਰਮ ਦਾ ਜਨਮ ਉਸ ਸਮੇਂ ਹੋਇਆ, ਜਦੋਂ ਸਮਾਜ ਵਿੱਚ ਅਨੈਤਿਕਤਾ ਨੂੰ ਬਰਦਾਸ਼ਿਤ ਕਰਨਾ ਮੁਸ਼ਕਿਲ ਹੋ ਗਿਆ ਸੀ। ਬਦਤਰ ਹੋਈ ਸਮਾਜਿਕ ਜਿੰਦਗੀ ਦੀ ਸਥਿਤੀ ਦਾ ਇਲਾਜ ਕਰਨ ਲਈ ਅਤੇ ਮਨੁੱਖੀ ਰਿਸ਼ਤਿਆਂ ਦੀ ਬਿਹਤਰੀ ਲਈ ਜੋ ਕੁੱਝ ਵੀ ਅਨੁਕੂਲ, ਕ੍ਰਿਪਾਮਈ ਅਤੇ ਆਨੰਦਮਈ ਲੱਗਦਾ ਸੀ, ਉਸਨੂੰ ਸਮਾਜ ਉੱਪਰ ਧਾਰਮਿਕ ਨੈਤਿਕਤਾ ਦੇ ਤੌਰ ਤੇ ਥੋਪ ਦਿੱਤਾ ਜਾਂਦਾ ਸੀ ਅਤੇ ਇਸ ਤਰਾਂ ਇਸ ਤਰਾਂ ਇੱਕ ਨਵੇਂ ਧਰਮ ਦੀ ਨਵੀਂ ਆਚਾਰ ਸਹਿੰਤਾ ਜਾਂ ਨੈਤਿਕ ਜਾਬਤੇ ਦਾ ਵਿਕਾਸ ਹੋ ਜਾਂਦਾ ਸੀ। ਲੋਕ ਇਸ ਨਵੇਂ ਧਾਰਮਿਕ ਜਾਬਤੇ ਦਾ ਕਈ ਕਾਰਨਾਂ ਕਰਕੇ ਪਾਲਣ ਕਰਨ ਲੱਗ ਪੈਂਦੇ ਹਨ। ਪਹਿਲਾ ਕਾਰਨ ਧਰਮ ਵਿੱਚ ਆਸਥਾ ਹੈ। ਦੂਜਾ ਕਾਰਨ ਪ੍ਰਮਾਤਮਾ ਦਾ ਡਰ ਹੈ ਜਾਂ ਇਹ ਵਿਸ਼ਵਾਸ਼ ਹੈ ਕਿ ਜੇ ਉਹਨਾਂ ਨੇ ਧਰਮ ਦੇ ਆਦੇਸ਼ਾਂ ਦਾ ਪਾਲਣ ਨਾ ਕੀਤਾ, ਤਾਂ ਪ੍ਰਮਾਤਮਾ ਉਹਨਾਂ ਨੂੰ ਸਜ਼ਾ ਦੇਵੇਗਾ। ਤੀਜਾ ਕਾਰਨ ਪ੍ਰਮਾਤਮਾ ਨਾਲ ਪਿਆਰ ਹੈ ਕਿਉਂਕਿ ਪ੍ਰਮਾਤਮਾ ਨੂੰ ਇੱਕ ਜਨਮ ਹੇਤੂ ਦੇ ਤੌਰ ਤੇ ਮੰਨਿਆ ਜਾਂਦਾ ਹੈ। ਇਸ ਲਈ ਲੋਕਦਿਆਲੂ ਕ੍ਰਿਪਾਲੂ ਪ੍ਰਮਾਤਮਾ ਨੂੰ ਪਿਤਾ ਸਮਾਨ ਮੰਨਦੇ ਹੋਏ, ਇਸ ਤਰਾਂ ਦਾ ਵਿਵਹਾਰ ਕਰਦੇ ਹਨ ਕਿ ਪ੍ਰਮਾਤਮਾ ਖੁਸ਼ ਹੋ ਜਾਵੇ। ਚੌਥਾ ਕਾਰਨ ਹੈ ਕਿ ਬੰਦਾ ਜੀਵਨ ਮਰਨ ਦੇ ਚੱਕਰ ਤੋਂ ਮੁਕਤ ਹੋਕੇ ਅਗਲੀ ਦੁਨੀਆਂ ਵਿੱਚ ਆਨੰਦਮਈ ਹੋਂਦ ਦੀ ਇੱਛਾ ਰੱਖਦਾ ਹੈ। ਪੰਜਵਾਂ ਕਾਰਨ ਲੋਕਾਂ ਦਾ ਇਹ ਵਿਸ਼ਵਾਸ਼ ਹੈ ਕਿ ਜੀਵਨ ਮਰਨ ਦੇ ਨਿਰੰਤਰ ਚੱਕਰ ਤੋਂ ਆਤਮਾ ਦੀ ਮੁਕਤੀ ਕੇਵਲ ਧਾਰਮਿਕ ਨੈਤਿਕਤਾ ਦੇ ਪਥ ਤੇ ਚੱਲਕੇ ਹੀ ਹੋ ਸਕਦੀ ਹੈ। ਧਾਰਮਿਕ ਨੈਤਿਕਤਾ ਦੇ ਪਾਲਣ ਕਰਨ ਦਾ ਕੋਈ ਵੀ ਕਾਰਨ ਹੋਵੇ, ਸਮਾਜ ਵਿੱਚ ਧਰਮ ਅਤੇ ਪਰਮਾਤਮਾ ਦੀ ਭੂਮਿਕਾ ਇੱਕ ਨੈਤਿਕ ਪੁਲਿਸ ਕਰਮੀ ਅਤੇ ਨੈਤਿਕਤਾ ਦੇ ਪਹਿਰੇਦਾਰ ਵਾਲੀ ਰਹੀ ਹੈ। ਪਰੰਤੂ ਹੁਣ ਆਪਾਂ ਵੇਖਦੇ ਹਾਂ ਕਿ ਅਸਲ ਵਿੱਚ ਸਮਾਜ ਵਿੱਚ ਕੀ ਵਾਪਰਿਆ?

ਧਾਰਮਿਕ ਨੈਤਿਕਤਾ ਦਾ ਸੁਵਿਧਾਜਨਕ ਬਦਲ

ਧਰਮ ਨੈਤਿਕਤਾ ਤੇ ਜ਼ੋਰ ਦਿੰਦਾ ਸੀ। ਪਰੰਤੂ ਬਹੁਤ ਜਲਦੀ ਹੀ ਇਹ ਸੁਵਿਧਾ ਦਾ ਮਾਮਲਾ ਬਣਕੇ ਰਹਿ ਗਿਆ। ਰਾਜੇ, ਧਨਾਡਾਂ ਅਤੇ ਪੁਜਾਰੀ ਵਰਗ ਦੀ ਸੁਵਿਧਾ ਅਨੁਸਾਰ ਨੈਤਿਕਤਾ ਵਿੱਚ ਬਦਲਾਵ ਆਉਣ ਲੱਗਾ। ਧਨਾਡ ਅਤੇ ਦਮਨਕਾਰੀ ਹਾਕਮਾਂ ਦਾ ਵਿਰੋਧ ਕਰਨ ਲਈ, ਜੀਸਸ ਕਰਾਈਸਟ ਗਰੀਬ ਅਤੇ ਦੱਬੇ ਕੁਚਲੇ ਲੋਕਾਂ ਦੀ ਹਮਾਇਤ ਤੇ ਆ ਗਿਆ। ਉਸਨੇ ਕਿਹਾ, "ਇੱਕ ਉੱਠ ਸੂਈ ਦੇ ਨੱਕੇ ਵਿੱਚੋਂ ਦੀ ਲੰਘ ਜਾਵੇਗਾ ਪਰੰਤੂ ਇੱਕ ਧਨਾਡ, ਸਵਰਗ ਦੇ ਦਰਵਾਜੇ ਵਿੱਚੋਂ ਨਹੀਂ ਲੰਘ ਸਕੇਗਾ"। ਬਾਅਦ ਵਿੱਚ ਇਸਾਈ ਧਰਮ ਦੀ ਇਹ ਪੁਰਾਣੀ ਤਸਵੀਰ ਪੂਰੀ ਤਰਾਂ ਬਦਲ ਗਈ। ਧਰਤੀ ਉੱਪਰ ਕਰਾਈਸਟ ਦੇ ਏਜੈਂਟ ਜਾਂ ਪ੍ਰਤੀਨਿਧੀ 'ਪੋਪ' ਨੇ ਆਪਣੀ

ਸੁਵਿਧਾ ਅਨੁਸਾਰ ਹਰ ਕਿਸੇ ਨੂੰ ਸਵਰਗ ਦੇ ਗੇਟ ਪਾਸ ਵੇਚਣੇ ਸ਼ੁਰੂ ਕਰ ਦਿੱਤੇ। ਜੋ ਸਵਰਗ ਵਿੱਚ ਦਾਖਲੇ ਦਾ ਗੇਟ ਪਾਸ ਲੈਣ ਲਈ ਜਿਆਦਾ ਧਨ ਦੇ ਸਕਦੇ ਸਨ , ਉਹ ਲਾਇਨ ਟੱਪਕੇ ਅੱਗੇ ਲੰਘ ਸਕਦੇ ਸਨ। ਧਰਮ ਦੇ ਨਾਂ ਤੇ, ਅਧਰਮ ਅਤੇ ਅਨੈਤਿਕਤਾ ਫਲ ਫੁੱਲ ਰਹੇ ਸਨ। ਠੀਕ ਜਾਂ ਗਲਤ ਦਾ ਨਿਰਨਾ ਕਰਨ ਦੇ ਇਸ ਵਿਉਪਾਰ ਵਿੱਚ, ਪੁਜਾਰੀ ਥੋਕ ਦੇ ਵਪਾਰੀ ਬਣ ਬੈਠੇ ਸਨ। ਪੁਜਾਰੀਆਂ ਨੇਨੈਤਿਕਤਾ ਨੂੰ, ਲੁੱਟ ਕਰਨ ਦਾ ਇੱਕ ਸੁਵਿਧਾਜਨਕ ਸਾਧਨ ਬਣਾ ਲਿਆ ਸੀ। ਅਜਿਹੀ ਸਥਿਤੀ ਵਿੱਚ ਇਸਾਈ ਧਰਮ ਦੇ ਪ੍ਰੋਟੈਸਟੈਂਟ ਜਾਂ ਕੱਟੜ ਗੁੱਟ ਨੇ ਇਹ ਸਟੈਂਡ ਲੈ ਲਿਆ ਕਿ ਚਰਚ ਅਤੇ ਪੋਪ ਦੀ ਕੋਈ ਲੋੜ ਹੀ ਨਹੀਂ ਹੈ। ਉਹਨਾਂ ਨੇ ਕਿਹਾ ਕਿ ਅਸੀਂ ਪ੍ਰਮਾਤਮਾ ਨਾਲ ਸਿੱਧਾ ਸੰਪਰਕ ਸਥਾਪਿਤ ਕਰਾਂਗੇ। ਇਹ ਧਾਰਮਿਕ ਆਸਥਾ ਦਾ ਇੱਕ ਵੱਖਰਾ ਰਾਹ ਸੀ। ਧਰਮ ਦੀ ਆੜ ਵਿੱਚ, ਧਰਮ ਅਧਿਕਾਰੀਆਂ ਵੱਲੋਂ ਕੀਤੀ ਜਾ ਰਹੀ ਅਨੈਤਿਕਤਾ ਦੀ ਬਹੁਤ ਆਲੋਚਨਾ ਹੋਈ। ਸਾਡੇ ਦੇਸ਼ ਵਿੱਚ ਵੀ 'ਤਿਰੂਪਤੀ ਦੇ ਬਾਲਾਜੀ' ਦੇ ਨਾਂ ਨਾਲ ਜਾਣਿਆ ਜਾਂਦਾ ਇੱਕ ਸ਼ਕਤੀਸਾਲੀ ਭਗਵਾਨ ਹੈ। ਇਮਾਨਦਾਰ ਅਤੇ ਪ੍ਰਮਾਤਮਾ ਤੋਂ ਡਰਨ ਵਾਲੇ ਵਿਅਕਤੀ ਆਪਣੇ ਦੇਵਤਾ ਦੀ ਸ਼ੋਹਰਤ ਅਤੇ ਪ੍ਰਸਿੱਧੀ ਵਿੱਚ ਵਾਧਾ ਕਰਦੇ ਹਨ। ਪਰੰਤੂ ਭਗਵਾਨ ਬਾਲਾਜੀ ਦੇ ਮੰਦਿਰ ਵਿੱਚ ਅਸੀਂ ਵੇਖਦੇ ਹਾਂ ਕਿ ਉੱਥੇ ਭਗਵਾਨ ਦੇ ਦਰਸ਼ਨ ਕਰਨ ਲਈ, ਆਪਣੀ ਬਾਰੀ ਦਾ ਇੰਤਜਾਰ ਕਰਨ ਲਈ, ਸ਼ਰਧਾਲੂਆਂ ਦੀਆਂ ਦੋ ਅਲੱਗ ਅਲੱਗ ਲਾਇਨਾਂ ਲਗਦੀਆਂ ਹਨ। ਇੱਕ ਲਾਇਨ ਛੋਟੀ ਅਤੇ ਇੱਕ ਬਹੁਤ ਲੰਬੀ ਹੁੰਦੀ ਹੈ। ਸੈਂਕੜੇ ਰੁਪਏ ਦਾਨ ਦੇਕੇ, ਤੁਸੀਂ ਛੋਟੀ ਲਾਇਨ ਵਿੱਚ ਸਥਾਨ ਪ੍ਰਾਪਤ ਕਰ ਸਕਦੇ ਹੋ ਅਤੇ ਇੱਕ ਘੰਟੇ ਤੋਂ ਵੀ ਘੱਟ ਸਮੇਂ ਵਿੱਚ ਤੁਸੀਂ ਭਗਵਾਨ ਬਾਲਾਜੀ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਕਰ ਸਕਦੇ ਹੋ। ਲੰਬੀ ਲਾਇਨ ਵਿੱਚ ਖੜਨ ਦੇ ਦਸ ਰੁਪਏ ਲਗਦੇ ਹਨ। ਪਰੰਤੂ ਇਸ ਲਾਇਨ ਵਿੱਚ ਖੜਕੇ ਭਗਵਾਨ ਬਾਲਾਜੀ ਦੇ ਦਰਸ਼ਨ ਕਰਨ ਲਈ ਤਹਾਨੂੰ ਘੱਟੋ ਘੱਟ 12 ਘੰਟੇ ਦਾ ਸਮਾਂ ਲਗਦਾ ਹੈ। ਬਚਪਨ ਵਿੱਚ ਸਾਨੂੰ ਦੱਸਿਆ ਗਿਆ ਸੀ ਕਿ ਭਗਵਾਨ ਦੇ ਦਰਸ਼ਨ ਕਰਨ ਲਈ ਸੱਚੀ ਅਤੇ ਇਮਾਨਦਾਰ ਸ਼ਰਧਾ ਦੀ ਲੋੜ ਹੁੰਦੀ ਹੈ। ਅਸੀਂ ਇਹ ਕਦੇ ਨਹੀਂ ਸੋਚਿਆ ਸੀ ਕਿ ਕੀਮਤ ਅਦਾ ਕਰਕੇ ਵੀ ਭਗਵਾਨ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋ ਸਕਦਾ ਹੈ, ਜਿਵੇਂ ਕਿ ਬਾਲਾਜੀ ਦੇ ਮੰਦਰ ਵਿੱਚ ਹੁੰਦਾ ਹੈ। ਬਾਲਾਜੀ ਦੇ ਮੰਦਰ ਵਿੱਚ ਤੁਸੀਂ ਜਿਆਦਾ ਰਕਮ ਅਦਾ ਕਰਕੇ, ਭਗਵਾਨ ਦੇ ਦਰਸ਼ਨ ਜਲਦੀ ਕਰ ਸਕਦੇ ਹੋ। ਇਹ ਮੰਦਰ ਦੇ ਦਰਵਾਜੇ ਤੇ, ਧਾਰਮਿਕ ਨੈਤਿਕਤਾ ਦਾ ਸੁਵਿਧਾਜਨਕ ਬਦਲਾਵ ਹੈ।

ਧਾਰਮਿਕ ਨੈਤਿਕਤਾ ਦਾ ਸੁਵਿਧਾਜਨਕ ਬਦਲਾਵ ਸਭ ਧਰਮਾਂ ਵਿੱਚ ਹੁੰਦਾ ਹੈ। ਮਨੁੱਖਤਾ ਦੇ ਭਲੇ ਲਈ ਨਿਰਧਾਰਤ ਨੈਤਿਕ ਕੀਮਤਾਂ ਨੇ ਹੀ ਮਨੁੱਖਤਾ ਨੂੰ ਕੁਚਲਨਾ ਸ਼ੁਰੂ ਕਰ ਦਿੱਤਾ। ਜਦੋਂ ਨੈਤਿਕਤਾ ਦੀ ਇਸ ਵਿਗੜਦੀ ਹੋਈ ਸਥਿਤੀ ਬਾਰੇ ਲੋਕਾਂ ਨੂੰ ਜਾਗ੍ਰਿਤੀ ਹੋਈ, ਤਾਂ ਉਹਨਾਂ ਨੇ ਧਾਰਮਿਕ ਨੈਤਿਕਤਾ ਬਾਰੇ ਸਵਾਲ ਉਠਾਉਣੇ ਸ਼ੁਰੂ ਕਰ ਦਿੱਤੇ। ਪਰੰਤੂ ਜਿੰਨ੍ਹਾਂ ਨੇ ਸਵਾਲ ਉਠਾਉਣ ਦੀ ਹਿੰਮਤ ਕੀਤੀ, ਉਹਨਾਂ ਨੂੰ ਇਸਦੀ ਭਾਰੀ ਕੀਮਤ ਵੀ ਚੁਕਾਉਣੀ ਪਈ। ਮਹਾਤਮਾ ਜਯੋਤੀਬਾ ਫੂਲੇ ਅਤੇ ਉਸਦੀ ਪਤਨੀ ਸਵਿੱਤਰੀਬਾਈ ਨੇ ਸਮਾਜ ਵਿੱਚ ਔਰਤਾਂ ਲਈ ਸਿੱਖਿਆ ਪ੍ਰਾਪਤੀ ਦੇ ਅਧਿਕਾਰ ਲਈ ਸੰਘਰਸ਼ ਕੀਤਾ। ਰੂੜ੍ਹੀਵਾਦੀਆਂ ਨੇ ਉਹਨਾਂ ਦੇ ਇਸ ਸੰਘਰਸ਼ ਦਾ ਵਿਰੋਧ ਕੀਤਾ ਅਤੇ ਉਹਨਾਂ ਉੱਪਰ ਪੱਥਰ ਅਤੇ ਗੋਹਾ ਸੁੱਟੇ। ਇੱਥੋਂ ਤੱਕ ਕੇ ਪੂਨੇ ਦੇ ਅਖਬਾਰਾਂ ਨੇ ਵੀ ਫੂਲੇ ਦੰਪਤੀ ਦੇ ਇਸ ਸੰਘਰਸ਼ ਨੂੰ, ਧਰਮ ਵਿਰੋਧੀ ਗਰਦਾਨ ਦਿੱਤਾ ਅਤੇ ਲਿਖਿਆ ਕਿ ਔਰਤਾਂ ਨੂੰ ਸਿੱਖਿਅਤ ਕਰਨ ਦੀ ਧਰਮ ਵਿੱਚ ਮਨਾਹੀ ਹੈ ਅਤੇ ਔਰਤਾਂ ਦੇ ਪੜ੍ਹਨ ਲਿਖਣ ਨਾਲ ਸਮਾਜ ਵਿੱਚ ਅਰਾਜਕਤਾ ਫੈਲ ਜਾਵੇਗੀ। ਇਹ ਦਲੀਲ ਦਿੱਤੀ ਗਈ ਕਿ "ਜੇਕਰ ਔਰਤਾਂ ਪੜ੍ਹ ਲਿਖ ਗਈਆਂ, ਤਾਂ ਉਹ ਅਸ਼ਿਸ਼ਟ ਜਾਂ ਅਭੱਦਰ ਸਾਹਿਤ ਪੜ੍ਹਨਗੀਆਂ ਅਤੇ ਆਪਣੇ ਪਤੀਆਂ ਨੂੰ ਸ਼ਰਾਰਤ ਭਰਪੂਰ ਪੱਤਰ ਲਿਖਣਗੀਆਂ"। ਅੱਜ ਆਪਾਂ ਨੂੰ ਅਜਿਹੀ ਗੱਲ ਸੋਚਕੇ ਹੀ ਹਾਸਾ ਆਉਂਦਾ ਹੈ। ਪਰੰਤੂ ਉਸ ਸਮੇਂ ਲੋਕਾਂ ਨੇ ਇਸ ਦਲੀਲ ਨੂੰ ਬਹੁਤ ਗੰਭੀਰਤਾ ਨਾਲ ਲਿਆ।ਜਯੋਤੀਬਾ ਫੂਲੇ ਦਾ ਪਿਤਾ ਵੀ ਇਸ ਤਰਕ ਨਾਲ ਸਹਿਮਤ ਸੀ ਅਤੇ ਉਸਨੇ ਆਪਣੇ ਪੁੱਤਰ ਨੂੰ, ਔਰਤਾਂ ਨੂੰ ਸਿੱਖਅਤ ਕਰਨ ਸਬੰਧੀ ਆਪਣਾ ਸੰਗਰਸ਼ ਰੋਕਣ ਦਾ ਹੁਕਮ ਦਿੱਤਾ। ਜਯੋਤੀਬਾ ਨੇ ਆਪਣੇ ਪਿਤਾ ਦੇ ਹੁਕਮ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਅਤੇ ਇਸ ਲਈ ਉਸਨੂੰ ਆਪਣਾ ਘਰ ਛੱਡਣਾ ਪਿਆ। ਅੱਜ ਜੇ ਔਰਤ ਆਤਮ ਸਨਮਾਨ ਨਾਲ, ਸਿੱਖਿਆ ਪ੍ਰਾਪਤ ਕਰਨ ਲਈ ਸਕੂਲਾਂ ਅਤੇ ਉੱਚ ਸਿੱਖਿਆ ਸੰਸਥਾਨਾਂ ਵਿੱਚ ਜਾ ਸਕਦੀ ਹੈ, ਤਾਂ ਇਸਦਾ ਸਿਹਰਾ 150 ਸਾਲ ਪਹਿਲਾਂ ਜਯੋਤੀਬਾ ਫੂਲੇ ਵੱਲੋਂ, ਔਰਤਾਂ ਨੂੰ ਸਿੱਖਿਅਤ ਨਾ ਕਰਨ ਦੀ ਤਰੁੱਟੀਪੂਰਨ ਧਾਰਮਿਕ ਨੈਤਿਕਤਾ ਵਿਰੁੱਧ ਕੀਤੀ ਬਗਾਵਤ ਨੂੰ ਜਾਂਦਾ ਹੈ। ਸੋ ਅਸੀਂ ਵੇਖਦੇ ਹਾਂ ਕਿ ਜੋ ਧਾਰਮਿਕ ਨੈਤਿਕਤਾ ਲੋਕਾਂ ਨੂੰ ਦਵਾਉਂਦੀ ਕੁਚਲਦੀ ਹੈ, ਸਮਾਜ ਉਸਨੂੰ ਠੁਕਰਾ ਦਿੰਦਾ ਹੈ। ਇਸੇ ਤਰਾਂ ਬਾਬਾਸਾਹੇਬ ਅੰਬੇਦਕਰ ਵੀ ਸਮਾਜ ਵਿੱਚ ਛੂਆ ਛੂਤ ਵਾਲੀ ਜਾਤੀਵਾਦੀ ਧਾਰਮਿਕ ਨੈਤਿਕਤਾ ਤੋਂ ਕਾਫ਼ੀ ਨਿਰਾਸ਼ ਸਨ।ਉਹ ਪੁੱਛਦੇ ਹਨ "ਧਾਰਮਿਕ ਨੈਤਿਕਤਾ ਵਾਲੇ ਇਹ ਲੋਕ, ਮੈਨੂੰ ਅਤੇ ਮੇਰੀ ਜਾਤੀ ਦੇ ਲੋਕਾਂ ਨੂੰ ਪੀਣ ਲਈ ਪਾਣੀ ਦੇਣ ਤੋਂ ਇਨਕਾਰੀ ਹਨ ਅਤੇ ਉਸ ਦੇ ਹੀ ਅਧੀਨ ਕੰਮ ਕਰਦੇ ਉਚ ਜਾਤੀ ਦੇ ਕਰਮਚਾਰੀ, ਫਾਇਲਾਂ ਉਸ ਦੇ ਹੱਥ ਵਿੱਚ ਨਹੀਂ ਫੜਾਉਂਦੇ ਸਗੋਂ ਦੂਰੋਂ ਹੀ ਸੁੱਟ ਦਿੰਦੇ ਹਨ, ਤਾਂ ਜੋ ਉਹਨਾਂ ਦਾ ਹੱਥ ਮੇਰੇ ਨਾਲ ਛੂ ਨਾ ਜਾਵੇ। ਕੀ ਉਹ ਮੂਰਖ ਹਨ ਜਾਂ ਸ਼ੈਤਾਨ ਹਨ" ? ਫਿਰ ਉਹ ਆਪਣੇ ਪ੍ਰਸ਼ਨ ਦਾ ਖ਼ੁਦ ਹੀ ਉੱਤਰ ਦਿੰਦੇ ਹੋਏ ਕਹਿੰਦੇ ਹਨ ਕਿ ਇਹਨਾਂ ਵਿਅਕਤੀਆਂ ਦੇ ਇਸ ਤਰਾਂ ਦਾ ਵਿਵਹਾਰ ਕਰਨ ਸਬੰਧੀ ਉਹਨਾਂ ਦਾ ਕੋਈ ਦੋਸ਼ ਨਹੀਂ ਹੈ, ਦੋਸ਼ ਉਹਨਾਂ ਦੇ ਧਰਮ ਦਾ ਹੈ ਜੋ ਲੋਕਾਂ ਨੂੰ ਇਸ ਤਰਾਂ ਦਾ ਵਿਵਹਾਰ ਕਰਨ ਲਈ ਆਦੇਸ਼ ਦਿੰਦਾ ਹੈ।

ਜਦੋਂ ਧਾਰਮਿਕ ਆਦੇਸ਼, ਅਨੈਤਿਕਤਾ ਦਾ ਸਮਰਥਨ ਕਰਦੇ ਹੋਣ, ਤਾਂ ਧਰਮ ਆਪਣੀਆਂ ਪਰੰਪਰਿਕ ਕਦਰਾਂ ਕੀਮਤਾਂ ਦੀ ਸੁਦ੍ਰਿੜਤਾ ਅਤੇ ਸਨਮਾਨ ਗੁਆ ਲੈਂਦਾ ਹੈ। ਕਿਸੇ ਔਰਤ ਦੀ ਆਪਣੇ ਪਤੀ ਪ੍ਰਤੀ ਵਫਾਦਾਰੀ ਦੀ ਨੈਤਿਕਤਾ ਦੀ ਉਦਾਹਰਨ ਲੈਂਦੇ ਹਾਂ। ਜਦੋਂ ਸਮਾਜਿਕ ਨੈਤਿਕਤਾ ਇਹ ਉਮੀਦ ਰੱਖਦੀ ਹੈ ਕਿ ਕਿਸੇ ਔਰਤ ਨੂੰ ਸਾਰੀ ਉਮਰ ਆਪਣੇ ਪਤੀ ਪ੍ਰਤੀ ਵਫਾਦਾਰ ਰਹਿਣਾ ਚਾਹੀਦਾ ਹੈ, ਭਾਵੇਂ ਕਿ ਉਸਦਾ ਪਤੀ ਉਸ ਪ੍ਰਤੀ ਵਿਸ਼ਵਾਸ਼ਘਾਤੀ ਅਤੇ ਅਨਿਆਂਪੂਰਵਕ ਹੀ ਕਿਉਂ ਨਾ ਹੋਵੇ, ਤਾਂ ਅਜਿਹੀ ਨੈਤਿਕਤਾ ਆਪਣਾ ਮਹੱਤਵ ਗੁਆ ਲੈਂਦੀ ਹੈਅਤੇ ਮਹਿਜ ਇੱਕ ਰਸਮ ਬਣਕੇ ਰਹਿ ਜਾਂਦੀ ਹੈ। ਅੱਜ ਦੀ ਔਰਤ ਗੌਰਵ ਅਤੇ ਆਤਮ ਸਨਮਾਨ ਰੱਖਦੀ ਹੈ। ਉਹ ਇਸ ਰਸਮ ਨੂੰ ਇੱਕ ਧਾਰਮਿਕ ਨੈਤਿਕਤਾ ਮੰਨਣ ਤੋਂ ਇਨਕਾਰੀ ਹੈ। ਆਪਣੇ ਪਤੀ ਪ੍ਰਤੀ ਵਫ਼ਾਦਾਰੀ ਅਤੇ ਇੱਕਜੁੱਟਤਾ ਦੀ ਜੋ ਉਮੀਦ ਉਸ ਕੋਲੋਂ ਰੱਖੀ ਜਾਂਦੀ ਹੈ, ਉਹੀ ਉਮੀਦ ਉਹ ਆਪਣੇ ਪ੍ਰਤੀ ਆਪਣੇ ਪਤੀ ਤੋਂ ਵੀ ਰੱਖਦੀ ਹੈ। ਨੈਤਿਕਤਾਵਾਂ ਦੇ ਸਿਰਫ਼ ਰਸਮ ਬਣ ਕੇ ਰਹਿ ਜਾਣ ਦੀਆਂ ਕੁੱਝ ਹੋਰ ਉਦਾਹਰਨਾਂ ਵੀ ਹਨ। ਆਪਣੀ ਆਤਮ ਪੂਰਤੀ ਲਈ ਦਾਨ ਪੁੰਨ ਕਰਨਾ ਅਤੇ ਪਰਉਪਕਾਰ ਦੇ ਕੰਮ ਕਰਨਾ ਇੱਕ ਪਰੰਪਰਾ ਹੈ। ਪਰੰਤੂ ਅੱਜ ਕੱਲ੍ਹ ਕੋਈ ਕਿਰਤੀ ਕਾਮਾ ਮੁਫ਼ਤ ਵਿੱਚ ਪਰਉਪਕਾਰ ਦਾ ਕੰਮ ਕਰਨ ਨਾਲ ਸੰਤੁਸ਼ਟ ਨਹੀਂ ਹੁੰਦਾ। ਉਹ ਚਾਹੁੰਦਾ ਹੈ ਕਿ ਉਸਨੂੰ ਉਸ ਦੁਆਰਾ ਕੀਤੇ ਪਰਉਪਕਾਰ ਦੇ ਕੰਮ ਦਾ ਵੀ ਥੋੜਾ ਬਹੁਤ ਮਿਹਨਤਾਨਾ ਮਿਲੇ। ਸਿਰਫ਼ ਇਸੇ ਤਰਾਂ ਹੀ ਇੱਕ ਇਨਸਾਫਪਸੰਦ ਸਮਾਜ ਦੀ ਉਸਾਰੀ ਹੋ ਸਕਦੀ ਹੈ। ਇਹ ਇੱਕ ਪੁਰਾਣੀ ਪਰੰਪਰਾ ਹੈ ਕਿ ਮਾਂ ਬਾਪ ਦੁਆਰਾ ਕਹੀ ਕੋਈ ਵੀ ਗੱਲ ਅੰਤਮ ਸੱਚ ਹੁੰਦੀ ਹੈ ਅਤੇ ਸਾਡੇ ਲਈ ਉਸਨੂੰ ਮੰਨਣਾ ਬਹੁਤ ਜਰੂਰੀ ਹੁੰਦਾ ਹੈ।ਜਦੋਂ ਮਾਂ ਬਾਪ ਅੰਤਰਜਾਤੀ ਵਿਆਹ ਨੂੰ ਸਵਿਕਾਰ ਕਰਨ ਤੋਂ ਇਨਕਾਰ ਕਰਦੇ ਹਨ, ਤਾਂ ਮਾਂ ਬਾਪ ਦੀ ਇਸ ਤਰੁੱਟੀਪੂਰਨ ਅਤੇ ਹਾਨੀਕਾਰਕ ਸਮਝ ਦਾ ਮਜਬੂਤ ਇਰਾਦੇ ਅਤੇ ਦ੍ਰਿੜ ਸੰਕਲਪ ਨਾਲ ਵਿਰੋਧ ਕਰਨਾ ਚਾਹੀਦਾ ਹੈ। ਜਾਤੀ ਅਤੇ ਪ੍ਰਤਿਸ਼ਠਾ ਦੇ ਆਧਾਰ ਤੇ, ਅੰਤਰਜਾਤੀ ਵਿਆਹ ਦਾ ਵਿਰੋਧ ਕਰਨ ਦੀ ਧਾਰਨਾ, ਆਪਣੇ ਆਪ ਵਿੱਚ ਅਨੈਤਿਕ ਹੈ। ਮੇਰੇ ਵਿਚਾਰ ਅਨੁਸਾਰ ਅੰਤਰਜਾਤੀ ਵਿਆਹ, ਮੌਜੂਦਾ ਸਮੇਂ ਦੀ ਇੱਕ ਨੈਤਿਕ ਜਰੂਰਤ ਹੈ। (ਚਲਦਾ)

# ਅਖੇ ਜੀ ਕੱਪੜੇ ਨੀ ਚੱਜ ਦੇ ਪਾਉਂਦੀਆਂ ਬਲਾਤਕਾਰ ਤਾਂ ਹੋਣੇ ਹੀ ਆ

ਅਜਿਹੇ ਵਾਕ ਪੰਡਤ, ਭਾਈ, ਕਾਜੀ ਅਕਸਰ ਆਪਣੇ ਪ੍ਰਚਾਰ ਵਿੱਚ ਕਰਦੇ ਨੇ, ਇਹਨਾਂ ਦੇ ਪ੍ਰਭਾਵ ਵਿੱਚ ਆ ਕੁੱਝ ਭਗਤ ਇਹੀ ਕੁੱਝ ਬੜੇ ਤੱਤੇ ਸ਼ਬਦਾਂ ਵਿੱਚ ਕਹਿ ਆਪਣੇ ਲਾਈਲੱਗ ਹੋਣ ਦਾ ਸਬੂਤ ਦਿੰਦੇ ਨੇ। ਪਹਿਰਾਵੇ ਦੇ ਇਹ ਪੈਮਾਨੇ ਔਰਤਾਂ 'ਤੇ ਵੱਧ ਸਖ਼ਤੀ ਤੇ ਤਬੀਰਤਾ ਨਾਲ ਲਾਗੂ ਕਰਨ ਦੀ ਕਾਹਲ ਇਹਨਾਂ ਦੀ ਔਰਤ ਵਿਰੋਧੀ ਮਾਨਸਿਕਤਾ ਦੇ ਖੁੱਲ੍ਹੇ-ਡੁਲ੍ਹੇ ਦਰਸ਼ਨ-ਦੀਦਾਰੇ ਕਰਵਾਉਂਦੀ ਹੈ।

ਹਿੰਦੂ ਕੱਟੜਪੰਥੀ ਤੇ ਅੰਧਵਿਸ਼ਵਾਸੀ ਲਾਣਾ ਕੁੜੀਆਂ ਦੇ ਪੱਛਮੀ ਪਹਿਰਾਵੇ ਨੂੰ ਬਲਾਤਕਾਰ ਦਾ ਕਾਰਨ ਮੰਨਦਾ ਹੈ, ਅੱਜਕੱਲ ਦੀਆਂ ਕਈ ਸਾਧਵੀਆਂ ਤਾਂ ਆਪਣੇ ਕੋਲ ਤਰਸ਼ੂਲ ਰੱਖਣ ਦੀਆਂ ਸਲਾਹਾਂ ਦਿੰਦੀਆਂ ਜੀਨ ਟੀ ਸ਼ਰਟ ਦਾ ਸਖ਼ਤ ਵਿਰੋਧ ਕਰਦੀਆਂ ਨੇ। ਮੁਸਲਿਮ ਮੁੰਡਿਆਂ ਤੋਂ ਸੁਚੇਤ ਇਸ ਤਰ੍ਹਾਂ ਕਰਦੀਆਂ ਜਿਵੇਂ ਇਹ ਇਨਸਾਨ ਨਾ ਜਾਨਵਰ ਹੋਣ। ਹਿੰਦੂ ਸਾਧ ਲਾਣਾ ਕੁੜੀਆਂ ਦੇ ਘੁੰਮਣ-ਫਿਰਨ, ਪਹਿਨਣ ਦੀ ਸੈਂਸਰਸ਼ਿਪ ਨਿਰਧਾਰਤ ਕਰਦਾ ਹੈ ਤੇ ਇਸ ਤੋਂ ਬਾਹਰ ਹੋਣ ਵਾਲੀਆਂ ਔਰਤਾਂ ਨੂੰ ਬਲਾਤਕਾਰ ਲਈ ਉਕਸਾਉਣ ਦੀਆਂ ਜ਼ੁੰਮੇਵਾਰ ਮੰਨਦਾ ਹੈ।

ਮੁਸਲਿਮ ਕੱਟੜਪੰਥੀ ਅੰਧਵਿਸ਼ਵਾਸੀ ਲਾਣਾ ਮੰਨਦਾ ਹੈ ਕਿ ਔਰਤਾਂ ਦੀ ਛਾਤੀ ਤੇ ਚਿਹਰਾ ਮਰਦ ਨੂੰ ਅਕਰਸ਼ਿਤ ਕਰਦਾ ਹੈ, ਇਸ ਲਈ ਬੁਰਕਾ ਪਾ ਪਰਦੇ ਵਿੱਚ ਰਹਿਣ ਦਾ ਫ਼ਤਵਾ ਦਿੰਦਾ ਹੈ। ਇਹਨਾਂ ਲਈ ਉਹ ਔਰਤਾਂ ਜੋ ਬੁਰਕਾ ਨਹੀਂ ਪਾਉਂਦੀਆਂ ਬਲਾਤਕਾਰ ਲਈ ਜ਼ੁੰਮੇਵਾਰ ਹਨ।

ਸਿੱਖ ਕੱਟੜਪੰਥੀ ਤੇ ਅੰਧਵਿਸ਼ਵਾਸੀ ਲਾਣਾ ਇਹਨਾਂ ਤੋਂ ਪਿੱਛੇ ਨਹੀਂ ਕੇਸਕੀ ਵਾਲਿਆਂ ਔਰਤਾਂ ਤੋਂ ਬਿਨਾਂ ਬਾਕੀ ਜੋ ਮੇਕਅੱਪ ਜਾਂ ਥਰੈਡਿੰਗ ਵਗੈਰਾ ਕਰਵਾਉਂਦੀਆਂ ਹਨ ਉਨ੍ਹਾਂ ਨੂੰ ਸੈਂਸਰਸ਼ਿਪ ਤੋਂ ਬੇਮੁਖ ਸਮਝਦਾ ਤੇ ਇਹਨਾਂ ਔਰਤ ਨੂੰ ਬਲਾਤਕਾਰ ਲਈ ਉਕਸਾਉਣ ਦੀਆਂ ਦੋਸ਼ੀ ਮੰਨਦਾ ਹੈ।

ਇਹ ਸਾਰੇ ਤਰ੍ਹਾਂ ਦੇ ਕੱਟੜਪੰਥੀ ਆਪਣੇ-ਆਪਣੇ ਡਰੈਸ ਕੋਡ ਨੂੰ "ਬਲਾਤਕਾਰ ਰੋਧਕ" ਪੇਸ਼ ਕਰਦੇ ਹਨ। ਪਰ ਦੇਖੀਏ ਤਾਂ ਸੁਆਲ ਬਣਦਾ ਹੈ ਇਹਨਾਂ ਲਈ ਦੂਜੇ ਫ਼ਿਰਕੇ ਦਾ ਡਰੈਸ ਕੋਡ ਉਹ ਕੰਮ ਨਹੀਂ ਕਰਦਾ ਜਿਵੇਂ ਕਿ ਮੁਸਲਮਾਨ ਲਈ ਬੁਰਕਾ ਰਹਿਤ ਹਿੰਦੂ, ਸਿੱਖ ਕੁੜੀ ਤਾਂ ਫ਼ਿਰ ਗਲਤ ਹੀ ਹੋਈ!!!

ਸੁਆਲ ਹੈ-

ਆਪਣੇ-ਆਪਣੇ ਡਰੈਸ ਕੋਡ ਔਰਤਾਂ ਉੱਪਰ ਲੱਦਕੇ ਆਪਣੀ ਮਾਨਸਿਕ ਕਮਜ਼ੋਰੀ ਦਾ ਇਜ਼ਹਾਰ ਤਾਂ ਨਹੀਂ ਕਰ ਰਹੇ ਕਿਤੇ ਇਹ ਲੋਕ?

ਪਿਛਲੇ ਦਿਨੀਂ ਇੱਕ ਧਾਰਮਿਕ ਸਥਾਨ 'ਤੇ ਲੱਗੇ ਬੋਰਡ ਦੀ ਫੇਸਬੁੱਕ 'ਤੇ ਫੋਟੋ ਘੁੰਮ ਰਹੀ ਸੀ, ਜਿਸ ਦਾ ਮਤਲਬ ਇਹ ਸੀ ਕਿ ਔਰਤਾਂ ਦੇ ਵਿਸ਼ੇਸ਼ ਕੱਪੜੇ ਭੜਕਾ ਸਕਦੇ ਹਨ, ਔਰਤਾਂ ਭੜਕਾਉ (ਅਲੱਗ-ਅਲੱਗ ਪਰਿਭਾਸ਼ਾ ਇਹਨਾਂ ਦੀ) ਕੱਪੜੇ ਪਾ ਕੇ ਨਾ ਆਉਣ ।

ਦਾਸ ਦੀ ਇੱਕ ਕਾਜ਼ੀ ਨਾਲ ਬੁਰਕੇ 'ਤੇ ਗੱਲਬਾਤ ਹੋਈ, ਵਧੀਆ ਚਰਚਾ ਹੋਈ। ਗੱਲਬਾਤ ਚੱਲਦੀ ਰਹੀ ਕਿ ਯੂਰਪੀ ਮੁਲਕਾਂ ਵਿੱਚ ਤਾਂ ਬੁਰਕਾ ਵਾਲੀਆਂ ਔਰਤਾਂ ਬਹੁਤ ਘੱਟ ਨੇ ਤੇ ਬਲਾਤਕਾਰ ਵੀ ਘੱਟ ਹੁੰਦੇ ਨੇ। ਕੀ ਕਾਰਨ ਹੈ? ਕਾਜ਼ੀ ਨੇ ਕਿਹਾ ਉਹਨਾਂ ਦੀ ਸੋਚ ਵਧੀਆ ਹੈ।

ਦਾਸ ਨੇ ਕਿਹਾ ਕਿ "ਆਪਾਂ ਸੋਚ ਵਧੀਆ ਬਣਾਈਏ ਜਾਂ ਔਰਤਾਂ 'ਤੇ ਕੱਪੜੇ ਵਧਾਈਏ।"

ਕਾਜ਼ੀ ਦਾ ਕੋਈ ਪ੍ਰਤੀਕਰਮ ਨਹੀਂ ਸੀ ਇਸ 'ਤੇ। ਸੋ ਆਪਣੀ ਸੌੜੀ ਸੋਚ ਦਾ ਪ੍ਰਗਟਾਵਾ ਹੀ ਕਰਦੇ ਹਨ ਇਹ ਇਸ ਤਰ੍ਹਾਂ ਕਿਸੇ ਦੇ ਨਿੱਜ ਵਿੱਚ ਦਖਲ ਦੇ, ਪਰ ਇਹ ਕੋਈ ਅਸਮਾਨੋਂ ਨਹੀਂ ਹੁੰਦਾ ਇਹ ਸਾਡੇ ਸਮਾਜ ਦੀ ਹੀ ਪੈਦਾਇਸ਼ ਹੈ। ਇਸਨੂੰ ਬਦਲਣ ਲਈ ਦੁਨੀਆਂਦਾਰੀ, ਹੋਰ ਗਿਆਨ, ਵਿਗਿਆਨ ਰੁਚੀਆਂ ਦਾ ਹੋਣਾ ਜ਼ਰੂਰੀ ਹੈ।

- ਵਰਿੰਦਰ ਦੀਵਾਨਾ

## ਭਾਰਤ ਦੇ ਅਮੀਰ

ਭਾਰਤ ਸਰਕਾਰ ਦੇ ਕੇਂਦਰੀ ਰਿਜਰਵ ਬੈਂਕ ਕੋਲ ਕੁਲ ਪੂੰਜੀ 92 ਲੱਖ ਖਰਬ ਰੁਪਏ ਹੈ ਜਦਕਿ ਦੇਸ਼ ਦੇ ਸਭ ਅਮੀਰ 15 ਬੰਦਿਆਂ ਦੀ ਜਾਇਦਾਦ 96 ਲੱਖ ਖਰਬ ਰੁਪਏ ਹੈ!

ਦੇਸ਼ ਦੇ ਸਭ ਤੋ ਅਮੀਰ ਅਮੀਰ ਉਦਯੋਗਪਤੀ ਅੰਬਾਨੀ ਦੀ ਜਾਇਦਾਦ ਦੇਸ਼ ਦੇ ਸਭ ਤੋ ਛੋਟੇ ਅੱਠ ਰਾਜਾਂ ਦੇ ਬਰਾਬਰ ਦੀ ਹੈ! ਉਹਨਾ ਰਾਜਾਂ ਚੋ ਸਭ ਤੋ ਛੋਟਾ ਰਾਜ ਜਿਸ ਨੂੰ ਪੂਰਨ ਰਾਜ ਦਾ ਦਰਜਾ ਵੀ ਹਾਸਿਲ ਨਹੀ ਜੇਕਰ ਉਸਦਾ ਮੁਖ ਮੰਤਰੀ ਕਹੇ ਕਿ ਮੈਂ ਰਿਲਾਇੰਸ ਨੂੰ ਸਬਕ ਸਿਖਾ ਦੇਊਂ ਤਾਂ ਕੀ ਤਹਾਨੂੰ ਲੱਗਦਾ ਹੈ ਕਿ ਇਹ ਸੰਭਵ ਹੈ?

ਜਿੰਨਾ ਬਜਟ ਸਾਡੇ ਦੇਸ਼ ਦਾ ਹੁੰਦਾ ਹੈ ਉਸ ਤੋ ਕਈ ਗੁਣਾ ਜਿਆਦਾ ਪੈਸਾ ਇਹਨਾ ਕੰਪਨੀਆ ਨੇ ਵਿਦੇਸ਼ਾਂ 'ਚ ਨਿਵੇਸ਼ ਕੀਤਾ ਹੋਇਆ ਹੈ, ਜਾਂ ਕਹਿ ਸਕਦੇ ਹੋ ਵਿਦੇਸ਼ੀ ਅਰਥਵਿਵਸਥਾ ਇਹਨਾਂ ਕੰਪਨੀਆਂ ਦੇ ਪੈਸੇ ਤੇ ਚਲਦੀ ਹੈ!

ਜੇ ਕੋਈ ਸਰਕਾਰਾਂ ਦੇਸ਼ ਦੇ ਇੰਨ੍ਹਾ ਸ਼ਾਹੂਕਾਰਾਂ ਨੂੰ ਅੱਖ ਦਿਖਾਊ ਤਾਂ ਵਿਦੇਸ਼ਾਂ ਚੋਂ ਆਪਣਾ ਨਿਵੇਸ਼ ਵਾਪਸ ਲੈਣ ਦੀ ਧਮਕੀ ਦੇਣਗੇ ਜਿਸ ਕਾਰਨ ਉਥੋਂ ਦੀ ਅਰਥਵਿਵਸਥਾਂ ਕੰਗਾਲ ਹੋ ਜਾਊ, ਮਜ਼ਬੂਰਨ ਉਹਨਾਂ ਦੇਸ਼ਾ ਨੂੰ ਭਾਰਤ ਸਰਕਾਰ ਤੇ ਦਬਾਅ ਪਾਉਣਾ ਪਊ ਤੇ ਅੰਤਰਰਾਸ਼ਟਰੀ ਪਰੈਸ਼ਰ ਦੇ ਕਾਰਨ ਦੇਸ਼ ਦੀ ਸਰਕਾਰ ਨੂੰ ਸਰਮਾਏਦਾਰਾਂ ਅੱਗੇ ਗੋਡੇ ਟੇਕਣੇ ਪੈਣਗੇ!

ਫੜਾਂ ਮਾਰਨ ਵਾਲੇ ਇਹ ਰਾਜ ਨੇਤਾ ਕੰਪਨੀਆਂ ਦੇ ਦਲਾਲਾਂ ਤੋ ਵੱਧ ਕੁਝ ਨਹੀ ਹਨ, ਨਾ ਕੋਈ ਹੈਸੀਅਤ ਹੈ ਤੇ ਨਾਂ ਕੋਈ ਪਾਵਰ, ਇਹ ਦੁਸ਼ਮਣ ਨਹੀਂ, ਤੁਹਾਡੇ ਦੁਸ਼ਮਣ ਤਾਂ ਉਹ ਹਨ ਜਿੰਨਾਂ ਨੇ ਇਹਨਾ ਨੇਤਾਵਾ ਨੂੰ ਤਨਖਾਹਾ ਤੇ ਰੱਖਿਆ ਹੋਇਆ ਹੈ, ਨਾ ਇਹ ਨੇਤਾ ਤਹਾਨੂੰ ਕੁਝ ਦਿਲਵਾ ਸਕਦੇ ਹਨ ਤੇ ਨਾਂ ਹੀ ਦੇ ਸਕਦੇ ਹਨ!

## ਮੁਜਾਹਰੇ ਤੇ ਰੈਲੀਆਂ

ਲੋਕ ਕਹਿੰਦੇ ਹਨ ਕਿ ਧਰਨੇ ਮੁਜ਼ਾਹਰੇ ਅਤੇ ਰੈਲੀਆਂ ਕੱਢਣ ਨਾਲ ਕੀ ਹੁੰਦਾ ਹੈ...? ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਅਸੀਂ ਜਿਊਂਦੇ ਹਾਂ, ਅਟੱਲ ਹਾਂ ਅਤੇ ਮੈਦਾਨ ਵਿੱਚੋਂ ਹਟੇ ਨਹੀਂ। ਅਸੀਂ ਆਪਣੀ ਹਾਰ ਨਾ ਮੰਨਣ ਵਾਲ਼ੀ ਅਣਖ ਦਾ ਸਬੂਤ ਦੇਣਾ ਚਾਹੁੰਦੇ ਹਾਂ।

ਅਸੀਂ ਇਹ ਦਿਖਾਉਣਾ ਹੈ ਕਿ ਅਸੀਂ ਗੋਲ਼ੀਆਂ ਅਤੇ ਜ਼ੁਲਮਾਂ ਤੋਂ ਡਰ ਕੇ ਆਪਣੇ ਉਦੇਸ਼ ਤੋਂ ਭੱਜਣ ਵਾਲ਼ੇ ਨਹੀਂ ਅਤੇ ਅਸੀਂ ਉਸ ਢਾਂਚੇ ਦਾ ਅੰਤ ਕਰਕੇ ਰਹਾਂਗੇ ਜੋ ਸਵਾਰਥੀਪੁਣੇ ਅਤੇ ਖ਼ੂਨ ਦੀ ਬੁਨਿਆਦ 'ਤੇ ਟਿਕਿਆ ਹੋਇਆ ਹੈ।

- ਮੁਨਸ਼ੀ ਪ੍ਰੇਮਚੰਦ